

ਅਲੇਕਸਾਂਦਰ
ਰਸਕਿਨ

ਜਦੋਂ ਡੈਡੀ ਛੋਟਾ ਹੁੰਦਾ ਸੀ

Rs 7 5

ਅਲੇਕਸਾਂਦਰ ਰਸਕਿਨ

ਜਦੋਂ ਡੈਡੀ ਛੋਟਾ ਹੁੰਦਾ ਸੀ

ਰਾਦੂਗਾ ਪ੍ਰਕਾਸ਼ਨ
ਮਾਸਕੋ

ਪੰਜਾਬ ਬੁਕ ਸੈਂਟਰ
ਐਸ. ਸੀ. ਓ. 1126-27, ਸੈਕਟਰ 22-ਬੀ,
ਚੰਡੀਗੜ੍ਹ।

ਅਨੁਵਾਦਕ : ਕਰਨਜੀਤ ਸਿੰਘ
ਚਿਤਰਕਾਰ : ਲਿਓ ਤੋਕਮਾਕੋਵ

А. Раскин
КАК ПАПА БЫЛ МАЛЕНЬКИМ
На языке панджаби

Alexander Raskin
WHEN DADDY WAS A LITTLE BOY
In Punjabi

© ਪੰਜਾਬੀ ਅਨੁਵਾਦ, ਰਾਦੂਗਾ ਪ੍ਰਕਾਸ਼ਨ, 1987
ਸੋਵੀਅਤ ਯੂਨੀਅਨ ਵਿਚ ਛਪਿਆ।

ISBN 5-05-001361-5

ਤਤਕਰਾ

ਪੰਨਾ
ਲੇਖਕ ਵਲੋਂ 7

ਜਦੋਂ ਡੈਡੀ ਛੋਟਾ ਹੁੰਦਾ ਸੀ

ਡੈਡੀ ਨੇ ਗੇਂਦ ਕਿਵੇਂ ਕਾਰ ਹੇਠ ਸੁੱਟਿਆ 10
ਡੈਡੀ ਨੇ ਕੁੱਤਾ ਕਿਵੇਂ ਸਿਧਾਇਆ 14
ਡੈਡੀ ਨੇ ਕਵਿਤਾ ਕਿਵੇਂ ਲਿਖੀ 18
ਡੈਡੀ ਨੇ ਪ੍ਰੋਫ਼ੈਸਰ ਨੂੰ ਦੰਦੀ ਕਿਵੇਂ ਵੱਢੀ 22
ਡੈਡੀ ਨੇ ਕਿੱਤਾ ਕਿਵੇਂ ਚੁਣਿਆ 26
ਡੈਡੀ ਨੇ ਸੰਗੀਤ ਕਿਵੇਂ ਸਿਖਿਆ 30
ਡੈਡੀ ਨੇ ਰੋਟੀ ਕਿਵੇਂ ਵਗਾਹ ਮਾਰੀ 34
ਡੈਡੀ ਕਿਵੇਂ ਰੁੱਸਦਾ ਸੀ 37
ਡੈਡੀ ਨੇ ਗ਼ਲਤੀ ਕਿਵੇਂ ਕੀਤੀ 41
ਡੈਡੀ ਨੇ ਲਿਖਣਾ ਕਿਵੇਂ ਸਿਖਿਆ 44
ਡੈਡੀ ਚਾਚਾ ਵੀਤੀਆ ਨੂੰ ਕਿਵੇਂ ਛੱਡ ਆਇਆ 47
ਡੈਡੀ ਨੇ ਕੁੜੀ ਨਾਲ ਦੋਸਤੀ ਕਿਵੇਂ ਪਾਈ 50
ਡੈਡੀ ਨੇ ਜ਼ੋਰ ਕਿਵੇਂ ਅਜ਼ਮਾਇਆ 53
ਡੈਡੀ ਸਕੂਲ ਕਿਵੇਂ ਗਿਆ 57

ਜਦੋਂ ਡੈਡੀ ਸਕੂਲ ਪੜ੍ਹਦਾ ਸੀ

ਡੈਡੀ ਨੂੰ ਦੇਰ ਕਿਵੇਂ ਹੋ ਜਾਂਦੀ 60
ਡੈਡੀ ਸਿਨਮਾ ਕਿਵੇਂ ਗਿਆ 65
ਡੈਡੀ ਨੂੰ ਕੁੜੀਆਂ ਕਿਵੇਂ ਛੇੜਦੀਆਂ ਸਨ 69
ਡੈਡੀ ਸ਼ੇਰ ਦੇ ਸ਼ਿਕਾਰ ਨੂੰ ਕਿਵੇਂ ਚੜ੍ਹਿਆ 72
ਡੈਡੀ ਡਰਾਇੰਗ ਕਿਵੇਂ ਕਰਦਾ ਸੀ 76
ਡੈਡੀ ਨੇ ਉਸਤਾਨੀ ਨੂੰ ਕਿਵੇਂ ਛਲਿਆ 79
ਡੈਡੀ ਨੇ ਟਰਾਮ ਕਿਵੇਂ ਰੋਕੀ 83
ਡੈਡੀ ਨੇ ਸੱਪ ਕਿਵੇਂ ਮਾਰਿਆ 87
ਡੈਡੀ ਨੂੰ ਅੰਗ੍ਰੇਜ਼ੀ ਕਿਵੇਂ ਨਾ ਆਈ 92
ਡੈਡੀ ਨੇ ਲੇਖ ਕਿਵੇਂ ਲਿਖਿਆ 95
ਮੈਂ ਗਰਮੀਆਂ ਕਿਵੇਂ ਬਿਤਾਈਆਂ 96
ਡੈਡੀ ਨੇ ਮਾਯਾਕੋਵਸਕੀ ਨਾਲ ਕਿਵੇਂ ਗੱਲ ਕੀਤੀ 99
ਡੈਡੀ ਨੇ ਕਵਿਤਾ ਕਿਵੇਂ ਸੁਣਾਈ 103
ਡੈਡੀ ਨੇ ਟੇਬਲ ਟੈਨਿਸ ਕਿਵੇਂ ਖੇਡੀ 109
ਡੈਡੀ ਨੇ ਸਟੂਲ ਕਿਵੇਂ ਬਣਾਇਆ 115

ਪੁਤਰੀ ਦੇ ਨਾਂ



ਪਿਆਰੇ ਬੱਚਿਓ !

ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਕਿਤਾਬ ਦਾ ਜਨਮ ਕਿਵੇਂ ਹੋਇਆ। ਇਸ ਦੀ ਕਹਾਣੀ ਇਸ ਤਰ੍ਹਾਂ ਹੈ। ਸਾਸ਼ਾ ਨਾਂ ਦੀ ਮੇਰੀ ਧੀ ਹੈ। ਹੁਣ ਉਹ ਵੱਡੀ ਸਾਰੀ ਕੁੜੀ ਬਣ ਗਈ ਹੈ। ਤੇ ਹੁਣ ਉਹ ਆਪਣੀ ਗੱਲ ਕਰਨ ਲੱਗੀ ਹਮੇਸ਼ਾ ਕਹਿੰਦੀ ਹੈ : "ਜਦੋਂ ਮੈਂ ਛੋਟੀ ਹੁੰਦੀ ਸਾਂ..." ਖੈਰ, ਜਦੋਂ ਸਾਸ਼ਾ ਬਹੁਤ ਛੋਟੀ ਹੁੰਦੀ ਸੀ, ਉਹ ਅਕਸਰ ਬੀਮਾਰ ਰਹਿੰਦੀ ਸੀ। ਉਸ ਨੂੰ ਫਲੂ ਹੋ ਜਾਂਦਾ, ਗਲਾ ਖਰਾਬ ਹੋ ਜਾਂਦਾ ਤੇ ਕਦੇ ਕੰਨ ਵਿਚ ਦਰਦ ਹੋਣ ਲੱਗ ਜਾਂਦਾ। ਜੇ ਕਦੇ ਤੁਹਾਡੇ ਕੰਨ ਅੰਦਰ ਸੋਜ ਪਈ ਹੋਵੇ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕਿਸ ਤਰ੍ਹਾਂ ਪੀੜ ਕਰਦਾ ਹੈ। ਤੇ ਜੇ ਇਸ ਤਰ੍ਹਾਂ ਕਦੇ ਨਹੀਂ ਹੋਇਆ, ਤਾਂ ਤੁਹਾਨੂੰ ਸਮਝਾਉਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਤੁਸੀਂ ਕਦੇ ਇਹ ਗੱਲ ਸਮਝ ਹੀ ਨਹੀਂ ਸਕਦੇ।

ਇਕ ਵਾਰੀ ਸਾਸ਼ਾ ਦੇ ਕੰਨ ਵਿਚ ਏਡੀ ਸਖ਼ਤ ਪੀੜ ਹੋਈ ਕਿ ਉਹ ਸਾਰਾ ਦਿਨ ਡਾਡਾਂ ਮਾਰਦੀ ਰਹੀ ਤੇ ਰਾਤ ਨੂੰ ਸੌਂ ਨਾ ਸਕੀ। ਇਕ ਮਿੰਟ ਵੀ ਉਹਦੀ ਅੱਖ ਨਾ ਲੱਗੀ। ਮੈਨੂੰ ਉਹਦੇ ਉਤੇ ਏਨਾ ਤਰਸ ਆਵੇ ਕਿ ਮੇਰਾ ਆਪਣਾ ਹੀ ਰੋਣ ਨਿਕਲ ਨਿਕਲ ਜਾਵੇ। ਮੈਂ ਉਸ ਨੂੰ ਕਦੇ ਕੋਈ ਕਿਤਾਬ ਪੜ੍ਹ ਕੇ ਸੁਣਾਉਂਦਾ ਕਦੇ ਕੋਈ, ਕਦੇ ਕੋਈ ਹਸਾਉਣੀ ਕਹਾਣੀ ਸੁਣਾਉਂਦਾ ਕਦੇ ਕੋਈ। ਮੈਂ ਉਸ ਨੂੰ ਇਕ ਇਹ ਕਹਾਣੀ ਸੁਣਾਈ ਕਿ ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਮੈਂ ਕਿਵੇਂ ਆਪਣਾ ਗੇਂਦ ਇਕ ਕਾਰ ਹੇਠਾਂ ਸੁੱਟ ਦਿੱਤਾ ਸੀ। ਸਾਸ਼ਾ ਨੂੰ ਇਹ ਕਹਾਣੀ ਬੜੀ ਪਸੰਦ ਆਈ। ਸਾਸ਼ਾ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਉਹਦਾ ਡੈਡੀ ਵੀ ਕਦੇ ਛੋਟਾ ਹੁੰਦਾ ਸੀ, ਸ਼ਰਾਰਤਾਂ

ਕਰਦਾ ਹੁੰਦਾ ਸੀ ਤੇ ਉਹਨੂੰ ਵੀ ਸਜ਼ਾ ਮਿਲਦੀ ਹੁੰਦੀ ਸੀ। ਉਸ ਨੇ ਇਹ ਕਹਾਣੀ ਯਾਦ ਕਰ ਲਈ। ਤੇ ਫੇਰ, ਜਦੋਂ ਵੀ ਉਹਦੇ ਕੰਨ ਵਿਚ ਪੀੜ ਹੁੰਦੀ, ਉਹ ਉੱਚੀ ਉੱਚੀ ਚੀਕਣ ਲੱਗ ਪੈਂਦੀ : "ਡੈਡੀ, ਡੈਡੀ, ਮੇਰੇ ਕੰਨ ਵਿਚ ਪੀੜ ਹੁੰਦੀ ਏ। ਮੈਨੂੰ ਓਦੋਂ ਦੀ ਕੋਈ ਕਹਾਣੀ ਸੁਣਾ ਜਦੋਂ ਤੂੰ ਛੋਟਾ ਹੁੰਦਾ ਸੀ!" ਤੇ ਮੈਂ ਕਹਾਣੀ ਸੁਣਾਉਂਦਾ। ਜਿਹੜੀਆਂ ਕਹਾਣੀਆਂ ਤੁਸੀਂ ਇਸ ਕਿਤਾਬ ਵਿਚ ਪੜ੍ਹੋਗੇ, ਇਹ ਸਾਰੀਆਂ ਮੈਂ ਉਸ ਨੂੰ ਸੁਣਾਈਆਂ। ਜੋ ਕੋਈ ਵੀ ਹਸਾਉਣੀ ਗੱਲ ਕਦੇ ਮੇਰੇ ਨਾਲ ਵਾਪਰੀ ਸੀ ਮੈਂ ਉਸ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦਾ ਸਾਂ ਕਿਉਂਕਿ ਮੈਂ ਬੀਮਾਰ ਕੁੜੀ ਦਾ ਦਿਲ ਖ਼ੁਸ਼ ਕਰਨਾ ਚਾਹੁੰਦਾ ਸਾਂ। ਇਸ ਤੋਂ ਇਲਾਵਾ ਮੇਰੀ ਇਹ ਵੀ ਕੋਸ਼ਿਸ਼ ਸੀ ਕਿ ਮੇਰੀ ਧੀ ਨੂੰ ਇਹ ਸਮਝ ਆ ਜਾਵੇ ਕਿ ਲੀਚੜ, ਚੁਗ਼ਲੀਖੋਰ ਜਾਂ ਆਕੜਖਾਂ ਬਣਨਾ ਚੰਗੀ ਗੱਲ ਨਹੀਂ। ਇਸ ਦਾ ਇਹ ਮਤਲਬ ਨਹੀਂ ਕਿ ਮੈਂ ਆਪ ਸਾਰੀ ਉਮਰ ਇਸ ਤਰ੍ਹਾਂ ਦਾ ਹੀ ਸਾਂ। ਕਈ ਵਾਰੀ, ਜਦੋਂ ਮੈਨੂੰ ਕੋਈ ਕਹਾਣੀ ਨਾ ਸੁਝਦੀ, ਮੈਂ ਕਿਸੇ ਦੂਸਰੇ ਡੈਡੀ ਤੋਂ ਮਾਂਗਵੀਂ ਲੈ ਲੈਂਦਾ। ਆਖਰ, ਹਰ ਕੋਈ ਡੈਡੀ ਕਦੇ ਛੋਟਾ ਜਿਹਾ ਹੁੰਦਾ ਸੀ। ਇਸ ਕਰਕੇ ਇਹ ਕਹਾਣੀਆਂ ਮੇਰੀਆਂ ਘੜੀਆਂ ਬਣਾਈਆਂ ਨਹੀਂ। ਇਹ ਸਾਰੀਆਂ ਛੋਟੇ ਬੱਚਿਆਂ ਨਾਲ ਵਾਪਰੀਆਂ ਹੋਈਆਂ ਹਨ।

ਹੁਣ ਸਾਸ਼ਾ ਵੱਡੀ ਹੋ ਗਈ ਹੈ। ਉਹ ਕਦੇ ਬੀਮਾਰ ਨਹੀਂ ਹੋਈ ਤੇ ਉਹ ਵੱਡੀਆਂ ਵੱਡੀਆਂ ਕਿਤਾਬਾਂ ਆਪ ਪੜ੍ਹ ਸਕਦੀ ਹੈ।

ਪਰ ਮੈਂ ਸੋਚਿਆ ਕਿ ਹੋ ਸਕਦਾ ਹੈ, ਦੂਜੇ ਬੱਚੇ ਵੀ ਇਹ ਜਾਣਨ ਵਿਚ ਦਿਲਚਸਪੀ ਰੱਖਦੇ ਹੋਣ ਕਿ ਕੋਈ ਡੈਡੀ ਛੋਟਾ ਹੁੰਦਾ ਕਿਸ ਤਰ੍ਹਾਂ ਦਾ ਸੀ।

ਬਸ, ਬੱਚਿਓ! ਮੈਂ ਤੁਹਾਨੂੰ ਏਨੀ ਗੱਲ ਹੀ ਕਹਿਣਾ ਚਾਹੁੰਦਾ ਸਾਂ। ਪਰ ਠਹਿਰੋ, ਮੈਂ ਭੇਤ ਦੀ ਇਕ ਗੱਲ ਹੋਰ ਤੁਹਾਨੂੰ ਦੱਸਦਾ ਹਾਂ। ਇਹ ਕਿਤਾਬ ਏਨੇ ਨਾਲ ਹੀ ਮੁਕ ਨਹੀਂ ਜਾਂਦੀ। ਕਈ ਗੱਲਾਂ ਤੁਸੀਂ ਆਪ ਹੀ ਇਸ ਵਿਚੋਂ ਹੋਰ ਲਭ ਲਓਗੇ। ਤੁਹਾਡੇ ਸਭਨਾਂ ਦੇ ਡੈਡੀ ਤੁਹਾਨੂੰ ਆਪਣੇ ਛੋਟੇ ਹੁੰਦਿਆਂ ਦੀਆਂ ਕਹਾਣੀਆਂ ਸੁਣਾ ਸਕਦੇ ਹਨ। ਨਾਲੇ ਤੁਹਾਡੀ ਮਾਂ ਵੀ। ਮੈਂ ਵੀ ਉਹਨਾਂ ਦੀਆਂ ਕਹਾਣੀਆਂ ਸੁਣਨਾ ਚਾਹਾਂਗਾ।

ਚੰਗਾ ਫੇਰ। ਅਲਵਿਦਾ ਬੱਚਿਓ! ਮੈਂ ਤੁਹਾਡੇ ਸਭਨਾਂ ਲਈ ਖ਼ੁਸ਼ੀ ਤੇ ਤੰਦਰੁਸਤੀ ਦੀ ਕਾਮਨਾ ਕਰਦਾ ਹਾਂ।

ਤੁਹਾਡਾ ਮਿਤਰ,

ਅ. ਰਸਕਿਨ


ਜਦੋਂ
ਡੈਡੀ
ਛੋਟਾ ਹੁੰਦਾ ਸੀ

ਡੈਡੀ ਨੇ ਗੇਂਦ ਕਿਵੇਂ ਕਾਰ ਹੇਠ ਸੁੱਟਿਆ



ਜਦੋਂ ਡੈਡੀ ਅਜੇ ਬਹੁਤ ਛੋਟਾ ਹੁੰਦਾ ਸੀ ਤੇ ਪਾਵਲੋਵੋ-ਪੋਸਾਦ ਨਾਂ ਦੇ ਛੋਟੇ ਜਿਹੇ ਸ਼ਹਿਰ ਵਿਚ ਰਹਿੰਦਾ ਸੀ, ਉਹਦੇ ਮਾਪਿਆਂ ਨੇ ਉਹਨੂੰ ਇਕ ਖ਼ੂਬਸੂਰਤ ਵੱਡਾ ਸਾਰਾ ਗੇਂਦ ਲਿਆ ਕੇ ਦਿੱਤਾ। ਗੇਂਦ ਇਸ ਤਰ੍ਹਾਂ ਦਾ ਸੀ ਜਿਵੇਂ ਸੂਰਜ ਹੋਵੇ। ਨਹੀਂ, ਇਹ ਤਾਂ ਸੂਰਜ ਨਾਲੋਂ ਵੀ ਬਹੁਤਾ ਚੰਗਾ ਸੀ। ਅੱਖਾਂ ਸੁੰਗੇੜਿਆਂ ਬਗ਼ੈਰ ਉਹਦੇ ਵੱਲ ਵੇਖਿਆ ਸੀ ਜਾ ਸਕਦਾ। ਤੇ ਇਹ ਸੂਰਜ ਨਾਲੋਂ ਚਾਰ ਗੁਣਾ ਵਧ ਸੁਹਣਾ ਸੀ ਕਿਉਂਕਿ ਇਸ ਦੇ ਚਾਰ ਵੱਖਰੇ ਵੱਖਰੇ ਰੰਗ ਸਨ। ਸੂਰਜ ਦਾ ਤਾਂ ਸਿਰਫ ਇਕੋ ਰੰਗ ਹੁੰਦਾ ਹੈ, ਤੇ ਇਹ ਦੱਸਣਾ ਵੀ ਔਖਾ ਹੈ ਕਿ ਇਹ ਕਿਹੜਾ ਰੰਗ ਹੈ। ਇਕ ਪਾਸੇ ਤੋਂ ਗੇਂਦ ਦਾ ਰੰਗ ਪਿਪਰਮਿੰਟ ਵਾਂਗ ਗੁਲਾਬੀ ਸੀ, ਦੂਜੇ ਪਾਸੇ ਤੋਂ

ਚਾਕਲੇਟ ਵਾਂਗ ਭੂਰਾ। ਉਪਰਲੇ ਪਾਸੇ ਤੋਂ ਅਸਮਾਨ ਵਾਂਗ ਨੀਲਾ, ਤੇ ਹੇਠਲੇ ਪਾਸਿਓਂ ਘਾਹ ਵਾਂਗ ਹਰਿਆ। ਛੋਟੇ ਜਿਹੇ ਸ਼ਹਿਰ ਪਾਵਲੋਵੋ–ਪੋਸਾਦ ਵਿਚ ਪਹਿਲਾਂ ਕਦੇ ਕਿਸੇ ਨੇ ਇਸ ਤਰ੍ਹਾਂ ਦਾ ਗੇਂਦ ਨਹੀਂ ਸੀ ਵੇਖਿਆ। ਇਹ ਗੇਂਦ ਮਾਸਕੋ ਵਿਚੋਂ ਖਰੀਦ ਕੇ ਲਿਆਂਦਾ ਗਿਆ ਸੀ। ਪਰ ਮੇਰਾ ਖਿਆਲ ਹੈ, ਮਾਸਕੋ ਵਿਚ ਵੀ ਇਸ ਤਰ੍ਹਾਂ ਦੇ ਬਹੁਤ ਗੇਂਦ ਨਹੀਂ ਸਨ। ਇਸ ਗੇਂਦ ਨੂੰ ਵੇਖਣ ਵਾਸਤੇ ਨਿਆਣੇ ਬੱਚੇ ਹੀ ਨਹੀਂ, ਵੱਡੇ ਸਿਆਣੇ ਵੀ ਆਏ ਸਨ।

"ਕੇਡਾ ਸੁਹਣਾ ਹੈ!" ਸਾਰਿਆਂ ਨੇ ਆਖਿਆ ਸੀ।

ਸਚਮੁਚ ਹੀ ਇਹ ਬਹੁਤ ਸੁਹਣਾ ਗੇਂਦ ਸੀ। ਤੇ ਡੈਡੀ ਨੂੰ ਇਸ ਦਾ ਬੜਾ ਫ਼ਖ਼ਰ ਸੀ। ਉਹ ਇਉਂ ਆਕੜ ਆਕੜ ਤੁਰਿਆ ਫਿਰਦਾ ਸੀ ਜਿਵੇਂ ਇਹ ਗੇਂਦ ਉਸ ਨੇ ਆਪ ਬਣਾਇਆ ਹੋਵੇ ਤੇ ਇਹ ਚਾਰੇ ਰੰਗ ਉਸ ਨੇ ਆਪ ਲਾਏ ਹੋਣ। ਜਦੋਂ ਡੈਡੀ ਆਪਣੇ ਗੇਂਦ ਨਾਲ ਖੇਡਣ ਵਾਸਤੇ ਬਾਹਰ ਆਉਂਦਾ ਤਾਂ ਸਭ ਪਾਸਿਆਂ ਤੋਂ ਬੱਚੇ ਉਹਦੇ ਵੱਲ ਭੱਜੇ ਆਉਂਦੇ।

"ਹਾਏ, ਕੇਡਾ ਸੁਹਣਾ ਗੇਂਦ ਏ!" ਉਹ ਕਹਿੰਦੇ। "ਆ ਖੇਡੀਏ!"

ਪਰ ਡੈਡੀ ਆਪਣੇ ਗੇਂਦ ਨੂੰ ਘੁਟ ਕੇ ਫੜ ਲੈਂਦਾ ਤੇ ਕਹਿੰਦਾ:

"ਮੈਂ ਨਹੀਂ ਖੇਡਦਾ! ਇਹ ਮੇਰਾ ਗੇਂਦ ਏ! ਕਿਸੇ ਕੋਲ ਵੀ ਏਹੋ ਜਿਹਾ ਗੇਂਦ ਨਹੀਂ! ਇਹ ਮਾਸਕੋ ਤੋਂ ਖਰੀਦਿਆ ਸੀ! ਪਰੇ ਹਟ ਜਾਓ! ਮੇਰੇ ਗੇਂਦ ਨੂੰ ਹੱਥ ਨਾ ਲਾਇਓ!"

ਤੇ ਫੇਰ ਮੁੰਡੇ ਕਹਿੰਦੇ:

"ਤੂੰ ਬੜਾ ਲੀਚੜ ਏਂ, ਹੋਰ ਕੀ!"

ਪਰ ਡੈਡੀ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਸੀ ਪੈਂਦਾ ਕਿ ਉਹ ਕੀ ਕਹਿੰਦੇ ਹਨ ਅਤੇ ਉਹ ਆਪਣੇ ਖ਼ੂਬਸੂਰਤ ਗੇਂਦ ਨਾਲ ਕਿਸੇ ਨੂੰ ਖੇਡਣ ਨਹੀਂ ਸੀ ਦੇਂਦਾ। ਇਹਦੇ ਨਾਲ ਉਹ ਇਕੱਲਾ ਹੀ ਖੇਡਦਾ ਸੀ। ਪਰ ਇਕੱਲਿਆਂ ਖੇਡ ਕੇ ਬਹੁਤਾ ਸਵਾਦ ਨਹੀਂ ਸੀ ਆਉਂਦਾ। ਏਸੇ ਕਰਕੇ ਹੀ ਲੀਚੜ ਡੈਡੀ ਦੂਜੇ ਮੁੰਡਿਆਂ ਦੇ ਨੇੜੇ ਤੇੜੇ ਖੇਡਦਾ ਰਹਿੰਦਾ ਜਿਸ ਤੋਂ ਉਹਨਾਂ ਦੇ ਦਿਲ ਵਿਚ ਈਰਖਾ ਜਾਗਦੀ:

ਤੇ ਮੁੰਡੇ ਕਹਿੰਦੇ:

"ਏਹ ਲੀਚੜ ਏ। ਅਸੀਂ ਨਹੀਂ ਏਹਦੇ ਨਾਲ ਖੇਡਣਾ।"

ਪੂਰੇ ਦੋ ਦਿਨ ਮੁੰਡੇ ਉਹਦੇ ਨਾਲ ਨਹੀਂ ਖੇਡੇ ਸਨ। ਤੀਜੇ ਦਿਨ ਉਹਨਾਂ ਆਖਿਆ:

"ਤੇਰਾ ਗੇਂਦ ਮਾੜਾ ਨਹੀਂ। ਏਹ ਠੀਕ ਏ। ਏਹ ਵੱਡਾ ਵੀ ਏ ਤੇ ਰੰਗ ਵੀ ਸੁਹਣੇ ਨੇ। ਪਰ ਜੇ ਤੂੰ ਏਹਨੂੰ ਕਾਰ ਹੇਠਾਂ ਸੁੱਟੇਂ ਤਾਂ ਏਹ ਵੀ ਓਦਾਂ ਹੀ ਪਾਟ ਜਾਏ ਜਿੱਦਾਂ ਹੋਰ ਗੇਂਦ ਪਾਟ ਜਾਂਦੇ ਨੇ। ਏਸ ਕਰਕੇ ਬਹੁਤਾ ਨੱਕ ਚੜ੍ਹਾਉਣ ਵਾਲੀ ਕੋਈ ਗੱਲ ਨਹੀਂ।"

"ਮੇਰਾ ਗੇਂਦ ਕਦੇ ਵੀ ਨਾ ਪਾਟੇ।" ਡੈਡੀ ਨੇ ਮਾਣ ਨਾਲ ਆਖਿਆ। ਤੇ ਫੇਰ ਉਹਨੇ ਇਉਂ ਨੱਕ ਚੜ੍ਹਾਇਆ ਜਿਵੇਂ ਉਸ ਉਤੇ ਚਾਰੇ ਰੰਗ ਫਿਰ ਗਏ ਹੋਣ।

"ਏਹਨੇ ਪਾਟ ਜਾਣਾ ਏ!" ਮੁੰਡਿਆਂ ਨੇ ਉਸ ਨੂੰ ਚਿੜਾਇਆ।

"ਨਹੀਂ, ਨਹੀਂ ਪਾਟਣਾ।"

"ਔਹ ਕਾਰ ਆ ਰਹੀ ਏ," ਉਹਨਾਂ ਆਖਿਆ। "ਕਿਉਂ, ਕੀ ਖਿਆਲ ਏ? ਸੁਟ ਦੇ। ਜਾਂ ਡਰਦਾ ਏਂ?"

ਤੇ ਬਾਲ ਡੈਡੀ ਨੇ ਆਪਣਾ ਗੇਂਦ ਕਾਰ ਹੇਠਾਂ ਸੁਟ ਦਿੱਤਾ। ਕੁਝ ਚਿਰ ਸਾਰੇ ਖੜੇ ਉਡੀਕਦੇ ਰਹੇ। ਗੇਂਦ ਅਗਲੇ ਪਹੀਆਂ ਵਿਚੋਂ ਦੀ ਰਿੜ੍ਹਦਾ ਰਿੜ੍ਹਦਾ ਸੱਜੇ ਪਾਸੇ ਦੇ ਪਿਛਲੇ ਪਹੀਏ ਹੇਠਾਂ ਆ ਗਿਆ। ਕਾਰ ਨੂੰ ਹਿਚਕੋਲਾ ਲੱਗਾ, ਗੇਂਦ ਉਤੋਂ ਦੀ ਲੰਘੀ ਤੇ ਅੱਗੇ ਵਧ ਗਈ। ਪਰ ਗੇਂਦ ਓਥੇ ਹੀ ਪਿਆ ਸੀ।

"ਨਹੀਂ ਪਾਟਾ! ਨਹੀਂ ਪਾਟਾ!" ਡੈਡੀ ਨੇ ਸ਼ੋਰ ਮਚਾਇਆ ਤੇ ਗੇਂਦ ਫੜਨ ਵਾਸਤੇ ਦੌੜਿਆ। ਏਨੇ ਨੂੰ ਉੱਚੀ ਸਾਰੀ ਠਾਹ ਦੀ ਆਵਾਜ਼ ਆਈ ਜਿਵੇਂ ਕਿਸੇ ਨੇ ਤੋਪ ਚਲਾਈ ਹੋਵੇ। ਇਹ ਤਾਂ ਗੇਂਦ ਪਾਟਿਆ ਸੀ। ਜਦੋਂ ਡੈਡੀ ਉਸ ਥਾਂ ਅਪੜਿਆ ਜਿਥੇ ਗੇਂਦ ਪਿਆ ਸੀ, ਤਾਂ ਉਸ ਨੇ ਵੇਖਿਆ ਕਿ ਓਥੇ ਧੂੜ ਲੱਦੇ ਰਬੜ ਦੇ ਚੀਥੜਿਆਂ ਤੋਂ ਸਿਵਾਏ ਕੁਝ ਵੀ ਨਹੀਂ ਸੀ। ਇਹਨਾਂ ਵਿਚ ਖੂਬਸੂਰਤੀ ਤੇ ਦਿਲਚਸਪੀ ਵਾਲੀ ਕੋਈ ਗੱਲ ਨਹੀਂ ਸੀ। ਡੈਡੀ ਰੋਣ ਲੱਗ ਪਿਆ ਤੇ ਘਰ ਨੂੰ ਭੱਜ ਆਇਆ। ਤੇ ਮੁੰਡੇ ਉੱਚੀ ਉੱਚੀ ਠਹਾਕੇ ਮਾਰਦੇ ਹੱਸਣ ਲੱਗ ਪਏ।

"ਪਾਟ ਗਿਆ! ਪਾਟ ਗਿਆ!" ਉਹਨਾਂ ਰੌਲਾ ਪਾ ਦਿੱਤਾ। "ਤੇਰੇ ਨਾਲ ਏਦਾਂ ਹੀ ਹੋਣਾ ਚਾਹੀਦਾ ਸੀ, ਲੀਚੜਾ!"

ਜਦੋਂ ਡੈਡੀ ਨੇ ਘਰ ਆ ਕੇ ਦੱਸਿਆ ਕਿ ਉਸ ਨੇ ਆਪਣਾ ਖੂਬਸੂਰਤ ਨਵਾਂ ਗੇਂਦ ਆਪ ਹੀ ਕਾਰ ਹੇਠਾਂ ਸੁੱਟਿਆ ਸੀ, ਤਾਂ ਦਾਦੀ ਨੇ ਉਹਦੇ ਚਿੱਤੜਾਂ ਉਤੇ ਟਿਕਾਈਆਂ। ਤੇ ਜਦੋਂ ਤਰਕਾਲਾਂ ਨੂੰ ਦਾਦਾ ਕੰਮ ਤੋਂ ਘਰ ਮੁੜਿਆ ਤਾਂ ਛੋਟੇ ਜਿਹੇ ਡੈਡੀ ਨੂੰ ਇਕ ਵਾਰੀ ਫੇਰ ਛਿਤਰੌਲ ਫਿਰਿਆ।

ਚਿੱਤੜਾਂ ਉਤੇ ਠੋਕਦਿਆਂ ਦਾਦੇ ਨੇ ਆਖਿਆ:

"ਤੈਨੂੰ ਗੇਂਦ ਕਰਕੇ ਨਹੀਂ ਠੁਕੀਆਂ, ਤੇਰੀ ਮੂਰਖਤਾ ਕਰਕੇ ਠੁਕੀਆਂ ਨੇ।"

ਇਸ ਤੋਂ ਮਗਰੋਂ ਕਿੰਨਾ ਚਿਰ ਸਾਰੇ ਹੈਰਾਨ ਹੁੰਦੇ ਰਹੇ ਕਿ ਏਡਾ ਸੁਹਣਾ ਗੇਂਦ ਕੋਈ ਕਾਰ ਹੇਠਾਂ ਕਿਵੇਂ ਸੁੱਟ ਸਕਦਾ ਹੈ।

"ਸਿਰਫ ਨਿਰਾ ਖੋਤਾ ਬੱਚਾ ਹੀ ਕੋਈ ਐਸੀ ਹਰਕਤ ਕਰ ਸਕਦਾ ਹੈ," ਸਾਰੇ ਕਹਿੰਦੇ ਸਨ।

ਤੇ ਮਗਰੋਂ ਬੜੇ ਦਿਨ ਮੁੰਡੇ ਡੈਡੀ ਨੂੰ ਛੇੜਦੇ ਰਹੇ:

"ਕਿਥੇ ਗਿਆ ਤੇਰਾ ਨਵਾਂ ਗੇਂਦ?"

ਸਿਰਫ ਚਾਚਾ ਹੀ ਮਖੌਲ ਨਹੀਂ ਸੀ ਕਰਦਾ। ਉਹਨੇ ਡੈਡੀ ਨੂੰ ਆਖਿਆ ਕਿ ਸ਼ੁਰੂ ਤੋਂ ਅਖੀਰ ਤੱਕ ਸਾਰੀ ਗੱਲ ਦੱਸੇ।

ਫੇਰ ਉਸ ਨੇ ਆਖਿਆ:

"ਨਹੀਂ, ਤੂੰ ਮੂਰਖ ਨਹੀਂ।"

ਡੈਡੀ ਬੜਾ ਖੁਸ਼ ਹੋਇਆ।

"ਪਰ ਤੂੰ ਲੀਚੜ ਏਂ ਤੇ ਡੀਂਗਾਂ ਮਾਰਦਾ ਏਂ," ਚਾਚੇ ਨੇ ਕਿਹਾ। "ਤੇ ਇਹ ਤੇਰੇ ਵਾਸਤੇ ਮਾੜੀ ਗੱਲ ਏ। ਜਿਹੜਾ ਵੀ ਆਪਣੇ ਗੇਂਦ ਨਾਲ ਇਕੱਲਾ ਖੇਡਣਾ ਚਾਹੇਗਾ, ਉਹ ਹਮੇਸ਼ਾ ਹਾਰੇਗਾ। ਵੱਡਿਆਂ ਨਾਲ ਵੀ ਏਸੇ ਤਰ੍ਹਾਂ ਹੁੰਦਾ ਏ। ਜੇ ਤੂੰ ਹੁਣ ਨਾ ਬਦਲਿਆ, ਤਾਂ ਸਾਰੀ ਉਮਰ ਇਸ ਤਰ੍ਹਾਂ ਦਾ ਹੀ ਰਹੇਂਗਾ।"

ਇਹ ਸੁਣ ਕੇ ਡੈਡੀ ਬਹੁਤ ਡਰ ਗਿਆ ਤੇ ਰੋਣ ਲੱਗ ਪਿਆ। ਉਸ ਨੇ ਉੱਭੇ ਸਾਹ ਲੈਂਦਿਆਂ ਆਖਿਆ ਕਿ ਉਹ ਲੀਚੜ ਤੇ ਸ਼ੇਖ਼ੀਖੋਰ ਨਹੀਂ ਬਣਨਾ ਚਾਹੁੰਦਾ। ਉਹ ਬਹੁਤ ਉੱਚੀ ਉੱਚੀ ਤੇ ਬੜਾ ਚਿਰ ਰੋਂਦਾ ਰਿਹਾ ਤੇ ਅਖੀਰ ਚਾਚੇ ਨੂੰ ਉਹਦੇ ਉਤੇ ਵਿਸ਼ਵਾਸ ਆ ਗਿਆ ਤੇ ਉਹਨੇ ਇਕ ਨਵਾਂ ਗੇਂਦ ਖਰੀਦ ਦਿੱਤਾ। ਠੀਕ ਹੈ ਕਿ ਇਹ ਪਹਿਲੇ ਗੇਂਦ ਵਰਗਾ ਸੁਹਣਾ ਨਹੀਂ ਸੀ। ਪਰ ਸਾਰੇ ਆਂਢ ਗੁਆਂਢ ਦੇ ਬੱਚੇ ਇਹਦੇ ਨਾਲ ਖੇਡਦੇ ਸਨ। ਸਾਰੇ ਬੜੇ ਖੁਸ਼ ਸਨ ਤੇ ਕੋਈ ਵੀ ਡੈਡੀ ਨੂੰ ਲੀਚੜ ਨਹੀਂ ਸੀ ਕਹਿੰਦਾ।



ਜਦੋਂ ਡੈਡੀ ਬਹੁਤ ਛੋਟਾ ਹੁੰਦਾ ਸੀ ਉਹਨੂੰ ਸਰਕਸ ਵਿਖਾਉਣ ਲੈ ਗਏ। ਉਸ ਨੂੰ ਬੜਾ ਮਜ਼ਾ ਆਇਆ। ਉਸ ਨੂੰ ਸ਼ੇਰ ਸਿਧਾਉਣ ਵਾਲਾ ਸਭ ਤੋਂ ਬਹੁਤਾ ਚੰਗਾ ਲੱਗਾ ਸੀ। ਉਸ ਨੇ ਬੜੇ ਸੁਹਣੇ ਕਪੜੇ ਪਾਏ ਹੋਏ ਸਨ, "ਸ਼ੇਰ ਸਿਧਾਉਣ ਵਾਲਾ" ਲਫਜ਼ ਹੀ ਬੜੇ ਵਧੀਆ ਸਨ, ਤੇ ਨਾਲੇ ਸਭ ਸ਼ੇਰ ਤੇ ਬੱਬਰ ਸ਼ੇਰ ਉਹਦੇ ਕੋਲੋਂ ਡਰਦੇ ਸਨ। ਉਸ ਦੇ ਕੋਲ ਇਕ ਚਾਬਕ ਤੇ ਪਸਤੌਲ ਸਨ, ਪਰ ਉਹਨੇ ਇਹ ਵਰਤੇ ਨਹੀਂ ਸਨ।

"ਜਾਨਵਰ ਮੇਰੀਆਂ ਅੱਖਾਂ ਤੋਂ ਡਰਦੇ ਨੇ!" ਉਹਨੇ ਅਖਾੜੇ ਵਿਚੋਂ ਆਖਿਆ ਸੀ। "ਮੇਰੀਆਂ ਅੱਖਾਂ ਮੇਰਾ ਸਭ ਤੋਂ ਵੱਡਾ ਹਥਿਆਰ ਨੇ! ਕੋਈ ਜੰਗਲੀ ਜਾਨਵਰ ਇਹ ਬਰਦਾਸ਼ਤ

ਨਹੀਂ ਕਰ ਸਕਦਾ ਕਿ ਕੋਈ ਆਦਮੀ ਉਹਦੀ ਅੱਖ ਵਿਚ ਅੱਖ ਪਾ ਕੇ ਵੇਖੇ!"

ਤੇ ਸੱਚੀਂ, ਜਦੋਂ ਉਹਨੇ ਬੱਬਰ ਸ਼ੇਰ ਵੱਲ ਵੇਖਿਆ, ਓਸੇ ਵੇਲੇ ਉਹ ਸਟੂਲ ਉਤੇ ਬਹਿ ਗਿਆ, ਢੋਲ ਦੇ ਉਤੋਂ ਦੀ ਟੱਪ ਗਿਆ ਤੇ ਏਥੋਂ ਤੱਕ ਕਿ ਮੁਰਦਾ ਬਣ ਕੇ ਪੈ ਗਿਆ ਕਿਉਂਕਿ ਉਹ ਆਦਮੀ ਦੀ ਨਜ਼ਰ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ।

ਆਰਕੈਸਟਰਾ ਵਾਲਿਆਂ ਨੇ ਤੂਤੀਆਂ ਵਜਾਈਆਂ। ਹਰ ਕੋਈ ਤਾੜੀਆਂ ਵਜਾ ਰਿਹਾ ਸੀ। ਸਭ ਦੀਆਂ ਨਜ਼ਰਾਂ ਸ਼ੇਰ ਸਿਧਾਉਣ ਵਾਲੇ ਉਤੇ ਟਿਕੀਆਂ ਹੋਈਆਂ ਸਨ ਅਤੇ ਉਹ ਆਪਣੀ ਛਾਤੀ ਉਤੇ ਹੱਥ ਰੱਖ ਕੇ ਸਾਰੇ ਪਾਸੇ ਸਿਰ ਨਿਵਾ ਰਿਹਾ ਸੀ। ਸਭ ਕੁਝ ਬੜਾ ਸ਼ਾਨਦਾਰ ਲੱਗ ਰਿਹਾ ਸੀ। ਤੇ ਡੈਡੀ ਨੇ ਆਪਣੇ ਮਨ ਵਿਚ ਫੈਸਲਾ ਕੀਤਾ ਕਿ ਉਹ ਵੀ ਸ਼ੇਰ ਸਿਧਾਉਣ ਵਾਲਾ ਬਣੇਗਾ। ਉਸ ਨੇ ਸੋਚਿਆ ਕਿ ਉਹ ਇਹ ਕੰਮ ਕਿਸੇ ਐਸੇ ਜਾਨਵਰ ਨੂੰ ਸਿਧਾਉਣ ਤੋਂ ਸ਼ੁਰੂ ਕਰੇਗਾ ਜਿਹੜਾ ਬਹੁਤਾ ਖਤਰਨਾਕ ਨਾ ਹੋਵੇ। ਆਖਰ, ਡੈਡੀ ਹਾਲੇ ਬਹੁਤ ਛੋਟਾ ਸੀ। ਉਸ ਨੇ ਮਹਿਸੂਸ ਕੀਤਾ ਕਿ ਸ਼ੇਰ ਤੇ ਬੱਬਰ ਸ਼ੇਰ ਵਰਗੇ ਵੱਡੇ ਜਾਨਵਰਾਂ ਨੂੰ ਸਿਧਾਉਣਾ ਉਹਦੇ ਵੱਸ ਦੀ ਗੱਲ ਨਹੀਂ। ਕੁੱਤੇ ਤੋਂ ਕੰਮ ਸ਼ੁਰੂ ਕਰਨਾ ਚਾਹੀਦਾ ਹੈ, ਤੇ ਉਹ ਵੀ ਬਹੁਤ ਵੱਡੇ ਕੁੱਤੇ ਤੋਂ ਨਹੀਂ ਕਿਉਂਕਿ ਵੱਡਾ ਕੁੱਤਾ ਤਾਂ ਫੇਰ ਸ਼ੇਰ ਦੇ ਬੱਚੇ ਵਾਲੀ ਗੱਲ ਹੋ ਗਈ। ਉਸ ਨੂੰ ਐਸੇ ਕੁੱਤੇ ਦੀ ਲੋੜ ਸੀ ਜਿਹੜਾ ਬਹੁਤਾ ਵੱਡਾ ਨਾ ਹੋਵੇ।

ਤੇ ਜੋ ਕੁਝ ਉਹ ਚਾਹੁੰਦਾ ਸੀ ਛੇਤੀ ਹੀ ਲਭ ਪਿਆ।

ਛੋਟੇ ਜਿਹੇ ਸ਼ਹਿਰ ਪਾਵਲੋਵੋ-ਪੋਸਾਦ ਵਿਚ ਇਕ ਛੋਟਾ ਜਿਹਾ ਪਾਰਕ ਸੀ। ਅਜਕਲ ਓਥੇ ਬਹੁਤ ਵੱਡਾ ਪਾਰਕ ਹੈ। ਪਰ ਇਹ ਗੱਲ ਬੜੀ ਪੁਰਾਣੀ ਹੈ। ਜਦੋਂ ਡੈਡੀ ਛੋਟਾ ਹੁੰਦਾ ਸੀ ਓਦੋਂ ਦਾਦੀ ਉਸ ਨੂੰ ਪਾਰਕ ਵਿਚ ਲੈ ਕੇ ਜਾਂਦੀ ਹੁੰਦੀ ਸੀ। ਇਕ ਦਿਨ ਡੈਡੀ ਖੇਡ ਰਿਹਾ ਸੀ ਤੇ ਦਾਦੀ ਇਕ ਬੈਂਚ ਉਤੇ ਬੈਠੀ ਕਿਤਾਬ ਪੜ੍ਹ ਰਹੀ ਸੀ। ਉਹਦੇ ਕੋਲ ਹੀ ਇਕ ਚਿੱਟੇ ਕੁੱਤੇ ਵਾਲੀ ਔਰਤ ਬੈਠੀ ਸੀ। ਇਹ ਔਰਤ ਵੀ ਪੜ੍ਹ ਰਹੀ ਸੀ। ਕੁੱਤਾ ਬਹੁਤ ਛੋਟਾ ਸੀ ਤੇ ਇਸ ਦੀਆਂ ਵੱਡੀਆਂ ਵੱਡੀਆਂ ਕਾਲੀਆਂ ਅੱਖਾਂ ਸਨ। ਕੁੱਤੇ ਨੇ ਆਪਣੀਆਂ ਵੱਡੀਆਂ ਵੱਡੀਆਂ ਕਾਲੀਆਂ ਅੱਖਾਂ ਨਾਲ ਛੋਟੇ ਜਿਹੇ ਡੈਡੀ ਵੱਲ ਇਓਂ ਵੇਖਿਆ ਜਿਵੇਂ ਕਹਿੰਦਾ ਹੋਵੇ: "ਮੇਰਾ ਜੀਅ ਕਰਦਾ ਹੈ ਕੋਈ ਮੈਨੂੰ ਸਿਧਾਵੇ! ਮਿਹਰਬਾਨੀ ਕਰ ਕੇ, ਮੁੰਡਿਆ, ਮੈਨੂੰ ਸਿਧਾ। ਮੈਂ ਆਦਮੀ ਦੀ ਨਜ਼ਰ ਦੀ ਤਾਬ ਨਹੀਂ ਝੱਲ ਸਕਦਾ।"

ਤੇ ਛੋਟਾ ਜਿਹਾ ਡੈਡੀ ਕੁੱਤੇ ਨੂੰ ਸਿਧਾਉਣ ਲਈ ਪਟੜੀ ਪਾਰ ਕਰ ਗਿਆ। ਦਾਦੀ ਕਿਤਾਬ ਪੜ੍ਹਦੀ ਸੀ ਤੇ ਕੁੱਤੇ ਵਾਲੀ ਔਰਤ ਵੀ ਕਿਤਾਬ ਪੜ੍ਹਦੀ ਸੀ ਤੇ ਉਹਨਾਂ ਨੇ ਕੁਝ ਵੀ ਨਹੀਂ ਸੀ ਵੇਖਿਆ। ਕੁੱਤਾ ਬੈਂਚ ਦੇ ਹੇਠਾਂ ਲੰਮਾ ਪਿਆ ਹੋਇਆ ਸੀ ਅਤੇ ਆਪਣੀਆਂ ਵੱਡੀਆਂ

ਵੱਡੀਆਂ ਕਾਲੀਆਂ ਅੱਖਾਂ ਨਾਲ ਅਜੀਬ ਢੰਗ ਨਾਲ ਬਾਲ ਡੈਡੀ ਵੱਲ ਵੇਖ ਰਿਹਾ ਸੀ। ਡੈਡੀ ਹੌਲੀ ਹੌਲੀ ਉਹਦੇ ਵੱਲ ਤੁਰਦਾ ਗਿਆ ਤੇ ਸੋਚਦਾ ਗਿਆ : "ਉਫ, ਲੱਗਦਾ ਏ, ਇਹ ਮੇਰੀ ਨਜ਼ਰ ਦਾ ਟਾਕਰਾ ਕਰ ਸਕਦਾ ਹੈ... ਸ਼ਾਇਦ, ਬੱਬਰ ਸ਼ੇਰ ਦੀ ਸਿਧਾਈ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਸੀ। ਲੱਗਦਾ ਹੈ, ਸਿਧਾਏ ਜਾਣ ਬਾਰੇ ਇਸ ਨੇ ਆਪਣੀ ਸਲਾਹ ਬਦਲ ਲਈ ਹੈ।"

ਦਿਨ ਸਖ਼ਤ ਗਰਮੀ ਵਾਲਾ ਸੀ ਅਤੇ ਡੈਡੀ ਨੇ ਤੇੜ ਨੀਕਰ ਤੇ ਪੈਰੀਂ ਸੈਂਡਲ ਪਾਏ ਹੋਏ ਸਨ। ਡੈਡੀ ਹੋਰ ਨੇੜੇ ਨੇੜੇ ਹੁੰਦਾ ਗਿਆ ਤੇ ਕੁੱਤਾ ਉਹਨੂੰ ਵੇਖਦਾ ਹੋਇਆ ਲੰਮਾ ਪਿਆ ਰਿਹਾ। ਜਦੋਂ ਡੈਡੀ ਬਹੁਤ ਨੇੜੇ ਆ ਗਿਆ ਤਾਂ ਅਚਾਨਕ ਕੁੱਤਾ ਉਹਦੇ ਉਤੇ ਝਪਟ ਪਿਆ ਤੇ ਉਹਦੇ ਢਿੱਡ ਨੂੰ ਚੱਕ ਵੱਢਿਆ। ਬਸ, ਭਿਆਨਕ ਸ਼ੋਰ ਮੱਚ ਗਿਆ! ਡੈਡੀ ਚੀਕਾਂ ਮਾਰਨ ਲੱਗ ਪਿਆ! ਦਾਦੀ ਚੀਕਾਂ ਮਾਰਨ ਲੱਗ ਪਈ। ਕੁੱਤੇ ਵਾਲੀ ਔਰਤ ਵੀ ਚੀਕਾਂ ਮਾਰਨ ਲੱਗ ਪਈ ਤੇ ਕੁੱਤਾ ਉੱਚੀ ਉੱਚੀ ਭੌਂਕਣ ਲੱਗ ਪਿਆ। ਛੋਟਾ ਜਿਹਾ ਡੈਡੀ ਚੀਕ ਚੀਕ ਕੇ ਆਖਦਾ ਸੀ :

"ਊਈ, ਮੈਨੂੰ ਵੱਢ ਖਾਧਾ!"

ਦਾਦੀ ਚੀਕ ਰਹੀ ਸੀ :

"ਹਾਏ! ਏਹਨੇ ਉਹਨੂੰ ਵੱਢ ਖਾਧਾ।"

ਕੁੱਤੇ ਵਾਲੀ ਔਰਤ ਚੀਕ ਰਹੀ ਸੀ :

"ਉਹਨੇ ਇਸ ਨੂੰ ਛੇੜਿਆ! ਮੇਰੇ ਕੁੱਤੇ ਨੇ ਕਦੇ ਕਿਸੇ ਨੂੰ ਨਹੀਂ ਵੱਢਿਆ।"

ਕੁੱਤਾ ਚੀਕ ਕੇ ਕੀ ਆਖ ਰਿਹਾ ਸੀ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ।

ਸਭ ਪਾਸਿਆਂ ਤੋਂ ਲੋਕ ਭੱਜੇ ਆਏ। ਸਭ ਰੌਲਾ ਪਾ ਰਹੇ ਸਨ :

"ਬਹੁਤ ਮਾੜਾ ਹੋਇਆ!"

ਏਨੇ ਨੂੰ ਚੌਕੀਦਾਰ ਆ ਗਿਆ ਤੇ ਪੁੱਛਣ ਲੱਗਾ :

"ਕਿਉਂ ਕਾਕਾ, ਤੂੰ ਕੁੱਤੇ ਨੂੰ ਛੇੜਿਆ ਸੀ?"

"ਨਹੀਂ," ਡੈਡੀ ਨੇ ਆਖਿਆ। "ਮੈਂ ਇਸ ਨੂੰ ਸਿਧਾ ਰਿਹਾ ਸਾਂ।"

ਸਾਰੇ ਜਣੇ ਹੱਸ ਪਏ ਤੇ ਚੌਕੀਦਾਰ ਨੇ ਪੁੱਛਿਆ :

"ਤੇ ਕਿਵੇਂ ਕੀਤਾ ਸੀ ਤੂੰ ਇਹ ਕੰਮ?"

"ਮੈਂ ਏਹਦੇ ਵੱਲ ਤੁਰਿਆ ਆਉਂਦਾ ਸਾਂ ਤੇ ਏਹਦੇ ਵੱਲ ਵੇਖ ਰਿਹਾ ਸਾਂ," ਡੈਡੀ ਨੇ ਆਖਿਆ। "ਤੇ ਹੁਣ ਮੈਨੂੰ ਪਤਾ ਲੱਗ ਗਿਆ ਏ ਕਿ ਜੇ ਕੋਈ ਇਹਦੇ ਵੱਲ ਵੇਖੇ ਤਾਂ ਇਹ

ਬਰਦਾਸ਼ਤ ਨਹੀਂ ਕਰ ਸਕਦਾ।"

ਸਾਰੇ ਜਣੇ ਇਕ ਵਾਰੀ ਫੇਰ ਹੱਸ ਪਏ।

"ਵੇਖਿਆ ਜੇ," ਔਰਤ ਨੇ ਕਿਹਾ, "ਕਸੂਰ ਮੁੰਡੇ ਦਾ ਏ। ਕਿਸ ਆਖਿਆ ਸੀ ਉਹਨੂੰ ਮੇਰੇ ਕੁੱਤੇ ਨੂੰ ਸਿਧਾਵੇ। ਤੇ ਤੁਹਾਨੂੰ," ਉਸ ਨੇ ਦਾਦੀ ਨੂੰ ਆਖਿਆ, "ਜੁਰਮਾਨਾ ਹੋਣਾ ਚਾਹੀਦਾ ਏ ਕਿ ਤੁਸੀਂ ਆਪਣੇ ਬੱਚੇ ਦਾ ਧਿਆਨ ਨਹੀਂ ਰੱਖਦੇ।"

ਦਾਦੀ ਏਡੀ ਹੈਰਾਨ ਪ੍ਰੇਸ਼ਾਨ ਹੋਈ ਕਿ ਉਹਦੇ ਮੂੰਹੋਂ ਕੋਈ ਗੱਲ ਹੀ ਨਾ ਨਿਕਲੀ। ਉਹ ਬਸ ਇਕ ਹੌਕਾ ਭਰ ਕੇ ਰਹਿ ਗਈ। ਤੇ ਇਸ ਤੋਂ ਬਾਦ ਚੌਕੀਦਾਰ ਨੇ ਆਖਿਆ :

"ਔਹ ਵੇਖੋ ਨੋਟਿਸ : 'ਕੁੱਤੇ ਲਿਆਉਣਾ ਮਨ੍ਹਾ ਹੈ!' ਜੇ ਨੋਟਿਸ ਇਹ ਹੁੰਦਾ ਕਿ 'ਬੱਚੇ ਲਿਆਉਣਾ ਮਨ੍ਹਾ ਹੈ' ਤਾਂ ਮੈਂ ਇਸ ਜ਼ਨਾਨੀ ਨੂੰ ਜੁਰਮਾਨਾ ਕਰ ਦੇਂਦਾ ਜਿਹੜੀ ਬੱਚਾ ਲੈ ਕੇ ਆਈ ਸੀ। ਪਰ ਹੁਣ ਮੈਂ ਤੁਹਾਨੂੰ ਜੁਰਮਾਨਾ ਕਰਾਂਗਾ। ਤੇ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਇਸ ਕੁੱਤੇ ਨੂੰ ਲੈ ਕੇ ਏਥੋਂ ਚਲੇ ਜਾਓ। ਬੱਚਾ ਖੇਡ ਰਿਹਾ ਸੀ ਤੇ ਤੁਹਾਡੇ ਕੁੱਤੇ ਨੇ ਵੱਢ ਖਾਧਾ ਹੈ। ਏਥੇ ਖੇਡਿਆ ਜਾ ਸਕਦਾ ਹੈ, ਪਰ ਕਿਸੇ ਨੂੰ ਵੱਢਿਆ ਨਹੀਂ ਜਾ ਸਕਦਾ। ਪਰ ਖੇਡਣ ਵਾਸਤੇ ਵੀ ਅਕਲ ਦੀ ਲੋੜ ਹੁੰਦੀ ਹੈ। ਆਖਰ ਕੁੱਤੇ ਨੂੰ ਕਿਵੇਂ ਪਤਾ ਹੁੰਦਾ ਕਿ ਤੂੰ ਉਹਦੇ ਵੱਲ ਕਿਉਂ ਆ ਰਿਹਾ ਸਾਂ। ਹੋ ਸਕਦਾ ਹੈ, ਉਹਨੇ ਸੋਚਿਆ ਹੋਵੇ ਕਿ ਤੂੰ ਉਹਨੂੰ ਵੱਢਣਾ ਚਾਹੁੰਦਾ ਏਂ। ਸਮਝ ਆਈ?"

"ਹਾਂ," ਡੈਡੀ ਨੇ ਜਵਾਬ ਦਿੱਤਾ। ਹੁਣ ਉਹ ਸ਼ੇਰ ਸਿਧਾਉਣ ਵਾਲਾ ਨਹੀਂ ਸੀ ਬਣਨਾ ਚਾਹੁੰਦਾ। ਤੇ ਟੀਕੇ ਲੁਆ ਲੈਣ ਮਗਰੋਂ, ਇਸ ਲਈ ਕਿ ਨਾ ਜਾਣੀਏ ਉਹ ਗੱਲ ਨਾ ਹੋਵੇ, ਉਸ ਨੇ ਫੈਸਲਾ ਕੀਤਾ ਕਿ ਇਹ ਕੋਈ ਚੰਗਾ ਪੇਸ਼ਾ ਨਹੀਂ।

ਤੇ ਜਾਨਵਰਾਂ ਵਲੋਂ ਹੁਣ ਆਦਮੀ ਦੀ ਨਜ਼ਰ ਨੂੰ ਬਰਦਾਸ਼ਤ ਨਾ ਕਰ ਸਕਣ ਬਾਰੇ ਉਸ ਦਾ ਆਪਣਾ ਵਿਸ਼ੇਸ਼ ਵਿਚਾਰ ਹੈ। ਜਦੋਂ ਬਾਦ ਵਿਚ ਉਹ ਉਸ ਮੁੰਡੇ ਨੂੰ ਮਿਲਿਆ ਜਿਸ ਨੇ ਇਕ ਵੱਡੇ ਕੁੱਤੇ ਦੀਆਂ ਝਿਮਣੀਆਂ ਪੁਟਣ ਦੀ ਕੋਸ਼ਿਸ਼ ਕੀਤੀ ਸੀ, ਤਾਂ ਡੈਡੀ ਤੇ ਉਹ ਮੁੰਡਾ ਇਕ ਦੂਜੇ ਨੂੰ ਬੜੀ ਚੰਗੀ ਤਰ੍ਹਾਂ ਸਮਝ ਗਏ ਸਨ।

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੁੱਤੇ ਨੇ ਦੂਜੇ ਮੁੰਡੇ ਦੇ ਢਿੱਡ ਉਤੇ ਦੰਦ ਖੋਭਣ ਦੀ ਥਾਂ ਉਹਦੀਆਂ ਦੋਵੇਂ ਗੱਲ੍ਹਾਂ ਵੱਢ ਖਾਧੀਆਂ ਸਨ। ਉਸ ਨੂੰ ਵੀ ਆਪਣੇ ਢਿੱਡ ਵਿਚ ਹੀ ਟੀਕੇ ਲਵਾਉਣੇ ਪਏ ਸਨ।

ਡੈਡੀ ਨੇ ਕਵਿਤਾ ਕਿਵੇਂ ਲਿਖੀ

ਜਦੋਂ ਡੈਡੀ ਹਾਲੇ ਬਹੁਤ ਛੋਟਾ ਹੁੰਦਾ ਸੀ, ਉਹ ਬਹੁਤ ਜ਼ਿਆਦਾ ਪੜ੍ਹਦਾ ਸੀ। ਉਹ ਚਹੁੰ ਸਾਲਾਂ ਦਾ ਸੀ ਜਦੋਂ ਉਹਨੂੰ ਪੜ੍ਹਨਾ ਆ ਗਿਆ ਤੇ ਪੜ੍ਹਨ ਤੋਂ ਬਿਨਾਂ ਉਹ ਹੋਰ ਕੁਝ ਕਰਨਾ ਹੀ ਨਹੀਂ ਸੀ ਚਾਹੁੰਦਾ। ਜਦੋਂ ਦੂਜੇ ਬੱਚੇ ਏਧਰ ਓਧਰ ਭੱਜੇ ਫਿਰਦੇ ਤੇ ਤਰ੍ਹਾਂ ਤਰ੍ਹਾਂ ਦੀਆਂ ਦਿਲਚਸਪ ਖੇਡਾਂ ਖੇਡਦੇ ਹੁੰਦੇ, ਬਾਲ ਡੈਡੀ ਪੜ੍ਹਦਾ ਰਹਿੰਦਾ, ਪੜ੍ਹਦਾ ਰਹਿੰਦਾ। ਅਖੀਰ, ਦਾਦੇ ਤੇ ਦਾਦੀ ਨੂੰ ਚਿੰਤਾ ਹੋਣ ਲੱਗੀ। ਉਹਨਾਂ ਸੋਚਿਆ ਕਿ ਹਰ ਵੇਲੇ ਪੜ੍ਹਦੇ ਰਹਿਣਾ ਹਾਨੀਕਾਰਕ ਗੱਲ ਹੈ। ਉਹ ਉਸ ਨੂੰ ਕਿਤਾਬਾਂ ਦੇਣੋਂ ਹਟ ਗਏ ਤੇ ਉਹਨੂੰ ਦਿਨ ਵਿਚ ਤਿੰਨ ਘੰਟੇ ਤੋਂ ਵਧ ਨਾ ਪੜ੍ਹਨ ਦੇਂਦੇ। ਪਰ ਇਸ ਦਾ ਕੋਈ ਫਾਇਦਾ ਨਾ ਹੋਇਆ। ਬਾਲ ਡੈਡੀ ਹਾਲੇ ਵੀ ਸਵੇਰ

ਤੋਂ ਲੈ ਕੇ ਰਾਤ ਤੱਕ ਪੜ੍ਹਦਾ ਰਹਿੰਦਾ। ਉਹ ਤਿੰਨ ਘੰਟੇ ਐਸੀ ਥਾਂ ਬੈਠਾ ਪੜ੍ਹਦਾ ਰਹਿੰਦਾ ਜਿਥੇ ਹਰ ਕੋਈ ਉਸ ਨੂੰ ਵੇਖ ਸਕਦਾ। ਉਸ ਤੋਂ ਬਾਦ ਉਹ ਗ਼ਾਇਬ ਹੋ ਜਾਂਦਾ। ਉਹ ਮੰਜੇ ਹੇਠਾਂ ਲੁਕ ਜਾਂਦਾ ਤੇ ਓਥੇ ਪੜ੍ਹਦਾ ਰਹਿੰਦਾ। ਉਹ ਮਮਟੀ ਵਿਚ ਜਾ ਲੁਕਦਾ ਤੇ ਓਥੇ ਪੜ੍ਹਦਾ ਰਹਿੰਦਾ। ਉਹ ਘਾਹ ਵਾਲੀ ਅਟਾਰੀ ਵਿਚ ਲੁਕ ਜਾਂਦਾ ਤੇ ਓਥੇ ਪੜ੍ਹਦਾ ਰਹਿੰਦਾ। ਘਾਹ ਵਾਲੀ ਅਟਾਰੀ ਵਿਚ ਪੜ੍ਹਨ ਦਾ ਬੜਾ ਸਵਾਦ ਆਉਂਦਾ ਸੀ। ਸੱਜਰੇ ਘਾਹ ਦੀ ਮਿੱਠੀ ਮਿੱਠੀ ਮਹਿਕ ਆਉਂਦੀ। ਓਥੇ ਉਸ ਨੂੰ ਘਰ ਵਿਚ ਮੱਚੀ ਹਾਲ-ਪਾਹਰਿਆ ਸੁਣਾਈ ਦੇਂਦੀ ਜਿਥੇ ਮੰਜਿਆਂ ਹੇਠੋਂ ਸਾਰੇ ਉਹਨੂੰ ਲਭ ਰਹੇ ਹੁੰਦੇ। ਬਾਲ ਡੈਡੀ ਖਾਓ ਪੀਓ ਨਾਲ ਘਰ ਆਉਂਦਾ। ਉਸ ਨੂੰ ਸਜ਼ਾ ਮਿਲਦੀ। ਫੇਰ ਉਹ ਛੇਤੀ ਛੇਤੀ ਰੋਟੀ ਖਾਂਦਾ ਤੇ ਬਿਸਤਰੇ ਵਿਚ ਜਾ ਪੈਂਦਾ। ਅੱਧੀ ਰਾਤ ਗਈ ਉਹ ਜਾਗਦਾ ਤੇ ਬਤੀ ਜਗਾ ਲੈਂਦਾ ਤੇ ਸਵੇਰ ਤੱਕ ਲਗਾਤਾਰ ਪੜ੍ਹਦਾ ਰਹਿੰਦਾ। ਉਹ ਚੂਕੋਵਸਕੀ ਦੀ "ਮਗਰਮੱਛ," "ਗੂਲੀਵਰ ਦੇ ਸਫਰਨਾਮੇ," ਪੂਸ਼ਕਿਨ ਦੀਆਂ ਪਰੀ-ਕਹਾਣੀਆਂ, "ਅਲਫ ਲੈਲਾ ਦੀਆਂ ਕਹਾਣੀਆਂ," ਤੇ "ਰੋਬਿਨਸਨ ਕਰੂਸੋ" ਪੜ੍ਹਦਾ ਰਹਿੰਦਾ। ਦੁਨੀਆ ਵਿਚ ਦਿਲਚਸਪ ਕਿਤਾਬਾਂ ਦਾ ਕੋਈ ਅੰਤ ਨਹੀਂ ਸੀ। ਉਹ ਸਾਰੀਆਂ ਕਿਤਾਬਾਂ ਹੀ ਪੜ੍ਹਨਾ ਚਾਹੁੰਦਾ ਸੀ। ਛੇਤੀ ਛੇਤੀ ਵਕਤ ਬੀਤਦਾ ਜਾਂਦਾ ਸੀ। ਦਾਦੀ ਅੰਦਰ ਆਉਂਦੀ, ਉਹਦੇ ਹਥੋਂ ਕਿਤਾਬ ਫੜ ਲੈਂਦੀ ਤੇ ਬੱਤੀ ਬੁਝਾ ਦੇਂਦੀ। ਥੋੜੇ ਚਿਰ ਮਗਰੋਂ, ਡੈਡੀ ਫੇਰ ਬੱਤੀ ਜਗਾ ਲੈਂਦਾ ਤੇ ਕੋਈ ਦੂਸਰੀ ਕਿਤਾਬ ਫੜ ਲੈਂਦਾ ਜਿਹੜੀ ਪਹਿਲੀ ਜਿੰਨੀ ਹੀ ਦਿਲਚਸਪ ਹੁੰਦੀ। ਫੇਰ ਦਾਦਾ ਅੰਦਰ ਆ ਵੜਦਾ, ਉਹਦੇ ਹਥੋਂ ਕਿਤਾਬ ਫੜ ਲੈਂਦਾ ਤੇ ਬੱਤੀ ਬੁਝਾ ਦੇਂਦਾ ਤੇ ਹਨੇਰੇ ਵਿਚ ਹੀ ਬਾਲ ਡੈਡੀ ਨੂੰ ਛਿਤਰੌਲ ਫੇਰਦਾ।

ਇਸ ਨਾਲ ਉਹਨੂੰ ਪੀੜ ਨਹੀਂ ਸੀ ਹੁੰਦੀ, ਪਰ ਦਿਲ ਨੂੰ ਠੇਸ ਲੱਗਦੀ ਸੀ।

ਇਸ ਸਭ ਕੁਝ ਦਾ ਨਤੀਜਾ ਬੜਾ ਮਾੜਾ ਨਿਕਲਿਆ। ਪਹਿਲੀ ਗੱਲ, ਬਾਲ ਡੈਡੀ ਦੀ ਨਜ਼ਰ ਖਰਾਬ ਹੋ ਗਈ। ਆਖਰ ਮੰਜੇ ਹੇਠਾਂ, ਮਮਟੀ ਵਿਚ ਤੇ ਘਾਹ ਵਾਲੀ ਅਟਾਰੀ ਵਿਚ ਚਾਨਣ ਬਹੁਤ ਘਟ ਹੁੰਦਾ ਸੀ। ਇਸ ਤੋਂ ਇਲਾਵਾ, ਉਸ ਨੇ ਬਿਸਤਰੇ ਵਿਚ ਪਿਆਂ ਕੰਬਲ ਹੇਠਾਂ ਹੀ ਪੜ੍ਹਨ ਦਾ ਰਾਹ ਲਭ ਲਿਆ ਸੀ ਜਿਸ ਵਿਚ ਚਾਨਣ ਵਾਸਤੇ ਉਹਨੇ ਇਕ ਨਿੱਕੀ ਜਿਹੀ ਮੋਰੀ ਕਰ ਲਈ ਸੀ। ਲੰਮੇ ਪੈ ਕੇ ਅਤੇ ਥੋੜੀ ਰੋਸ਼ਨੀ ਵਿਚ ਪੜ੍ਹਨਾ ਸਿਹਤ ਵਾਸਤੇ ਬਹੁਤ ਮਾੜਾ ਹੁੰਦਾ ਹੈ। ਸੋ ਬਾਲ ਡੈਡੀ ਨੂੰ ਐਨਕ ਲਵਾਉਣੀ ਪਈ।

ਏਹੋ ਦਿਨ ਸਨ ਜਦੋਂ ਬਾਲ ਡੈਡੀ ਨੇ ਤੁਕਾਂ ਜੋੜਨੀਆਂ ਸ਼ੁਰੂ ਕਰ ਦਿੱਤੀਆਂ।

ਉਸ ਨੇ ਬਿੱਲੀ ਵੇਖੀ ਤੇ ਆਖਿਆ : ਬਿੱਲੀ
ਤੇਰੀ ਪੂਛ ਹਿੱਲੀ।

ਉਸ ਨੇ ਕੁੱਤਾ ਵੇਖਿਆ ਤੇ ਆਖਿਆ : ਡੱਬੂ
ਤੈਨੂੰ ਰੋਟੀ ਕਿਥੋਂ ਲੱਭੂ।
ਉਸ ਨੇ ਕੁੱਕੜ ਵੇਖਿਆ ਤੇ ਆਖਿਆ : ਕੁੱਕੜ ਘੜੂੰ !
ਕੀ ਲਭਦਾ ਏਂ ਤੂੰ ?
ਉਸ ਨੇ ਆਪਣਾ ਡੈਡੀ ਵੇਖਿਆ ਤੇ ਆਖਿਆ : ਡੈਡੀ ਪਿਆਰੇ ,
ਦੇ ਸ਼ਕਰਪਾਰੇ !

ਦਾਦੀ ਤੇ ਦਾਦੇ ਨੂੰ ਉਹਦੀਆਂ ਜੋੜੀਆਂ ਤੁਕਾਂ ਬਹੁਤ ਚੰਗੀਆਂ ਲੱਗਦੀਆਂ ਸਨ। ਉਹਨਾਂ ਨੇ ਇਹ ਲਿਖ ਲਈਆਂ ਸਨ। ਉਹ ਮਹਿਮਾਨਾਂ ਨੂੰ ਪੜ੍ਹ ਕੇ ਸੁਣਾਉਂਦੇ ਸਨ। ਅਗੋਂ ਮਹਿਮਾਨ ਵੀ ਲਿਖ ਲੈਂਦੇ ਸਨ। ਤੇ ਹੁਣ, ਜਦੋਂ ਵੀ ਕੋਈ ਮਹਿਮਾਨ ਆਉਂਦੇ, ਉਹ ਬਾਲ ਡੈਡੀ ਨੂੰ ਆਖਦੇ :

"ਆਪਣੀ ਕਵਿਤਾ ਤਾਂ ਸੁਣਾ ਸਾਨੂੰ !"

ਤੇ ਬਾਲ ਡੈਡੀ ਖੁਸ਼ ਹੋ ਕੇ ਬਿੱਲੀ ਬਾਰੇ ਜੋੜੀਆਂ ਨਵੀਆਂ ਤੁਕਾਂ ਸੁਣਾ ਦੇਂਦਾ। ਆਖਰੀ ਪੰਗਤੀ ਇਸ ਤਰ੍ਹਾਂ ਸੀ :

ਵਾਸਕਾ ਬਿੱਲੀ ਦਾ ਇਹ ਹਾਲ
ਬਾਰੀ ਵਿਚੋਂ ਮਾਰੇ ਛਾਲ !

ਮਹਿਮਾਨ ਖਿੜ ਖਿੜਾ ਕੇ ਹੱਸ ਪੈਂਦੇ। ਉਹ ਸਮਝਦੇ ਸਨ ਕਿ ਕਵਿਤਾ ਅਸਲੋਂ ਭੈੜੀ ਹੈ। ਕੋਈ ਵੀ ਇਸ ਤਰ੍ਹਾਂ ਦੀਆਂ ਤੁਕਾਂ ਜੋੜ ਸਕਦਾ ਹੈ। ਪਰ ਬਾਲ ਡੈਡੀ ਦਾ ਖਿਆਲ ਸੀ ਕਿ ਕਵਿਤਾ ਬਹੁਤ ਹੀ ਵਧੀਆ ਹੈ। ਉਹ ਸਮਝਦਾ ਸੀ ਕਿ ਇਹ ਲੋਕ ਖੁਸ਼ ਹੋ ਕੇ ਹੱਸ ਰਹੇ ਹਨ। ਉਸ ਨੇ ਆਪਣੇ ਮਨ ਵਿਚ ਸੋਚਿਆ ਕਿ ਉਹ ਇਕ ਅਸਲ ਕਵੀ ਹੈ। ਉਹ ਜਨਮ ਦਿਨ ਦੀ ਪਾਰਟੀ ਵਿਚ ਕੇਕ ਕੱਟਣ ਤੋਂ ਪਹਿਲਾਂ ਤੇ ਮਗਰੋਂ ਆਪਣੀਆਂ ਕਵਿਤਾਵਾਂ ਸੁਣਾਉਂਦਾ ਹੁੰਦਾ ਸੀ। ਜਦੋਂ ਮਾਸੀ ਲੀਜ਼ਾ ਦਾ ਵਿਆਹ ਹੋਇਆ ਓਦੋਂ ਵੀ ਉਹਨੇ ਆਪਣੀ ਇਕ ਕਵਿਤਾ ਸੁਣਾਈ ਸੀ। ਪਰ ਇਸ ਵਾਰੀ ਕਵਿਤਾ ਬਹੁਤੀ ਚੰਗੀ ਨਹੀਂ ਸੀ ਕਿਉਂਕਿ ਇਸ ਦੀਆਂ ਪਹਿਲੀਆਂ ਸਤਰਾਂ ਸਨ :

ਕਦੋਂ ਕਿਸੇ ਸੀ ਇੰਜ ਸੋਚਿਆ
ਵਿਆਹੀ ਜਾਊ ਮਾਸੀ ਲੀਜ਼ਾ ?

ਸਭ ਮਹਿਮਾਨ ਠਹਾਕੇ ਮਾਰ ਕੇ ਹੱਸ ਪਏ, ਪਰ ਮਾਸੀ ਲੀਜ਼ਾ ਦੇ ਅਥਰੂ ਛਲਕ ਆਏ ਤੇ ਉਹ ਦੌੜ ਕੇ ਆਪਣੇ ਕਮਰੇ ਵਿਚ ਚਲੀ ਗਈ। ਲਾੜਾ ਨਹੀਂ ਸੀ ਹੱਸਿਆ, ਭਾਵੇਂ ਉਹਦੀਆਂ ਅੱਖਾਂ ਵਿਚ ਅਥਰੂ ਵੀ ਨਹੀਂ ਸੀ ਆਏ। ਡੈਡੀ ਨੂੰ ਕੋਈ ਸਜ਼ਾ ਨਹੀਂ ਸੀ ਮਿਲੀ ਕਿਉਂਕਿ ਉਹਦਾ ਮਕਸਦ ਮਾਸੀ ਲੀਜ਼ਾ ਦਾ ਦਿਲ ਦੁਖਾਉਣਾ ਨਹੀਂ ਸੀ। ਪਰ ਉਸ ਨੂੰ ਇਹ ਪਤਾ ਲੱਗ ਗਿਆ ਕਿ ਉਹਦੇ ਬਹੁਤ ਸਾਰੇ ਵਾਕਫ ਉਹਦੀ ਕਵਿਤਾ ਤੋਂ ਏਨੇ ਖ਼ੁਸ਼ ਨਹੀਂ ਸੀ ਹੋਏ ਜਿੱਨੇ ਪਹਿਲਾਂ ਹੁੰਦੇ ਸਨ। ਫੇਰ ਉਸ ਨੇ ਸੁਣਿਆ ਕਿ ਇਕ ਮਹਿਮਾਨ ਦੂਜੇ ਨੂੰ ਕਹਿ ਰਿਹਾ ਸੀ:

"ਆਸ ਹੈ ਇਹ ਅਲੋਕਾਰ ਮੁੰਡਾ ਇਸ ਤਰ੍ਹਾਂ ਦੀ ਹੋਰ ਬਕਵਾਸ ਨਹੀਂ ਸੁਣਾਏਗਾ!"

ਡੈਡੀ ਦਾਦੀ ਕੋਲ ਗਿਆ ਤੇ ਪੁੱਛਣ ਲੱਗਾ: "ਅਲੋਕਾਰ ਦਾ ਕੀ ਮਤਲਬ ਹੁੰਦਾ ਏ?"

"ਅਨੋਖਾ ਬੱਚਾ," ਦਾਦੀ ਨੇ ਆਖਿਆ।

"ਉਹ ਕੀ ਕਰਦਾ ਏ?"

"ਉਹ, ਵਾਇਲਿਨ ਵਜਾਉਂਦਾ ਏ, ਜਾਂ ਹਿਸਾਬ ਵਿਚ ਬੜਾ ਸਿਆਣਾ ਹੁੰਦਾ ਏ, ਜਾਂ ਉਹ ਵਿਚਾਰੀ ਮਾਂ ਨੂੰ ਸਵਾਲ ਪੁੱਛ ਪੁੱਛ ਪ੍ਰੇਸ਼ਾਨ ਨਹੀਂ ਕਰਦਾ।"

"ਤੇ ਜਦੋਂ ਉਹ ਵੱਡਾ ਹੋ ਜਾਵੇ?"

"ਤੱਦ ਆਮ ਕਰਕੇ ਮਾਮੂਲੀ ਜਿਹਾ ਆਦਮੀ ਬਣ ਜਾਂਦਾ ਏ।"

"ਸ਼ੁਕਰੀਆ," ਡੈਡੀ ਨੇ ਆਖਿਆ। "ਮੈਂ ਸਮਝ ਗਿਆਂ।"

ਅਗਲੇ ਸਾਲ ਜਨਮ ਦਿਨ ਦੀ ਪਾਰਟੀ 'ਤੇ ਉਹਨੇ ਕੋਈ ਕਵਿਤਾ ਨਹੀਂ ਸੀ ਸੁਣਾਈ। ਉਸ ਨੇ ਆਖਿਆ ਕਿ ਮੇਰੇ ਸਿਰਪੀੜ ਹੁੰਦੀ ਹੈ। ਉਸ ਤੋਂ ਬਾਦ ਉਹਨੇ ਢੇਰ ਚਿਰ ਤੱਕ ਕੋਈ ਕਵਿਤਾ ਨਹੀਂ ਲਿਖੀ। ਤੇ ਹੁਣ ਵੀ ਜਦੋਂ ਕੋਈ ਜਨਮ ਦਿਨ ਦੀ ਪਾਰਟੀ ਵੇਲੇ ਉਹਨੂੰ ਕੋਈ ਆਪਣੀ ਕਵਿਤਾ ਸੁਣਾਉਣ ਲਈ ਆਖੇ ਤਾਂ ਉਹਦਾ ਸਿਰ ਪੀੜ ਕਰਨ ਲੱਗ ਜਾਂਦਾ ਹੈ।

ਡੈਡੀ ਨੇ ਪ੍ਰੋਫੈਸਰ ਨੂੰ ਦੰਦੀ ਕਿਵੇਂ ਵੱਢੀ



ਜਦੋਂ ਡੈਡੀ ਛੋਟਾ ਹੁੰਦਾ ਸੀ ਉਹ ਹਮੇਸ਼ਾ ਬੀਮਾਰ ਰਹਿੰਦਾ ਸੀ। ਉਹ ਹਰ ਵੇਲੇ ਛਿੱਕਾਂ ਮਾਰਦਾ ਤੇ ਖੰਘਦਾ ਰਹਿੰਦਾ। ਕਦੇ ਉਹਦਾ ਗਲਾ ਖ਼ਰਾਬ ਹੋ ਜਾਂਦਾ, ਕਦੇ ਉਹਦਾ ਕੰਨ ਪੀੜ ਕਰਨ ਲੱਗ ਜਾਂਦਾ। ਅਖੀਰ ਇਕ ਦਿਨ ਉਹਦੇ ਮਾਪੇ ਉਹਨੂੰ ਡਾਕਟਰ ਕੋਲ ਲੈ ਗਏ ਜਿਸ ਦੇ ਦਰਵਾਜ਼ੇ ਦੇ ਬਾਹਰ ਫੱਟੀ ਲੱਗੀ ਹੋਈ ਸੀ "ਨੱਕ, ਕੰਨ ਤੇ ਗਲੇ ਦਾ ਮਾਹਿਰ।"

"ਏਹ ਉਹਦਾ ਨਾਂ ਏ?" ਬਾਲ ਡੈਡੀ ਨੇ ਦਾਦੇ ਤੇ ਦਾਦੀ ਨੂੰ ਪੁੱਛਿਆ।

"ਨਹੀਂ," ਉਹਨਾਂ ਆਖਿਆ। "ਉਹ ਇਹਨਾਂ ਦਾ ਇਲਾਜ ਕਰਦਾ ਹੈ। ਤੇ ਚੁੱਪ ਕਰ ਜਾ ਹੁਣ!"

ਡਾਕਟਰ ਨੇ ਡੈਡੀ ਦੇ ਕੰਨ ਦਾ, ਡੈਡੀ ਦੇ ਨੱਕ ਦਾ ਤੇ ਡੈਡੀ ਦੇ ਗਲੇ ਦਾ ਮੁਆਇਨਾ ਕਰਨ ਮਗਰੋਂ ਆਖਿਆ ਕਿ ਅਪਰੇਸ਼ਨ ਕਰਨਾ ਪਵੇਗਾ। ਸੋ ਉਹ ਡੈਡੀ ਨੂੰ ਮਾਸਕੋ ਲੈ ਗਏ। ਉਸ ਨੂੰ ਗਲੇ ਦੀਆਂ ਗਿਲਟੀਆਂ ਕਢਾਉਣੀਆਂ ਪਈਆਂ।

ਬਹੁਤ ਬੁੱਢੇ, ਬਹੁਤ ਸਖ਼ਤ ਸੁਭਾ ਤੇ ਬਹੁਤ ਹੀ ਧੌਲੇ ਵਾਲਾਂ ਵਾਲੇ ਪ੍ਰੋਫੈਸਰ ਨੇ ਆਖਿਆ:

"ਮੂੰਹ ਖੋਹਲ, ਕਾਕਾ।"

ਤੇ ਜਦੋਂ ਡੈਡੀ ਨੇ ਆਪਣਾ ਮੂੰਹ ਖੋਹਲ ਦਿੱਤਾ ਤਾਂ ਉਹਨੇ ਉਸ ਦਾ ਧੰਨਵਾਦ ਵੀ ਨਾ ਕੀਤਾ ਤੇ ਉਹਦੇ ਮੂੰਹ ਵਿਚ ਹੱਥ ਪਾ ਕੇ ਸੱਜੇ ਖੱਬੇ ਉਂਗਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਨਾਲ ਬੜੀ ਪੀੜ ਹੁੰਦੀ ਸੀ ਤੇ ਦਿਲ ਖ਼ਰਾਬ ਹੁੰਦਾ ਸੀ। ਇਸੇ ਕਰਕੇ ਹੀ, ਜਦੋਂ ਪ੍ਰੋਫੈਸਰ ਨੇ ਆਖਿਆ: "ਹਾਂ, ਏਥੇ ਨੇ!" ਤੇ ਹੋਰ ਜ਼ੋਰ ਨਾਲ ਦਬਾਇਆ, ਅਚਾਨਕ ਉਸ ਨੇ ਚੀਕ ਮਾਰੀ ਤੇ ਝਟਕੇ ਨਾਲ ਡੈਡੀ ਦੇ ਮੂੰਹ ਵਿਚੋਂ ਹੱਥ ਬਾਹਰ ਕੱਢ ਲਿਆ। ਸਾਰਿਆਂ ਨੇ ਵੇਖਿਆ ਕਿ ਉਸ ਦੇ ਅੰਗੂਠੇ ਵਿਚੋਂ ਲਹੂ ਵਗ ਰਿਹਾ ਸੀ। ਡਾਕਟਰ ਦੇ ਦਫਤਰ ਵਿਚ ਚੁੱਪ ਵਰਤ ਗਈ। ਫੇਰ ਪ੍ਰੋਫੈਸਰ ਨੇ ਆਖਿਆ:

"ਆਇਓਡੀਨ।"

ਉਸ ਨੂੰ ਆਇਓਡੀਨ ਲਿਆ ਕੇ ਦਿੱਤੀ ਗਈ। ਉਸ ਨੇ ਥੋੜੀ ਜਿਹੀ ਆਪਣੇ ਅੰਗੂਠੇ ਉਤੇ ਲਾ ਲਈ। ਫੇਰ ਉਸ ਨੇ ਆਖਿਆ:

"ਪੱਟੀ ਤੇ ਰੂੰ!"

ਉਸ ਨੂੰ ਪੱਟੀ ਤੇ ਰੂੰ ਦਿੱਤਾ ਗਿਆ ਤੇ ਉਹਨੇ ਆਪਣੇ ਦੂਜੇ ਹੱਥ ਨਾਲ ਅੰਗੂਠੇ ਉਤੇ ਪੱਟੀ ਬੰਨ੍ਹ ਲਈ।

ਫੇਰ ਪ੍ਰੋਫੈਸਰ ਨੇ ਮਧਮ ਜਿਹੀ ਆਵਾਜ਼ ਵਿਚ ਆਖਿਆ:

"ਚਾਲੀ ਸਾਲ ਹੋ ਗਏ ਮੈਨੂੰ ਕੰਮ ਕਰਦਿਆਂ ਤੇ ਇਹ ਪਹਿਲੀ ਵਾਰ ਮੈਨੂੰ ਦੰਦੀ ਵੱਢੀ ਗਈ ਹੈ। ਇਸ ਬੱਚੇ ਦਾ ਅਪਰੇਸ਼ਨ ਕਰਾਉਣ ਲਈ ਕੋਈ ਹੋਰ ਬੰਦਾ ਲਭੋ। ਮੈਂ ਚਲਿਆ ਹਾਂ। ਮੈਂ ਹੱਥ ਨਹੀਂ ਹਿਲਾਉਣਾ।"

ਇਸ ਤੋਂ ਬਾਦ ਉਹਨੇ ਸਾਬਣ ਮਲ ਕੇ ਆਪਣੇ ਹੱਥ ਧੋਤੇ ਤੇ ਚਲਾ ਗਿਆ। ਉਸ ਵੇਲੇ ਦਾਦੇ ਨੂੰ ਡੈਡੀ 'ਤੇ ਬੜਾ ਗੁੱਸਾ ਆਇਆ ਸੀ। ਉਸ ਨੇ ਆਖਿਆ:

"ਤੈਨੂੰ ਮਾਸਕੋ ਲਿਆਂਦਾ। ਤੇਰਾ ਇਲਾਜ ਕਰਾਇਆ। ਤੇ ਤੂੰ ਕੀ ਕੀਤਾ? ਹੁਣ ਇਹ ਸਮਝ ਲੈ ਕਿ ਨੇੜੇ ਹੀ ਇਕ ਦੰਦਾਂ ਵਾਲਾ ਡਾਕਟਰ ਹੈ। ਜਿਹੜੇ ਬੱਚੇ ਦੰਦੀਆਂ ਵੱਢਦੇ ਨੇ ਉਹਨਾਂ ਨੂੰ ਉਹਦੇ ਕੋਲ ਖੜਦੇ ਨੇ। ਖਬਰੇ ਤੇਰਾ ਵੀ ਉਹਦੇ ਕੋਲ ਜਾਣ ਨੂੰ ਜੀਅ ਕਰਦਾ ਹੈ?

ਤੇ ਅਪਰੇਸ਼ਨ ਤੋਂ ਮਗਰੋਂ ਮੈਂ ਤੈਨੂੰ ਆਈਸਕ੍ਰੀਮ ਲੈ ਕੇ ਦੇਵਾਂਗਾ।"

ਜਦੋਂ ਡੈਡੀ ਨੇ ਆਈਸਕ੍ਰੀਮ ਦਾ ਨਾਂ ਸੁਣਿਆ ਤਾਂ ਉਹ ਸੋਚੀਂ ਪੈ ਗਿਆ। ਗੱਲ ਇਹ ਸੀ ਕਿ ਉਸ ਨੂੰ ਆਈਸਕ੍ਰੀਮ ਨਹੀਂ ਸੀ ਖਾਣ ਦਿੱਤੀ ਜਾਂਦੀ। ਦਾਦੇ ਤੇ ਦਾਦੀ ਨੂੰ ਇਹ ਡਰ ਸੀ ਕਿ ਉਸ ਦਾ ਕੰਨ, ਨੱਕ ਤੇ ਗਲਾ ਹੋਰ ਬਹੁਤਾ ਖ਼ਰਾਬ ਹੋ ਜਾਏਗਾ। ਪਰ ਡੈਡੀ ਨੂੰ ਆਈਸਕ੍ਰੀਮ ਬਹੁਤ ਪਸੰਦ ਸੀ। ਉਹਨਾਂ ਨੇ ਆਖਿਆ ਕਿ ਐਸੇ ਅਪਰੇਸ਼ਨ ਤੋਂ ਮਗਰੋਂ ਸਭ ਬੱਚਿਆਂ ਨੂੰ ਆਈਸਕ੍ਰੀਮ ਖਾਣੀ ਪੈਂਦੀ ਹੈ, ਇਸ ਨਾਲ ਬੜਾ ਫਾਇਦਾ ਹੁੰਦਾ ਹੈ, ਇਸ ਨਾਲ ਲਹੂ ਵਗਣਾ ਬੰਦ ਹੋ ਜਾਂਦਾ ਹੈ। ਉਹਨਾਂ ਦਿਨਾਂ ਵਿਚ ਇਸ ਤਰ੍ਹਾਂ ਹੀ ਕੀਤਾ ਜਾਂਦਾ ਸੀ। ਸੋ, ਆਈਸਕ੍ਰੀਮ ਬਾਰੇ ਸੋਚ ਕੇ, ਡੈਡੀ ਨੇ ਆਖਿਆ :

"ਮੈਂ ਹੁਣ ਦੰਦੀ ਨਹੀਂ ਵੱਢਾਂਗਾ..."

ਤਾਂ ਵੀ ਨੌਜਵਾਨ ਡਾਕਟਰ ਨੇ, ਜਿਸ ਨੇ ਅਪਰੇਸ਼ਨ ਕੀਤਾ, ਡੈਡੀ ਨੂੰ ਤਾੜਨਾ ਕੀਤੀ :

"ਯਾਦ ਰੱਖੀਂ, ਤੂੰ ਵਾਅਦਾ ਕੀਤਾ ਹੈ!"

ਤੇ ਡੈਡੀ ਨੇ ਇਕ ਵਾਰੀ ਫੇਰ ਆਖਿਆ :

"ਮੈਂ ਦੰਦੀ ਨਹੀਂ ਵੱਢਾਂਗਾ।"

ਉਹਨਾਂ ਨੇ ਡੈਡੀ ਨੂੰ ਇਕ ਖਾਸ ਕਿਸਮ ਦੀ ਕੁਰਸੀ ਵਿਚ ਬਿਠਾ ਲਿਆ ਤੇ ਉਸ ਦੀਆਂ ਲੱਤਾਂ ਬਾਹਵਾਂ ਫੜ ਲਈਆਂ। ਇੰਜ ਇਸ ਵਾਸਤੇ ਨਹੀਂ ਸੀ ਕੀਤਾ ਗਿਆ ਕਿ ਉਹ ਦੰਦੀ ਵੱਢ ਦੇਵੇਗਾ। ਸਾਰੇ ਬੱਚਿਆਂ ਨੂੰ ਇਸ ਤਰ੍ਹਾਂ ਹੀ ਫੜ ਲਿਆ ਜਾਂਦਾ ਸੀ ਤਾਂ ਜੋ ਉਹ ਡਾਕਟਰ ਦੇ ਕੰਮ ਵਿਚ ਰੁਕਾਵਟ ਨਾ ਪਾਉਣ। ਪੀੜ ਬਹੁਤ ਹੋਈ ਸੀ। ਪਰ ਡੈਡੀ ਸਾਰਾ ਵਕਤ ਆਈਸਕ੍ਰੀਮ ਬਾਰੇ ਹੀ ਸੋਚਦਾ ਰਿਹਾ ਸੀ। ਫੇਰ ਡਾਕਟਰ ਨੇ ਆਖਿਆ :

"ਲੈ, ਮੁਕ ਗਿਆ ਕੰਮ! ਸ਼ਾਬਾਸ਼! ਤੂੰ ਤਾਂ ਰੋਇਆ ਵੀ ਨਹੀਂ।"

ਡੈਡੀ ਬੜਾ ਖੁਸ਼ ਸੀ। ਫੇਰ ਡਾਕਟਰ ਨੇ ਅਚਾਨਕ ਆਖਿਆ :

"ਉਫ, ਮਾਫ ਕਰਨਾ, ਭੋਰਾ ਕੁ ਰਹਿ ਗਿਆ। ਥੋੜ੍ਹਾ ਜਿਹਾ ਹੋਰ ਸਬਰ ਕਰ ਲਵੇਂਗਾ।"

"ਕਰ ਲਊਂ," ਡੈਡੀ ਨੇ ਆਖਿਆ ਤੇ ਇਕ ਵਾਰੀ ਫੇਰ ਆਈਸਕ੍ਰੀਮ ਬਾਰੇ ਸੋਚਣ ਲੱਗ ਪਿਆ।

"ਬਸ," ਡਾਕਟਰ ਨੇ ਆਖਿਆ," ਹੁਣ ਬਿਲਕੁਲ ਬਸ! ਸ਼ਾਬਾਸ਼! ਹੁਣ ਕੁਝ ਨਹੀਂ ਰਿਹਾ। ਹੁਣ ਤੂੰ ਆਈਸਕ੍ਰੀਮ ਖਾ ਸਕਦਾ ਏਂ। ਕਿਹੜੀ ਚੰਗੀ ਲੱਗਦੀ ਏ ਤੈਨੂੰ?"

"ਮਲਾਈ ਵਾਲੀ," ਡੈਡੀ ਨੇ ਆਖਿਆ ਤੇ ਦਾਦੇ ਵੱਲ ਵੇਖਿਆ। ਪਰ ਦਾਦਾ ਡੈਡੀ ਨਾਲ ਅਜੇ ਵੀ ਗੁੱਸੇ ਸੀ।

"ਤੂੰ ਆਈਸਕ੍ਰੀਮ ਤੋਂ ਬਿਨਾਂ ਹੀ ਰਹਿ ਸਕਦਾ ਏਂ!" ਉਹਨੇ ਆਖਿਆ। "ਮੁੜਕੇ ਦੰਦੀ ਨਹੀਂ ਵੱਢੇਂਗਾ।"

ਤੇ ਹੁਣ ਜਦੋਂ ਇਹ ਪਤਾ ਲੱਗਾ ਕਿ ਆਈਸਕ੍ਰੀਮ ਨਹੀਂ ਮਿਲੇਗੀ ਤਾਂ ਡੈਡੀ ਦੀਆਂ ਅੱਖਾਂ ਵਿਚ ਅਥਰੂ ਆ ਗਏ। ਸਾਰਿਆਂ ਨੂੰ ਉਹਦੇ ਉੱਤੇ ਬੜਾ ਤਰਸ ਆਇਆ। ਪਰ ਦਾਦਾ ਨਹੀਂ ਸੀ ਮੰਨਿਆ। ਡੈਡੀ ਨੂੰ ਇਹ ਗੱਲ ਏਡੀ ਵੱਡੀ ਬੇਇਨਸਾਫੀ ਲੱਗੀ ਸੀ ਕਿ ਉਹਨੂੰ ਅੱਜ ਤੱਕ ਇਹ ਨਹੀਂ ਭੁੱਲੀ। ਉਸ ਦਿਨ ਤੋਂ ਮਗਰੋਂ ਉਹਨੇ ਭਾਵੇਂ ਕਿੰਨੀ ਵੀ ਤਰ੍ਹਾਂ ਤਰ੍ਹਾਂ ਦੀ ਆਈਸਕ੍ਰੀਮ ਖਾਧੀ—ਮਲਾਈ ਵਾਲੀ, ਚਾਕਲੇਟ ਵਾਡੀ, ਕਿ ਸਟਰਾਬੇਰੀ ਵਾਲੀ ਕਿ ਹੋਰ ਕਿਹੜੀ ਕਿਹੜੀ—ਉਹ ਉਸ ਆਈਸਕ੍ਰੀਮ ਨੂੰ ਨਹੀਂ ਭੁਲ ਸਕਦਾ ਜਿਹੜੀ ਅਪਰੇਸ਼ਨ ਤੋਂ ਮਗਰੋਂ ਉਹਨੂੰ ਦੇਣ ਦਾ ਵਾਅਦਾ ਕੀਤਾ ਗਿਆ ਸੀ।

ਅਪਰੇਸ਼ਨ ਤੋਂ ਬਾਦ ਡੈਡੀ ਘਟ ਹੀ ਕਦੇ ਬੀਮਾਰ ਹੋਇਆ ਸੀ। ਉਸ ਨੂੰ ਘਟ ਹੀ ਛਿੱਕਾਂ ਆਉਂਦੀਆਂ, ਘਟ ਹੀ ਖੰਘ ਆਉਂਦੀ ਤੇ ਉਹਦਾ ਗਲਾ ਤੇ ਕੰਨ ਵੀ ਘਟ ਹੀ ਦਰਦ ਕਰਦਾ।

ਅਪਰੇਸ਼ਨ ਨੇ ਡੈਡੀ ਦੀ ਬੜੀ ਸਹਾਇਤਾ ਕੀਤੀ। ਉਸ ਨੇ ਤੱਦ ਇਹ ਗੱਲ ਸਮਝ ਲਈ ਕਿ ਕਿਸੇ ਵੇਲੇ ਥੋੜੀ ਬਹੁਤੀ ਪੀੜ ਬਰਦਾਸ਼ਤ ਕਰਨੀ ਹੀ ਪੈਂਦੀ ਹੈ ਤਾਂ ਜੋ ਬਾਦ ਵਿਚ ਆਰਾਮ ਮਹਿਸੂਸ ਹੋਵੇ। ਤੇ ਉਸ ਤੋਂ ਬਾਦ ਭਾਵੇਂ ਕਈ ਵੱਖ ਵੱਖ ਡਾਕਟਰਾਂ ਨੇ ਉਸ ਨੂੰ ਚੀਰੇ ਦਿੱਤੇ ਤੇ ਸੂਈਆਂ ਚੋਭੀਆਂ, ਉਸ ਨੇ ਕਦੇ ਕਿਸੇ ਨੂੰ ਦੰਦੀ ਨਹੀਂ ਸੀ ਵੱਢੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਇਹ ਸਾਰੇ ਉਹਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਰ ਵਾਰੀ ਡਾਕਟਰ ਵਲੋਂ ਹੋ ਕੇ ਆਉਣ ਮਗਰੋਂ ਉਹ ਆਪ ਆਈਸਕ੍ਰੀਮ ਖਰੀਦ ਲੈਂਦਾ ਸੀ। ਕਿਉਂਕਿ ਆਈਸਕ੍ਰੀਮ ਡੈਡੀ ਨੂੰ ਅੱਜ ਤੱਕ ਪਸੰਦ ਹੈ।

ਡੈਡੀ ਨੇ ਕਿੱਤਾ ਕਿਵੇਂ ਚੁਣਿਆ

ਜਦੋਂ ਡੈਡੀ ਬਹੁਤ ਛੋਟਾ ਸੀ, ਉਸ ਨੂੰ ਇਕ ਸਵਾਲ ਅਕਸਰ ਪੁੱਛਿਆ ਜਾਂਦਾ ਸੀ। ਸਵਾਲ ਇਹ ਸੀ : "ਤੂੰ ਵੱਡਾ ਹੋ ਕੇ ਕੀ ਬਣੇਂਗਾ ?" ਡੈਡੀ ਕੋਲ ਇਸ ਸਵਾਲ ਦਾ ਜਵਾਬ ਹਮੇਸ਼ਾ ਤਿਆਰ ਹੁੰਦਾ ਸੀ। ਪਰ ਹਰ ਵਾਰੀ ਜਵਾਬ ਵੱਖਰਾ ਵੱਖਰਾ ਹੁੰਦਾ ਸੀ। ਸ਼ੁਰੂ ਵਿਚ ਡੈਡੀ ਰਾਤ ਵੇਲੇ ਪਹਿਰੇਦਾਰ ਦਾ ਕੰਮ ਕਰਨਾ ਚਾਹੁੰਦਾ ਸੀ। ਉਸ ਨੂੰ ਇਹ ਗੱਲ ਬੜੀ ਚੰਗੀ ਲੱਗਦੀ ਕਿ ਜਦੋਂ ਸਾਰਾ ਸ਼ਹਿਰ ਸੁੱਤਾ ਹੁੰਦਾ ਹੈ, ਪਹਿਰੇਦਾਰ ਜਾਗਦਾ ਹੁੰਦਾ ਹੈ। ਤੇ ਫੇਰ ਉਸ ਨੂੰ ਇਹ ਸੋਚ ਕੇ ਬੜਾ ਸਵਾਦ ਆਉਂਦਾ ਕਿ ਜਦੋਂ ਸਭ ਲੋਕ ਸੁੱਤੇ ਹੋਇਆ ਕਰਨਗੇ ਤਾਂ ਉਹ ਸ਼ੋਰ-ਸ਼ਰਾਬਾ ਕਰ ਸਕੇਗਾ। ਉਸ ਦਾ ਇਹ ਪੱਕਾ ਯਕੀਨ ਸੀ ਕਿ ਜਦੋਂ ਉਹ ਵੱਡਾ ਹੋ

ਜਾਏਗਾ ਤਾਂ ਉਹ ਪਹਿਰੇਦਾਰ ਬਣੇਗਾ। ਪਰ ਫੇਰ ਆਈਸਕ੍ਰੀਮ ਵਾਲਾ ਆਪਣੀ ਚਮਕਦਾਰ ਹਰੇ ਰੰਗ ਦੀ ਰੇੜ੍ਹੀ ਲੈ ਕੇ ਆ ਜਾਂਦਾ। ਉਹ ਰੇੜ੍ਹੀ ਨੂੰ ਧੱਕ ਸਕਦਾ ਸੀ। ਜਿੰਨੀ ਜੀਅ ਕਰੇ ਆਈਸਕ੍ਰੀਮ ਖਾ ਸਕਦਾ ਸੀ।

"ਮੈਂ ਆਈਸਕ੍ਰੀਮ ਦੀ ਇਕ ਟਿੱਕੀ ਵੇਚਾਂਗਾ ਤੇ ਇਕ ਆਪ ਖਾਇਆ ਕਰਾਂਗਾ!" ਡੈਡੀ ਨੇ ਸੋਚਿਆ। "ਤੇ ਮੈਂ ਛੋਟੇ ਛੋਟੇ ਬੱਚਿਆਂ ਨੂੰ ਮੁਫਤ ਆਈਸਕ੍ਰੀਮ ਖੁਆਇਆ ਕਰਾਂਗਾ।"

ਬਾਲ ਡੈਡੀ ਦੇ ਮਾਪੇ ਬੜੇ ਹੈਰਾਨ ਹੋਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦਾ ਪੁੱਤਰ ਆਈਸਕ੍ਰੀਮ ਵੇਚਣ ਵਾਲਾ ਬਣਨਾ ਚਾਹੁੰਦਾ ਹੈ। ਉਹ ਬੜਾ ਚਿਰ ਇਸ ਗੱਲ ਉਤੇ ਹੱਸਦੇ ਰਹੇ। ਪਰ ਉਹ ਆਪਣੀ ਇਸ ਗੱਲ ਉਤੇ ਅੜਿਆ ਰਿਹਾ। ਉਸ ਨੂੰ ਇਹ ਬੜਾ ਦਿਲਚਸਪ ਕਿੱਤਾ ਲੱਗਦਾ ਸੀ। ਫੇਰ ਇਕ ਦਿਨ ਬਾਲ ਡੈਡੀ ਨੇ ਰੇਲਵੇ ਸਟੇਸ਼ਨ ਉਤੇ ਇਕ ਅਜੀਬ ਆਦਮੀ ਵੇਖ ਲਿਆ। ਇਹ ਆਦਮੀ ਡੱਬਿਆਂ ਤੇ ਇੰਜਣਾਂ ਨਾਲ ਖੇਡ ਰਿਹਾ ਸੀ। ਹਾਂ, ਇਹ ਖਿਡੌਣੇ ਨਹੀਂ ਸਨ, ਅਸਲੀ ਡੱਬੇ ਤੇ ਅਸਲੀ ਇੰਜਨ ਸਨ। ਉਹ ਪਲੇਟਫਾਰਮਾਂ ਉਤੇ ਛਾਲਾਂ ਮਾਰਦਾ ਅਤੇ ਡੱਬਿਆਂ ਹੇਠਾਂ ਰੀਂਗਦਾ ਫਿਰਦਾ ਸੀ ਅਤੇ ਕੋਈ ਅਜੀਬ ਤੇ ਅਨੋਖੀ ਖੇਡ ਖੇਡ ਰਿਹਾ ਸੀ।

"ਏਹ ਕੌਣ ਏ?" ਡੈਡੀ ਨੇ ਪੁੱਛਿਆ।

"ਡੱਬਿਆਂ ਨੂੰ ਜੋੜਨ ਲਾਹੁਣ ਵਾਲਾ," ਉਹਨੂੰ ਜਵਾਬ ਮਿਲਿਆ।

ਤੇ ਹੁਣ ਬਾਲ ਡੈਡੀ ਨੂੰ ਅਖੀਰ ਇਹ ਸਮਝ ਆ ਗਈ ਕਿ ਉਸ ਨੇ ਕੀ ਬਣਨਾ ਹੈ। ਜ਼ਰਾ ਸੋਚੋ ਤਾਂ ਸਹੀ। ਉਹ ਰੇਲ ਦੇ ਡੱਬਿਆਂ ਨੂੰ ਜੋੜਿਆ ਲਾਹਿਆ ਕਰੇਗਾ। ਦੁਨੀਆ ਵਿਚ ਇਸ ਤੋਂ ਦਿਲਚਸਪ ਕੰਮ ਹੋਰ ਕਿਹੜਾ ਹੋ ਸਕਦਾ ਸੀ? ਜ਼ਾਹਿਰ ਹੈ, ਕੋਈ ਵੀ ਨਹੀਂ। ਜਦੋਂ ਡੈਡੀ ਨੇ ਆਖਿਆ ਕਿ ਉਹ ਰੇਲ ਦੀਆਂ ਪਟੜੀਆਂ ਉਤੇ ਡੱਬੇ ਜੋੜਨ ਲਾਹੁਣ ਵਾਲਾ ਬਣੇਗਾ ਤਾਂ ਕਿਸੇ ਵਾਕਫ ਨੇ ਉਹਨੂੰ ਪੁੱਛਿਆ:

"ਤੇ ਆਈਸਕ੍ਰੀਮ ਬਾਰੇ ਕੀ ਖਿਆਲ ਹੈ?"

ਡੈਡੀ ਵਾਸਤੇ ਇਕ ਮਸਲਾ ਖੜਾ ਹੋ ਗਿਆ। ਉਸ ਨੇ ਡੱਬੇ ਜੋੜਨ ਲਾਹੁਣ ਵਾਲਾ ਬਣਨ ਦਾ ਤਾਂ ਫੈਸਲਾ ਕਰ ਲਿਆ ਸੀ, ਪਰ ਉਹ ਚਮਕਦਾਰ ਹਰੇ ਰੰਗ ਦੀ ਆਈਸਕ੍ਰੀਮ ਵਾਲੀ ਰੇੜ੍ਹੀ ਵੀ ਨਹੀਂ ਸੀ ਛੱਡਣਾ ਚਾਹੁੰਦਾ। ਅਖੀਰ ਉਹਨੂੰ ਇਕ ਰਾਹ ਸੁਝ ਪਿਆ।

"ਮੈਂ ਡੱਬੇ ਜੋੜਨ ਲਾਹੁਣ ਵਾਲਾ ਵੀ ਬਣਾਂਗਾ ਤੇ ਆਈਸਕ੍ਰੀਮ ਵੇਚਣ ਵਾਲਾ ਵੀ!" ਉਸ ਨੇ ਦੱਸਿਆ।

ਸਾਰੇ ਬੜੇ ਹੈਰਾਨ ਹੋਏ। ਪਰ ਬਾਲ ਡੈਡੀ ਨੇ ਸਾਰੀ ਗੱਲ ਸਪਸ਼ਟ ਕਰ ਕੇ ਦੱਸੀ। ਉਸ ਨੇ ਆਖਿਆ :

"ਏਹ ਬਿਲਕੁਲ ਮੁਸ਼ਕਿਲ ਨਹੀਂ। ਮੈਂ ਸਵੇਰ ਵੇਲੇ ਆਈਸਕ੍ਰੀਮ ਵੇਚਾਂਗਾ। ਫਿਰ ਫਿਰ ਕੇ ਆਈਸਕ੍ਰੀਮ ਵੇਚਦਾ ਮੈਂ ਸਟੇਸ਼ਨ ਉਤੇ ਪਹੁੰਚ ਜਾਵਾਂਗਾ। ਓਥੇ ਡੱਬੇ ਜੋੜਾਂਗਾ, ਲਾਹਵਾਂਗਾ ਤੇ ਫੇਰ ਆਈਸਕ੍ਰੀਮ ਵੇਚਣ ਆ ਜਾਵਾਂਗਾ। ਉਸ ਤੋਂ ਮਗਰੋਂ ਮੈਂ ਫੇਰ ਸਟੇਸ਼ਨ ਉਤੇ ਚਲਾ ਜਾਵਾਂਗਾ ਤੇ ਫੇਰ ਡੱਬੇ ਜੋੜਾਂਗਾ ਲਾਹਵਾਂਗਾ, ਤੇ ਉਸ ਤੋਂ ਬਾਦ ਫੇਰ ਆਈਸਕ੍ਰੀਮ ਵੇਚਣ ਲੱਗ ਪਵਾਂਗਾ। ਬਸ ਹਰ ਵਕਤ ਇਸ ਤਰ੍ਹਾਂ ਕਰਾਂਗਾ। ਇਸ ਵਿਚ ਕੋਈ ਔਖ ਨਹੀਂ ਹੋਣੀ ਕਿਉਂਕਿ ਮੈਂ ਰੇੜ੍ਹੀ ਸਟੇਸ਼ਨ ਦੇ ਨੇੜੇ ਹੀ ਖੜੀ ਕਰਾਂਗਾ ਤੇ ਡੱਬੇ ਜੋੜਨ ਲਾਹੁਣ ਵਾਸਤੇ ਮੈਨੂੰ ਦੂਰ ਨਹੀਂ ਜਾਣਾ ਪਿਆ ਕਰੇਗਾ।"

ਸਾਰੇ ਬੜਾ ਹੱਸੇ। ਤੱਦ ਬਾਲ ਡੈਡੀ ਨੂੰ ਗੁੱਸਾ ਚੜ੍ਹ ਗਿਆ ਤੇ ਉਹਨੇ ਆਖਿਆ :

"ਜੇ ਤੁਸੀਂ ਮੇਰਾ ਮਖੌਲ ਉਡਾਉਗੇ ਤਾਂ ਮੈਂ ਇਸ ਦੇ ਨਾਲ ਹੀ ਰਾਤ ਦਾ ਪਹਿਰੇਦਾਰ ਵੀ ਬਣਾਂਗਾ। ਆਖਰ ਰਾਤ ਵੇਲੇ ਮੈਂ ਵਿਹਲਾ ਹੀ ਤਾਂ ਹੋਵਾਂਗਾ। ਮੈਂ ਪੀਪਾ ਬਹੁਤ ਚੰਗਾ ਖੜਕਾ ਸਦਕਾ ਹਾਂ। ਇਕ ਚੌਕੀਕਾਰ ਨੇ ਮੈਨੂੰ ਦਿੱਤਾ ਹੋਇਆ ਹੈ।"

ਡੈਡੀ ਨੇ ਸਾਰੀ ਗੱਲ ਇਸ ਤਰ੍ਹਾਂ ਤੈਅ ਕਰ ਲਈ। ਪਰ ਛੇਤੀ ਹੀ ਉਹਦਾ ਪਾਇਲਟ ਬਣਨ ਨੂੰ ਜੀਅ ਕਰ ਆਇਆ। ਫੇਰ ਉਸ ਦਾ ਅਦਾਕਾਰ ਬਣਨ ਦਾ ਇਰਾਦਾ ਹੋ ਗਿਆ। ਪਰ ਜਦੋਂ ਉਹ ਦਾਦੇ ਨਾਲ ਇਕ ਵਾਰੀ ਫੈਕਟਰੀ ਵਿਚੋਂ ਹੋ ਆਇਆ ਤਾਂ ਉਹਨੇ ਖਰਾਦੀਆ ਬਣਨ ਦਾ ਫੈਸਲਾ ਕਰ ਲਿਆ। ਇਸ ਦੇ ਨਾਲ ਹੀ, ਉਹ ਇਕ ਜਹਾਜ਼ੀ ਵੀ ਬਣਨਾ ਚਾਹੁੰਦਾ ਸੀ। ਜਾਂ ਘਟੋ ਘਟ ਆਜੜੀ ਬਣਨਾ ਚਾਹੁੰਦਾ ਸੀ ਤੇ ਗਊਆਂ ਦੇ ਮਗਰ ਮਗਰ ਫਿਰਦਿਆਂ ਤੇ ਜ਼ੋਰ ਜ਼ੋਰ ਦੀ ਪਰੈਣੀਆਂ ਮਾਰਦਿਆਂ ਦਿਨ ਗੁਜ਼ਾਰਨਾ ਚਾਹੁੰਦਾ ਸੀ। ਅਖੀਰ ਵਿਚ, ਉਸ ਨੇ ਫੈਸਲਾ ਕੀਤਾ ਕਿ ਅਸਲ ਵਿਚ ਉਹ ਕੁੱਤਾ ਬਣਨਾ ਚਾਹੁੰਦਾ ਹੈ। ਉਸ ਦਿਨ ਸਾਰੀ ਦਿਹਾੜੀ ਉਹ ਓਪਰਿਆਂ ਨੂੰ ਭੌਂਕਦਾ ਹੋਇਆ ਚਹੁੰਆਂ ਲੱਤਾਂ ਬਾਹਵਾਂ ਦੇ ਸਹਾਰੇ ਭੱਜਾ ਫਿਰਦਾ ਰਿਹਾ। ਉਸ ਨੇ ਤਾਂ ਇਕ ਬਜ਼ੁਰਗ ਔਰਤ ਨੂੰ ਵੱਢਣ ਦੀ ਵੀ ਕੋਸ਼ਿਸ਼ ਕੀਤੀ ਸੀ ਜਦੋਂ ਉਹ ਉਸ ਦੇ ਸਿਰ ਉਤੇ ਹੱਥ ਫੇਰਨ ਲੱਗੀ ਸੀ। ਬਾਲ ਡੈਡੀ ਨੇ ਬਹੁਤ ਵਧੀਆ ਭੌਂਕਣਾ ਸਿਖ ਲਿਆ ਸੀ, ਪਰ ਉਹਨੂੰ ਆਪਣੇ ਪੈਰ ਨਾਲ ਆਪਣੇ ਕੰਨ ਪਿੱਛੇ ਖੁਰਕਣਾ ਨਹੀਂ ਸੀ ਆਇਆ ਭਾਵੇਂ ਕੋਸ਼ਿਸ਼ ਉਹਨੇ ਬੜੀ ਸਖ਼ਤ ਕੀਤੀ ਸੀ। ਉਸ ਨੇ ਸੋਚਿਆ ਕਿ ਜੇ ਉਹ ਬਾਹਰ ਚਲਾ ਜਾਵੇ ਤੇ ਡੱਬੂ ਦੇ ਕੋਲ ਜਾ ਕੇ ਬੈਠੇ ਤਾਂ ਬਹੁਤ ਛੇਤੀ ਸਿਖ ਜਾਵੇਗਾ। ਤੇ ਏਹੋ ਕੁਝ ਉਸ ਨੇ ਕੀਤਾ।

ਠੀਕ ਉਸ ਵੇਲੇ ਸੜਕ ਤੋਂ ਇਕ ਅਫਸਰ ਲੰਘ ਰਿਹਾ ਸੀ। ਉਹ ਖਲੋ ਗਿਆ ਤੇ ਡੈਡੀ ਵੱਲ ਵੇਖਣ ਲੱਗਾ। ਉਹ ਵੇਖਦਾ ਰਿਹਾ, ਵੇਖਦਾ ਰਿਹਾ ਤੇ ਫੇਰ ਪੁੱਛਣ ਲੱਗਾ:

"ਏਹ ਕੀ ਕਰਦਾ ਏਂ ਤੂੰ, ਕਾਕਾ?"

"ਮੈਂ ਕੁੱਤਾ ਬਣਨਾ ਚਾਹੁੰਦਾ ਆਂ," ਬਾਲ ਡੈਡੀ ਨੇ ਕਿਹਾ।

ਇਹ ਸੁਣ ਕੇ ਓਪਰੇ ਆਦਮੀ ਨੇ ਪੁੱਛਿਆ:

"ਤੇ ਤੂੰ ਬੰਦਾ ਨਹੀਂ ਬਣਨਾ ਚਾਹੁੰਦਾ?"

"ਬੜੇ ਚਿਰ ਤੋਂ ਮੈਂ ਬੰਦਾ ਬਣਿਆ ਹੋਇਆਂ," ਡੈਡੀ ਨੇ ਆਖਿਆ।

"ਕਿਸ ਤਰ੍ਹਾਂ ਦਾ ਬੰਦਾ ਏਂ ਤੂੰ," ਅਫਸਰ ਨੇ ਆਖਿਆ, "ਜੇ ਤੇਰੇ ਕੋਲੋਂ ਕੁੱਤਾ ਵੀ ਨਹੀਂ ਬਣਿਆ ਜਾਂਦਾ? ਬੰਦਾ ਏਸ ਤਰ੍ਹਾਂ ਦਾ ਹੁੰਦਾ ਏ?"

"ਤੇ ਕਿਸ ਤਰ੍ਹਾਂ ਦਾ ਹੁੰਦਾ ਏ?" ਡੈਡੀ ਨੇ ਪੁੱਛਿਆ।

"ਤੂੰ ਆਪ ਹੀ ਸੋਚ," ਅਫਸਰ ਨੇ ਆਖਿਆ ਤੇ ਚਲਾ ਗਿਆ। ਉਹ ਹੱਸਿਆ ਨਹੀਂ ਸੀ ਅਤੇ ਮੁਸਕ੍ਰਾਇਆ ਵੀ ਨਹੀਂ ਸੀ। ਪਰ ਬਾਲ ਡੈਡੀ ਨੂੰ ਅਚਨਚੇਤ ਬੜੀ ਸ਼ਰਮ ਆਈ। ਤੇ ਉਹ ਸੋਚਣ ਲੱਗ ਪਿਆ। ਉਹ ਸੋਚਦਾ ਗਿਆ, ਸੋਚਦਾ ਗਿਆ ਤੇ ਜਿੰਨਾ ਬਹੁਤਾ ਉਹ ਸੋਚਦਾ ਗਿਆ, ਓਨਾ ਹੀ ਬਹੁਤਾ ਉਹ ਸ਼ਰਮਿੰਦਾ ਹੁੰਦਾ ਗਿਆ। ਅਫਸਰ ਨੇ ਉਹਨੂੰ ਕੁਝ ਵੀ ਨਹੀਂ ਸੀ ਸਮਝਾਇਆ, ਪਰ ਅਚਾਨਕ ਹੀ ਉਹ ਸਮਝ ਗਿਆ ਕਿ ਉਹ ਰੋਜ਼ ਹੀ ਆਪਣਾ ਨਵਾਂ ਕਿੱਤਾ ਨਹੀਂ ਚੁਣ ਸਕਦਾ। ਤੇ ਵੱਡੀ ਗੱਲ ਇਹ ਹੈ, ਉਸ ਨੇ ਮਹਿਸੂਸ ਕੀਤਾ, ਕਿ ਹਾਲੇ ਉਹ ਬਹੁਤ ਛੋਟਾ ਹੈ ਤੇ ਹਾਲੇ ਉਹ ਨਹੀਂ ਸਮਝ ਸਕਦਾ ਕਿ ਉਹ ਕੀ ਬਣੇਗਾ। ਅਗਲੀ ਵਾਰੀ ਜਦੋਂ ਉਹਨੂੰ ਇਹ ਸਵਾਲ ਪੁੱਛਿਆ ਗਿਆ ਤਾਂ ਉਹਨੂੰ ਅਫਸਰ ਦਾ ਚੇਤਾ ਆ ਗਿਆ ਤੇ ਉਹਨੇ ਕਿਹਾ:

"ਮੈਂ ਬੰਦਾ ਬਣਾਂਗਾ।"

ਇਹ ਸੁਣ ਕੇ ਕੋਈ ਵੀ ਨਹੀਂ ਹੱਸਿਆ। ਤੇ ਬਾਲ ਡੈਡੀ ਨੂੰ ਸਮਝ ਆ ਗਈ ਕਿ ਇਹ ਸਾਰਿਆਂ ਤੋਂ ਚੰਗਾ ਜਵਾਬ ਹੈ। ਉਹ ਹਾਲੇ ਵੀ ਇਸ ਤਰ੍ਹਾਂ ਹੀ ਸੋਚਦਾ ਹੈ। ਸਭ ਤੋਂ ਪਹਿਲਾਂ, ਇਕ ਚੰਗਾ ਬੰਦਾ ਬਣਨਾ ਚਾਹੀਦਾ ਹੈ। ਪਾਇਲਟ ਵਾਸਤੇ, ਖਰਾਦੀਏ ਵਾਸਤੇ, ਆਜੜੀ ਵਾਸਤੇ ਅਤੇ ਆਈਸਕ੍ਰੀਮ ਵੇਚਣ ਵਾਲੇ ਵਾਸਤੇ ਇਹ ਸਭ ਤੋਂ ਬਹੁਤੀ ਅਹਿਮ ਗੱਲ ਹੈ। ਤੇ ਆਦਮੀ ਨੂੰ ਇਹ ਸਿਖਣ ਦੀ ਕੀ ਲੋੜ ਹੈ ਕਿ ਆਪਣੇ ਪੈਰ ਨਾਲ ਆਪਣੇ ਕੰਨ ਪਿੱਛੇ ਕਿਵੇਂ ਖੁਰਕਣਾ ਹੈ।



ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਦੇ ਮਾਪੇ ਉਸ ਨੂੰ ਵੰਨ ਸੁਵੰਨੇ ਖਿਡੌਣੇ ਲਿਆ ਕੇ ਦੇਂਦੇ ਸਨ। ਗੇਂਦ। ਲੋਟੋ। ਨਾਈਨਪਿਨਜ਼*। ਮੋਟਰਕਾਰ। ਤੇ ਅਚਾਨਕ ਉਹ ਇਕ ਪਿਆਨੋ ਖਰੀਦ ਲਿਆਏ। ਪਰ ਇਹ ਖਿਡੌਣਾ ਨਹੀਂ ਸੀ। ਸਚਮੁਚ ਦਾ ਪਿਆਨੋ, ਬਹੁਤ ਵਡਾ, ਖ਼ੂਬਸੂਰਤ, ਤੇ ਚਮਕਦਾਰ ਕਾਲੇ ਢੱਕਣ ਵਾਲਾ। ਬੜਾ ਸ਼ਾਨਦਾਰ ਪਿਆਨੋ ਸੀ ਤੇ ਉਸ ਨੇ ਅੱਧਾ ਕਮਰਾ ਮੱਲ ਲਿਆ।

* ਇਕ ਤਰ੍ਹਾਂ ਦੇ ਨੌ ਕਿੱਲੇ ਜਿਨ੍ਹਾਂ ਨੂੰ ਦੂਰੋਂ ਗੇਂਦ ਮਾਰ ਕੇ ਡੇਗਿਆ ਜਾਂਦਾ ਹੈ।—**ਸੰਪਾ**:

ਡੈਡੀ ਨੇ ਦਾਦੇ ਨੂੰ ਪੁੱਛਿਆ :

"ਤੈਨੂੰ ਪਿਆਨੋ ਵਜਾਉਣਾ ਆਉਂਦਾ ਏ ?"

"ਨਹੀਂ, ਨਹੀਂ ਆਉਂਦਾ," ਦਾਦੇ ਨੇ ਆਖਿਆ।

ਫੇਰ ਡੈਡੀ ਨੇ ਦਾਦੀ ਨੂੰ ਪੁੱਛਿਆ :

"ਤੈਨੂੰ ਪਿਆਨੋ ਵਜਾਉਣਾ ਆਉਂਦਾ ਏ ?"

"ਨਹੀਂ," ਦਾਦੀ ਨੇ ਆਖਿਆ, "ਨਹੀਂ ਆਉਂਦਾ।"

"ਫੇਰ ਪਿਆਨੋ ਕੌਣ ਵਜਾਏਗਾ ?" ਬਾਲ ਡੈਡੀ ਨੇ ਪੁੱਛਿਆ।

ਦਾਦੇ ਤੇ ਦਾਦੀ ਨੇ ਇਕੋ ਵੇਲੇ ਆਖਿਆ :

"ਤੂੰ।"

"ਪਰ ਮੈਨੂੰ ਵੀ ਤਾਂ ਵਜਾਉਣਾ ਨਹੀਂ ਆਉਂਦਾ," ਡੈਡੀ ਨੇ ਕਿਹਾ।

"ਤੂੰ ਸੰਗੀਤ ਦੀ ਸਿਖਿਆ ਲਵੇਂਗਾ," ਦਾਦੇ ਨੇ ਆਖਿਆ। ਅਤੇ ਨਾਲ ਹੀ ਦਾਦੀ ਨੇ ਕਹਿ ਦਿੱਤਾ :

"ਤੇਰੀ ਸਿਖਿਅਕ ਦਾ ਨਾਂ ਏ ਨਾਦੇਜ਼ਦਾ ਫਿਓਦੋਰੋਵਨਾ।"

ਇਹ ਸੁਣ ਕੇ ਡੈਡੀ ਨੂੰ ਸਮਝ ਆਈ ਕਿ ਉਸ ਨੂੰ ਇਕ ਬਹੁਤ ਵੱਡੀ ਸੁਗਾਤ ਪੇਸ਼ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕਦੇ ਕੋਈ ਸਿਖਿਅਕ ਘਰ ਨਹੀਂ ਸੀ ਆਇਆ। ਖਿਡੌਣਿਆਂ ਨਾਲ ਖੇਡਣਾ ਉਸ ਨੇ ਹਮੇਸ਼ਾ ਆਪ ਹੀ ਸਿਖਿਆ ਸੀ।

ਤੇ ਫੇਰ ਸੰਗੀਤ ਦੀ ਸਿਖਿਅਕ ਨਾਦੇਜ਼ਦਾ ਫਿਓਦੋਰੋਵਨਾ ਆਈ। ਉਹ ਇਕ ਵੱਡੀ ਉਮਰ ਦੀ, ਮਿਠ ਬੋਲੜੀ ਔਰਤ ਸੀ। ਉਸ ਨੇ ਡੈਡੀ ਨੂੰ ਪਿਆਨੋ ਵਜਾ ਕੇ ਵਿਖਾਇਆ। ਫੇਰ ਉਸ ਨੇ ਡੈਡੀ ਨੂੰ ਸੁਰਾਂ ਯਾਦ ਕਰਾਈਆਂ। ਡੈਡੀ ਨੇ ਸੁਰਾਂ ਯਾਦ ਕਰ ਲਈਆਂ। ਕੁਲ ਸੱਤ ਸੁਰਾਂ ਸਨ : ਸਾ, ਰੇ, ਗਾ, ਮਾ, ਪਾ, ਧਾ, ਨੀ। ਡੈਡੀ ਨੂੰ ਸੁਰਾਂ ਬੜੀ ਛੇਤੀ ਯਾਦ ਹੋ ਗਈਆਂ ਸਨ ਕਿਉਂਕਿ ਉਸ ਨੇ ਸਾਰੀਆਂ ਸੁਰਾਂ ਵਾਸਤੇ ਤਸਵੀਰਾਂ ਬਣਾ ਲਈਆਂ ਸਨ ਜਿਵੇਂ ਵਰਣਮਾਲਾ ਦੀ ਕਿਤਾਬ ਵਿਚ ਸਨ। ਫੇਰ ਉਸ ਨੇ ਯਾਦ ਕੀਤਾ :

"'ਸਾ' ਸੇਬ। ਤੇ ਉਹ ਸੇਬ ਦੀ ਤਸਵੀਰ ਬਣਾਉਂਦਾ। 'ਰੇ' ਰੋਟੀ ਤੇ ਰੋਟੀ ਦੀ ਤਸਵੀਰ ਬਣਾਉਂਦਾ। 'ਗਾ' ਗਊ, ਤੇ ਉਹ ਗਊ ਦੀ ਤਸਵੀਰ ਬਣਾਉਂਦਾ। 'ਮਾ' ਮੋਟਰ ਤੇ ਉਹ ਮੋਟਰ ਦੀ ਤਸਵੀਰ ਬਣਾਉਂਦਾ। 'ਪਾ' ਪੇਟੀ, ਤੇ ਉਹ ਪੇਟੀ ਦੀ ਤਸਵੀਰ ਬਣਾਉਂਦਾ। 'ਧਾ' ਧੋਬੀ, ਤੇ ਉਹ ਧੋਬੀ ਦੀ ਤਸਵੀਰ ਬਣਾਉਂਦਾ। 'ਨੀ' ਨੌਕਾ, ਤੇ ਉਹ ਨੌਕਾ ਦੀ ਤਸਵੀਰ ਬਣਾਉਂਦਾ। ਡੈਡੀ ਬੜਾ ਖੁਸ਼ ਸੀ। ਪਰ ਛੇਤੀ ਹੀ ਉਸ ਨੂੰ ਸਮਝ ਆ

ਗਈ ਕਿ ਪਿਆਨੋ ਵਜਾਉਣਾ ਸਿਖਣਾ ਕੋਈ ਸੌਖਾ ਕੰਮ ਨਹੀਂ। ਉਹ ਬਾਰ ਬਾਰ ਓਹੋ ਸੁਰਾਂ ਵਜਾ ਵਜਾ ਕੇ ਤੰਗ ਆ ਗਿਆ। ਕੁਝ ਵੀ ਹੋਵੇ, ਕਿਤਾਬ ਪੜ੍ਹਨ, ਜਾਂ ਖੇਡਣ ਜਾਂ ਵਿਹਲੇ ਬੈਠੇ ਰਹਿਣ ਵਿਚ ਬਹੁਤਾ ਮਜ਼ਾ ਆਉਂਦਾ ਸੀ। ਕੋਈ ਦੋ ਹਫਤਿਆਂ ਵਿਚ ਡੈਡੀ ਦਾ ਆਪਣੀ ਸੰਗੀਤ ਸਿਖਿਆ ਤੋਂ ਜੀਅ ਅੱਕ ਗਿਆ। ਉਹਨੂੰ ਪਿਆਨੋ ਫੁਟੀ ਅੱਖ ਨਹੀਂ ਸੀ ਭਾਉਂਦਾ। ਨਾਦੇਜ਼ੁਦਾ ਫਿਓਦੋਰੋਵਨਾ, ਜਿਹੜੀ ਸ਼ੁਰੂ ਸ਼ੁਰੂ ਵਿਚ ਡੈਡੀ ਤੋਂ ਬੜੀ ਖੁਸ਼ ਸੀ, ਹੁਣ ਨਿਰਾਸ਼ਾ ਨਾਲ ਸਿਰ ਮਾਰਨ ਲੱਗ ਪਈ ਸੀ।

"ਸੱਚੀਂ ਤੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ?" ਉਹਨੇ ਡੈਡੀ ਨੂੰ ਪੁੱਛਿਆ।

"ਨਹੀਂ," ਡੈਡੀ ਨੇ ਕਿਹਾ। ਜਦੋਂ ਵੀ ਉਹ ਇਸ ਤਰ੍ਹਾਂ ਕਹਿੰਦਾ ਉਹ ਸੋਚਦਾ ਕਿ ਉਹ ਗੁੱਸੇ ਹੋਵੇਗੀ ਤੇ ਸਿਖਾਉਣਾ ਬੰਦ ਕਰ ਦੇਵੇਗੀ। ਪਰ ਉਸ ਨੇ ਇਸ ਤਰ੍ਹਾਂ ਨਹੀਂ ਕੀਤਾ।

ਦਾਦੀ ਤੇ ਦਾਦੇ ਨੇ ਬਾਲ ਡੈਡੀ ਨੂੰ ਝਿੜਕਿਆ।

"ਵੇਖ ਤਾਂ ਸਹੀ," ਉਹਨਾਂ ਆਖਿਆ, "ਕੇਡਾ ਸੁਹਣਾ ਪਿਆਨੋ ਖਰੀਦ ਕੇ ਦਿੱਤਾ ਏ ਤੈਨੂੰ। ਸਿਖਿਅਕ ਸਿਖਾਉਣ ਆਉਂਦੀ ਏ। ਤੂੰ ਪਿਆਨੋ ਵਜਾਉਣਾ ਨਹੀਂ ਸਿਖਣਾ ਚਾਹੁੰਦਾ? ਸ਼ਰਮ ਆਉਣੀ ਚਾਹੀਦੀ ਏ ਤੈਨੂੰ!"

ਤੇ ਦਾਦੇ ਨੇ ਆਖਿਆ:

"ਹੁਣ ਇਹਦਾ ਸੰਗੀਤ ਸਿਖਣ ਨੂੰ ਜੀਅ ਨਹੀਂ ਕਰਦਾ। ਭਲਕੇ ਇਹਦਾ ਸਕੂਲ ਜਾਣ ਨੂੰ ਜੀਅ ਨਹੀਂ ਕਰਨਾ। ਤੇ ਫੇਰ ਇਹਦਾ ਕੰਮ ਕਰਨ ਵਿਚ ਮਨ ਨਹੀਂ ਲੱਗਣਾ। ਇਸ ਤਰ੍ਹਾਂ ਦੇ ਆਲਸੀਆਂ ਨੂੰ ਬਚਪਨ ਤੋਂ ਹੀ ਕੰਮ ਦੀ ਆਦਤ ਪਾਉਣੀ ਚਾਹੀਦੀ ਹੈ! ਵੇਖਾਂਗਾ ਮੈਂ ਤੂੰ ਪਿਆਨੋ ਵਜਾਉਣਾ ਕਿਵੇਂ ਨਹੀਂ ਸਿਖਦਾ!"

ਤੇ ਦਾਦੀ ਨੇ ਆਖਿਆ:

"ਜੇ ਮੈਂ ਛੋਟੀ ਹੁੰਦੀ ਨੇ ਸੰਗੀਤ ਸਿਖਿਆ ਹੁੰਦਾ, ਤਾਂ ਮੈਂ ਹਜ਼ਾਰ ਹਜ਼ਾਰ ਸ਼ੁਕਰ ਮਨਾਉਂਦੀ।"

ਇਹ ਸੁਣ ਕੇ ਬਾਲ ਡੈਡੀ ਨੇ ਆਖਿਆ:

"ਬਹੁਤ ਬਹੁਤ ਸ਼ੁਕਰੀਆ, ਪਰ ਮੇਰਾ ਨਹੀਂ ਹੋਰ ਸੰਗੀਤ ਸਿਖਣ ਨੂੰ ਜੀਅ ਕਰਦਾ।"

ਤੇ ਅਗਲੀ ਵਾਰ ਜਦੋਂ ਨਾਦੇਜ਼ੁਦਾ ਫਿਓਦੋਰੋਵਨਾ ਆਈ, ਤਾਂ ਬਾਲ ਡੈਡੀ ਕਿਧਰੇ ਗ਼ਾਇਬ ਹੋ ਗਿਆ। ਉਹਨਾਂ ਘਰ ਫੋਲ ਮਾਰਿਆ, ਗਲੀ ਮੁਹਲੇ ਵਿਚ ਲਭਿਆ ਪਰ ਉਹ ਕਿਤੇ ਨਾ ਲਭਾ। ਪਰ ਜਿਉਂ ਹੀ ਸਿਖਿਆ ਲੈਣ ਦਾ ਇਕ ਘੰਟਾ ਪੂਰਾ ਹੋ ਗਿਆ, ਬਾਲ ਡੈਡੀ ਮੰਜੇ ਹੇਠੋਂ ਰਿੜ੍ਹਦਾ ਬਾਹਰ ਆਇਆ ਤੇ ਬੋਲਿਆ:

"ਅਲਵਿਦਾ, ਨਾਦੇਜ਼ੁਦਾ ਫਿਓਦੋਰੋਵਨਾ।"

ਇਹ ਵੇਖ ਕੇ ਦਾਦੇ ਨੇ ਆਖਿਆ:

"ਮੈਂ ਕਰਦਾ ਹਾਂ ਤੇਰੀ ਮੁਰੰਮਤ!"

ਤੇ ਨਾਲ ਹੀ ਦਾਦੀ ਨੇ ਆਖ ਦਿੱਤਾ:

"ਮੈਂ ਵਖਰਾ ਦੋ ਕੰਨਾਂ ਵਿਚ ਸਿਰ ਕਰਦੀ ਆਂ ਏਹਦਾ।"

ਤੇ ਬਾਲ ਡੈਡੀ ਨੇ ਆਖਿਆ:

"ਜੋ ਮਰਜ਼ੀ ਹੋਵੇ ਸਜ਼ਾ ਦਿਓ, ਬਸ ਮੈਂ ਪਿਆਨੋ ਵਜਾਉਣਾ ਨਹੀਂ ਸਿਖਣਾ।"

ਤੇ ਫੇਰ ਉਹ ਰੋਣ ਲੱਗ ਪਿਆ। ਆਖਰ, ਉਹ ਅਜੇ ਬਾਲ ਸੀ। ਤੇ ਪਿਆਨੋ ਵਜਾਉਣਾ ਸਿਖਣ ਦਾ ਉਹਦਾ ਉੱਕਾ ਹੀ ਜੀਅ ਨਹੀਂ ਸੀ ਕਰਦਾ। ਫੇਰ ਸੰਗੀਤ ਸਿਖਿਅਕ ਨੇ ਆਖਿਆ:

"ਸੰਗੀਤ ਲੋਕਾਂ ਨੂੰ ਖੁਸ਼ੀ ਤੇ ਆਨੰਦ ਦੇਣ ਵਾਸਤੇ ਹੈ। ਮੇਰਾ ਕੋਈ ਵੀ ਸ਼ਾਗਿਰਦ ਮੇਰੇ ਕੋਲੋਂ ਆਪਣੇ ਮੰਜੇ ਹੇਠਾਂ ਨਹੀਂ ਲੁਕਦਾ ਤੇ ਨਾ ਕੋਈ ਸ਼ਾਗਿਰਦਣ। ਜੇ ਕੋਈ ਬੱਚਾ ਪੂਰਾ ਘੰਟਾ ਮੰਜੇ ਹੇਠ ਲੁਕਿਆ ਰਹਿੰਦਾ ਹੈ, ਤਾਂ ਇਸ ਦਾ ਮਤਲਬ ਹੈ ਕਿ ਉਹ ਸੰਗੀਤ ਨਹੀਂ ਸਿਖਣਾ ਚਾਹੁੰਦਾ। ਤੇ ਜੇ ਇਹ ਗੱਲ ਹੈ ਤਾਂ ਉਹਨੂੰ ਮਜਬੂਰ ਕਰਨ ਦਾ ਕੋਈ ਫਾਇਦਾ ਨਹੀਂ। ਹੋ ਸਕਦਾ ਹੈ, ਵੱਡਾ ਹੋ ਕੇ ਉਸ ਨੂੰ ਇਸ ਗੱਲ ਦਾ ਅਫਸੋਸ ਲੱਗੇ। ਅਲਵਿਦਾ! ਮੈਂ ਉਹਨਾਂ ਬੱਚਿਆਂ ਵੱਲ ਜਾਵਾਂਗੀ ਜਿਹੜੇ ਮੇਰੇ ਕੋਲੋਂ ਆਪਣੇ ਮੰਜਿਆਂ ਹੇਠਾਂ ਨਹੀਂ ਲੁਕਦੇ।"

ਤੇ ਉਹ ਚਲੀ ਗਈ। ਤੇ ਉਹ ਫੇਰ ਕਦੇ ਨਹੀਂ ਆਈ। ਦਾਦੇ ਨੇ ਤਾਂ ਵੀ ਡੈਡੀ ਨੂੰ ਸਜ਼ਾ ਦਿੱਤੀ। ਦਾਦੀ ਨੇ ਉਸ ਨੂੰ ਵਖਰੀ ਸਜ਼ਾ ਦਿੱਤੀ। ਬਾਦ ਵਿਚ ਢੇਰ ਚਿਰ ਤੱਕ ਬਾਲ ਡੈਡੀ ਨੂੰ ਪਿਆਨੋ ਵੇਖਦੇ ਸਾਰ ਗੁੱਸਾ ਚੜ੍ਹ ਜਾਂਦਾ ਰਿਹਾ।

ਜਦੋਂ ਬਾਲ ਡੈਡੀ ਵੱਡਾ ਹੋ ਗਿਆ ਤਾਂ ਉਹਨੂੰ ਪਤਾ ਲੱਗਾ ਕਿ ਉਹਨੂੰ ਸੰਗੀਤ ਦੀ ਕੋਈ ਸਮਝ ਨਹੀਂ। ਉਹ ਇਕ ਗੀਤ ਵੀ ਸਹੀ ਨਹੀਂ ਗਾ ਸਕਦਾ। ਤੇ ਉਸ ਨੇ ਸਚਮੁਚ ਹੀ ਪਿਆਨੋ ਵਜਾਉਣਾ ਕਦੇ ਨਹੀਂ ਸੀ ਸਿਖ ਸਕਣਾ।

ਹਾਂ, ਸਾਰੇ ਹੀ ਬੱਚਿਆਂ ਨੂੰ ਪਿਆਨੋ ਵਜਾਉਣਾ ਸਿਖਣ ਦੀ ਲੋੜ ਨਹੀਂ ਹੁੰਦੀ।

ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਨੂੰ ਹਰ ਚੀਜ਼ ਪਸੰਦ ਸੀ ਜਿਹੜੀ ਸਵਾਦ ਹੁੰਦੀ। ਉਸ ਨੂੰ ਸਲਾਮੀ ਪਸੰਦ ਸੀ। ਉਸ ਨੂੰ ਪਨੀਰ ਪਸੰਦ ਸੀ। ਉਸ ਨੂੰ ਕਟਲੈਟ ਪਸੰਦ ਸਨ। ਪਰ ਉਸ ਨੂੰ ਰੋਟੀ ਨਹੀਂ ਸੀ ਪਸੰਦ ਕਿਉਂਕਿ ਉਹਨੂੰ ਹਰ ਵੇਲੇ ਏਹੋ ਗੱਲ ਆਖੀ ਜਾਂਦੀ ਸੀ: "ਰੋਟੀ ਨਾਲ ਖ਼ਾ!" ਪਰ ਰੋਟੀ ਸਵਾਦ ਨਹੀਂ ਸੀ ਲੱਗਦੀ। ਉਹਨੂੰ ਰੋਟੀ ਖਾਣ ਦਾ ਕੋਈ ਮਜ਼ਾ ਨਹੀਂ ਸੀ ਆਉਂਦਾ। ਮੂਰਖ ਬਾਲ ਡੈਡੀ ਦਾ ਏਹੋ ਖਿਆਲ ਸੀ। ਤੇ ਉਹ ਰੋਟੀ ਵੇਲੇ ਜਾਂ ਨਾਸ਼ਤੇ ਵੇਲੇ ਕਦੇ ਰੋਟੀ ਨਹੀਂ ਸੀ ਖਾਂਦਾ। ਰਾਤ ਦੀ ਰੋਟੀ ਵੇਲੇ ਵੀ ਨਹੀਂ। ਉਹ ਰੋਟੀ ਨੂੰ ਮਲ ਮਲ ਕੇ ਨਿੱਕੇ ਨਿੱਕੇ ਗੋਲੇ ਬਣਾ ਦੇਂਦਾ। ਰੋਟੀ ਦੇ ਭੋਰੇ ਕਰ ਦੇਂਦਾ। ਰੋਟੀ ਦੇ ਟੁਕੜੇ ਨੂੰ ਮੇਜ਼ਪੋਸ਼ ਦੇ ਹੇਠਾਂ ਲੁਕਾ ਦੇਂਦਾ। ਉਹ ਕਹਿੰਦਾ ਕਿ ਉਹਨੇ ਆਪਣੀ ਰੋਟੀ ਖਾ ਲਈ ਹੈ। ਪਰ ਇਹ ਗੱਲ

ਝੂਠ ਹੁੰਦੀ ਸੀ। ਉਹਨੇ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਜਦੋਂ ਉਹ ਵੱਡਾ ਹੋ ਜਾਏਗਾ ਤਾਂ ਉਹ ਕਦੇ ਵੀ ਰੋਟੀ ਨਹੀਂ ਖਾਵੇਗਾ। ਤੇ ਉਹ ਕਦੇ ਆਪਣੇ ਬੱਚਿਆਂ ਨੂੰ ਵੀ ਰੋਟੀ ਖਾਣ ਵਾਸਤੇ ਨਹੀਂ ਦੇਵੇਗਾ। "ਵਾਹ, ਰੋਟੀ ਤੋਂ ਬਗ਼ੈਰ ਕੇਡਾ ਮਜ਼ਾ ਆਵੇਗਾ!" ਮੂਰਖ ਬਾਲ ਡੈਡੀ ਨੇ ਸੋਚਿਆ। "ਮੈਂ ਆਖਿਆ ਕਰਾਂਗਾ, ਅਜ ਸਾਡੇ ਨਾਸ਼ਤੇ ਵਿਚ ਕੀ ਹੋਵੇਗਾ? ਪਨੀਰ? ਅਸੀਂ ਪਨੀਰ ਰੋਟੀ ਤੋਂ ਬਗ਼ੈਰ ਹੀ ਖਾਵਾਂਗੇ। ਸਲਾਮੀ ਵੀ ਰੋਟੀ ਤੋਂ ਬਗ਼ੈਰ ਹੀ। ਤੇ ਰੋਟੀ ਤੋਂ ਬਗ਼ੈਰ ਖਾਣਾ ਕੇਡਾ ਸਵਾਦ ਲੱਗੇਗਾ! ਸੂਪ ਨਾਲ ਵੀ ਕੋਈ ਰੋਟੀ ਨਹੀਂ, ਕਟਲੈਟ ਵੀ ਰੋਟੀ ਤੋਂ ਬਗ਼ੈਰ ਹੀ। ਵਾਹ, ਇਹ ਤਾਂ ਹੋਈ ਨਾ ਜ਼ਿੰਦਗੀ! ਰਾਤ ਦਾ ਖਾਣਾ। ਉਹ ਵੀ ਰੋਟੀ ਤੋਂ ਬਗ਼ੈਰ। ਕੇਡਾ ਮਜ਼ਾ ਆਵੇਗਾ ਸੌਣ ਦਾ, ਜਦੋਂ ਪਤਾ ਹੋਵੇਗਾ ਕਿ ਸਵੇਰੇ ਰੋਟੀ ਤੋਂ ਬਗ਼ੈਰ ਹੀ ਚਾਹ ਪੀਤੀ ਜਾਵੇਗੀ।" ਇਸ ਤਰ੍ਹਾਂ ਸੋਚਦਾ ਸੀ ਬਾਲ ਡੈਡੀ। ਤੇ ਉਹ ਛੇਤੀ ਛੇਤੀ ਵੱਡਾ ਹੋ ਜਾਣਾ ਚਾਹੁੰਦਾ ਸੀ।

ਦਾਦੇ ਨੇ ਤੇ ਦਾਦੀ ਨੇ ਤੇ ਬਹੁਤ ਸਾਰੇ ਹੋਰ ਲੋਕਾਂ ਨੇ ਉਹਨੂੰ ਦੱਸਿਆ ਕਿ ਉਹਦਾ ਖਿਆਲ ਗ਼ਲਤ ਹੈ। ਉਹਨਾਂ ਨੇ ਆਖਿਆ ਕਿ ਰੋਟੀ ਸਿਹਤ ਵਾਸਤੇ ਚੰਗੀ ਹੁੰਦੀ ਹੈ। ਉਹਨਾਂ ਆਖਿਆ ਕਿ ਭੈੜੇ ਤੇ ਮੂਰਖ ਬੱਚਿਆਂ ਨੂੰ ਹੀ ਰੋਟੀ ਚੰਗੀ ਨਹੀਂ ਲੱਗਦੀ। ਉਹਨਾਂ ਨੇ ਆਖਿਆ ਕਿ ਜੇ ਕੋਈ ਵਧੀਆ ਭੂਰੀ ਰੋਟੀ ਨਾ ਖਾਵੇ ਤਾਂ ਉਹ ਬੀਮਾਰ ਹੋ ਜਾਂਦਾ ਹੈ। ਉਹਨਾਂ ਨੇ ਆਖਿਆ ਕਿ ਉਹਨੂੰ ਇਸ ਗੱਲ ਦੀ ਸਜ਼ਾ ਮਿਲੇਗੀ ਕਿ ਉਹ ਰੋਟੀ ਨਹੀਂ ਖਾਂਦਾ। ਪਰ ਉਹਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਉਹਨੂੰ ਰੋਟੀ ਪਸੰਦ ਨਹੀਂ ਸੀ।

ਇਕ ਵਾਰ ਇਕ ਭਿਆਨਕ ਘਟਨਾ ਵਾਪਰ ਗਈ। ਬਾਲ ਡੈਡੀ ਦੀ ਇਕ ਬੁੱਢੀ ਆਯਾ ਹੁੰਦੀ ਸੀ। ਉਹ ਡੈਡੀ ਨੂੰ ਬੜਾ ਪਿਆਰ ਕਰਦੀ ਸੀ, ਪਰ ਜਦੋਂ ਉਹ ਖਾਣੇ ਦੇ ਮੇਜ਼ ਕੋਲ ਬਹਿ ਕੇ ਜ਼ਿਦਾਂ ਕਰਦਾ ਤਾਂ ਉਹਨੂੰ ਬੜਾ ਗੁੱਸਾ ਚੜ੍ਹਦਾ ਸੀ। ਇਕ ਦਿਨ ਦਾਦੀ ਤੇ ਦਾਦਾ ਕਿਤੇ ਬਾਹਰ ਗਏ ਹੋਏ ਸਨ। ਬਾਲ ਡੈਡੀ ਇਕੱਲਾ ਹੀ ਰਾਤ ਦਾ ਖਾਣਾ ਖਾ ਰਿਹਾ ਸੀ। ਹਮੇਸ਼ਾ ਵਾਂਗ ਹੀ, ਉਹਨੂੰ ਰੋਟੀ ਨਹੀਂ ਸੀ ਚਾਹੀਦੀ। ਆਯਾ ਨੇ ਆਖਿਆ:

"ਰੋਟੀ ਖਾ ਲੈ ਫਟਾਫਟ, ਨਹੀਂ ਤਾਂ ਹੋਰ ਕੁਝ ਵੀ ਨਹੀਂ ਮਿਲੇਗਾ।"

"ਰੋਟੀ ਨੂੰ ਨਹੀਂ ਜੀਅ ਕਰਦਾ," ਬਾਲ ਡੈਡੀ ਨੇ ਆਖਿਆ।

ਤੇ ਆਯਾ ਨੇ ਆਖਿਆ, "ਨਹੀਂ, ਖਾਏਂਗਾ ਤਾਂ ਆਪੇ ਕਰ ਆਵੇਗਾ।"

ਬਾਲ ਡੈਡੀ ਨੇ ਫੇਰ ਆਖਿਆ, "ਨਹੀਂ, ਮੈਂ ਨਹੀਂ ਖਾਣੀ।"

ਤੇ ਉਹਨੇ ਰੋਟੀ ਫਰਸ਼ ਉਤੇ ਵਗਾਹ ਮਾਰੀ। ਆਯਾ ਨੂੰ ਏਨਾ ਗੁੱਸਾ ਚੜ੍ਹਿਆ ਕਿ ਉਹ ਅੱਗੋਂ ਕੁਝ ਬੋਲ ਹੀ ਨਾ ਸਕੀ। ਇਹ ਤਾਂ ਝਾੜ ਝੰਬ ਨਾਲੋਂ ਵੀ ਖ਼ੌਫਨਾਕ ਗੱਲ ਸੀ। ਉਹ ਚੁਪ

ਕਰਕੇ ਖੜੀ ਉਹਦੇ ਵੱਲ ਵੇਖਦੀ ਰਹੀ। ਅਖੀਰ ਉਹਨੇ ਏਨਾ ਆਖਿਆ :

"ਤੂੰ ਸਮਝਦਾ ਏਂ ਕਿ ਤੂੰ ਰੋਟੀ ਵਗਾਹ ਮਾਰੀ ? ਮੈਂ ਤੈਨੂੰ ਦੱਸਦੀ ਆਂ ਕਿ ਤੂੰ ਕੀ ਸੁਟਿਆ ਹੈ। ਜਦੋਂ ਮੈਂ ਛੋਟੀ ਜਿਹੀ ਸਾਂ, ਮੈਂ ਸਾਰਾ ਦਿਨ ਬਤਖ਼ਾਂ ਦੀ ਦੇਖਭਾਲ ਕਰਦੀ ਸਾਂ ਤਾਂ ਜਾ ਕੇ ਥੋੜੀ ਜਿਹੀ ਰੋਟੀ ਮਿਲਦੀ ਸੀ। ਇਕ ਸਿਆਲ ਸਾਡੇ ਘਰ ਵਿਚ ਅੰਨ ਦਾ ਇਕ ਵੀ ਦਾਣਾ ਨਹੀਂ ਸੀ ਤੇ ਮੇਰਾ ਭਰਾ, ਤੇਰੀ ਉਮਰ ਦਾ ਹੀ ਸੀ ਮਸਾਂ, ਭੁੱਖ ਨਾਲ ਹੀ ਮਰ ਗਿਆ ਸੀ। ਜੇ ਉਸ ਵੇਲੇ ਕੋਈ ਉਹਨੂੰ ਰੋਟੀ ਦਾ ਟੁਕੜਾ ਦੇ ਦੇਂਦਾ ਤਾਂ ਉਹ ਬਚ ਜਾਂਦਾ। ਤੈਨੂੰ ਪੜ੍ਹਨਾ ਲਿਖਣਾ ਤਾਂ ਸਿਖਾ ਦਿੱਤਾ ਏ, ਪਰ ਇਹ ਨਹੀਂ ਦੱਸਿਆ ਕਿ ਰੋਟੀ ਕਿਥੋਂ ਆਉਂਦੀ ਏ। ਲੋਕ ਅੰਨ ਉਗਾਉਣ ਵਾਸਤੇ ਹੱਡ ਭੰਨਵੀਂ ਮਿਹਨਤ ਕਰਦੇ ਨੇ ਤਾਂ ਰੋਟੀ ਬਣਦੀ ਏ। ਤੇ ਤੂੰ ਫਰਸ਼ ਉਤੇ ਵਗਾਹ ਮਾਰੀ ਏ। ਸ਼ਰਮ ਆਉਣੀ ਚਾਹੀਦੀ ਏ ਤੈਨੂੰ ! ਤੇਰੀ ਸ਼ਕਲ ਨਹੀਂ ਵੇਖਣਾ ਚਾਹੁੰਦੀ ਮੈਂ !"

ਬਾਲ ਡੈਡੀ ਸੌਂ ਗਿਆ। ਪਰ ਉਹਨੂੰ ਚੰਗੀ ਤਰ੍ਹਾਂ ਨੀਂਦ ਨਾ ਆਈ। ਉਹਨੂੰ ਬੜੇ ਡਰਾਉਣੇ ਸੁਪਨੇ ਆਉਂਦੇ ਰਹੇ। ਸਵੇਰੇ ਜਦੋਂ ਬਾਲ ਡੈਡੀ ਸੁੱਤਾ ਉਠਿਆ ਤਾਂ ਉਹਨੂੰ ਪਤਾ ਲੱਗਾ ਕਿ ਉਹਨੂੰ ਅੱਜ ਸਾਰੀ ਦਿਹਾੜੀ ਰੋਟੀ ਨਹੀਂ ਮਿਲੇਗੀ। ਡੈਡੀ ਨੂੰ ਕਈ ਵਾਰੀ ਮਿੱਠੀਆਂ ਗੋਲੀਆਂ ਨਹੀਂ ਸੀ ਦਿੱਤੀਆਂ ਜਾਂਦੀਆਂ। ਕਈ ਵਾਰੀ ਉਹਨੂੰ ਰਾਤ ਨੂੰ ਭੁਖਿਆਂ ਹੀ ਸੌਣਾ ਪੈਂਦਾ ਹੁੰਦਾ ਸੀ। ਪਰ ਜ਼ਿੰਦਗੀ ਵਿਚ ਪਹਿਲੀ ਵਾਰੀ ਇਸ ਤਰ੍ਹਾਂ ਹੋਇਆ ਕਿ ਉਸ ਨੂੰ ਰੋਟੀ ਬਗ਼ੈਰ ਦਿਨ ਕਟਣਾ ਪਿਆ। ਇਹ ਆਯਾ ਦਾ ਹੀ ਵਿਚਾਰ ਸੀ। ਤੇ ਇਹ ਬਹੁਤ ਚੰਗਾ ਵਿਚਾਰ ਸੀ। ਸਵੇਰੇ ਬਾਲ ਡੈਡੀ ਨੂੰ ਰੋਟੀ ਦੇ ਬਗ਼ੈਰ ਹੀ ਪਨੀਰ ਦਾ ਟੁਕੜਾ ਦਿੱਤਾ ਗਿਆ। ਇਹ ਬੜਾ ਸਵਾਦ ਸੀ ਤੇ ਉਹ ਇਕ ਮਿੰਟ ਵਿਚ ਖਾ ਗਿਆ। ਉਹਨੇ ਆਪਣਾ ਨਾਸ਼ਤਾ ਮੁਕਾ ਲਿਆ ਪਰ ਉਹ ਅਜੇ ਵੀ ਭੁੱਖਾ ਸੀ ਕਿਉਂਕਿ ਉਸ ਨੇ ਰੋਟੀ ਨਹੀਂ ਸੀ ਖਾਧੀ। ਡੈਡੀ ਵਾਸਤੇ ਰੋਟੀ ਵੇਲੇ ਤੱਕ ਸਬਰ ਕਰਨਾ ਔਖਾ ਹੋ ਗਿਆ। ਰੋਟੀ ਵੇਲੇ ਰੋਟੀ ਤੋਂ ਬਗ਼ੈਰ ਹੀ ਕਟਲੈਟ ਮਿਲੇ ਪਰ ਉਹਨਾਂ ਨਾਲ ਵੀ ਢਿੱਡ ਨਾ ਭਰਿਆ। ਸਾਰਾ ਦਿਨ ਉਸ ਦਾ ਰੋਟੀ ਖਾਣ ਨੂੰ ਜੀਅ ਕਰਦਾ ਰਿਹਾ ਸੀ। ਰਾਤ ਦੇ ਖਾਣੇ ਵਿਚ ਉਸ ਨੂੰ ਤਲੇ ਹੋਏ ਆਂਡੇ ਮਿਲੇ। ਰੋਟੀ ਤੋਂ ਬਗ਼ੈਰ ਇਹ ਬਹੁਤ ਬੇਸਵਾਦੇ ਲੱਗੇ ਸਨ। ਹਰ ਕੋਈ ਡੈਡੀ ਦਾ ਮਖੌਲ ਉਡਾ ਰਿਹਾ ਸੀ। ਸਭ ਕਹਿੰਦੇ ਸਨ ਕਿ ਉਹਨੂੰ ਸਾਰਾ ਸਾਲ ਰੋਟੀ ਨਹੀਂ ਮਿਲੇਗੀ। ਪਰ ਅਗਲੇ ਦਿਨ ਸਵੇਰੇ ਉਹਨੂੰ ਰੋਟੀ ਦੇ ਦਿੱਤੀ ਗਈ। ਇਹ ਰੋਟੀ ਬੜੀ ਸਵਾਦ ਸੀ। ਕਿਸੇ ਨੇ ਕੁਝ ਨਹੀਂ ਆਖਿਆ, ਪਰ ਸਾਰੇ ਇਹ ਵੇਖਦੇ ਰਹੇ ਕਿ ਡੈਡੀ ਰੋਟੀ ਕਿਵੇਂ ਖਾਂਦਾ ਹੈ। ਬਾਲ ਡੈਡੀ ਨੂੰ ਬੜੀ ਸ਼ਰਮ ਆ ਰਹੀ ਸੀ। ਉਸ ਤੋਂ ਮਗਰੋਂ ਉਹ ਹਮੇਸ਼ਾ ਰੋਟੀ ਖਾਣ ਲੱਗ ਪਿਆ, ਤੇ ਉਸ ਨੇ ਕਦੇ ਵੀ ਆਪਣੀ ਰੋਟੀ ਵਗਾਹ ਕੇ ਫਰਸ਼ ਉਤੇ ਨਹੀਂ ਸੀ ਮਾਰੀ।

ਜਦੋਂ ਡੈਡੀ ਛੋਟਾ ਹੁੰਦਾ ਸੀ, ਉਹ ਹਰ ਵੇਲੇ ਮੂੰਹ ਵੱਟੀ ਰੱਖਦਾ ਸੀ। ਉਹ ਸਾਰਿਆਂ ਨਾਲ ਇਕੱਠਿਆਂ ਵੀ ਤੇ ਹਰ ਇਕ ਨਾਲ ਵੱਖ ਵੱਖ ਵੀ ਨਾਰਾਜ਼ ਹੋ ਜਾਂਦਾ ਸੀ। ਜਦੋਂ ਉਹਨੂੰ ਕੋਈ ਕਹਿੰਦਾ : "ਤੂੰ ਥੋੜਾ ਜਿਹਾ ਕਿਉਂ ਖਾਧਾ ਹੈ?" ਉਹ ਗੁੱਸੇ ਹੋ ਜਾਂਦਾ। ਤੇ ਜਦੋਂ ਉਹਨੂੰ ਕੋਈ ਕਹਿੰਦਾ, "ਤੂੰ ਕਿਉਂ ਅੰਦਰ ਤੂੜੀ ਜਾਂਦਾ ਏਂ?" ਉਹ ਤਾਂ ਵੀ ਗੁੱਸੇ ਹੋ ਜਾਂਦਾ।

ਉਹ ਦਾਦੀ ਨਾਲ ਇਸ ਵਾਸਤੇ ਰੁਸ ਜਾਂਦਾ ਕਿਉਂਕਿ ਉਹ ਕੋਈ ਗੱਲ ਦੱਸਣਾ ਚਾਹੁੰਦਾ ਤੇ ਉਹ ਕੰਮ ਵਿਚ ਰੁੱਝੀ ਹੋਈ ਹੁੰਦੀ ਤੇ ਉਹਦੀਆਂ ਗੱਲਾਂ ਨਾ ਸੁਣ ਸਕਦੀ। ਉਹ ਦਾਦੇ ਨਾਲ

ਗੁੱਸੇ ਹੋ ਜਾਂਦਾ ਕਿਉਂਕਿ ਦਾਦਾ ਉਸ ਨੂੰ ਕੁਝ ਆਖਣਾ ਚਾਹੁੰਦਾ ਤੇ ਉਹ ਆਪ ਰੁਝਾ ਹੁੰਦਾ ਤੇ ਉਹਦੀ ਗੱਲ ਨਾ ਸੁਣ ਸਕਦਾ। ਜਦੋਂ ਉਸ ਦੇ ਮਾਪੇ ਕਿਸੇ ਦੇ ਮਹਿਮਾਨ ਜਾਂਦੇ ਜਾਂ ਥੇਟਰ ਜਾਂਦੇ, ਤਾਂ ਬਾਲ ਡੈਡੀ ਰੁਸ ਬਹਿੰਦਾ ਤੇ ਰੋਈ ਜਾਂਦਾ। ਉਹ ਚਾਹੁੰਦਾ ਕਿ ਉਹਦੇ ਮਾਪੇ ਹਰ ਵੇਲੇ ਘਰ ਹੀ ਰਹਿਣ। ਪਰ ਜਦੋਂ ਉਹਦਾ ਆਪਣਾ ਸਰਕਸ ਜਾਣ ਨੂੰ ਜੀਅ ਕਰਦਾ, ਤਾਂ ਬਾਲ ਡੈਡੀ ਹੋਰ ਵੀ ਉੱਚੀ ਉੱਚੀ ਰੋਣ ਲੱਗ ਪੈਂਦਾ। ਉਸ ਨੂੰ ਇਸ ਗੱਲ ਦਾ ਗੁੱਸਾ ਚੜ੍ਹ ਜਾਂਦਾ ਕਿ ਉਸ ਨੂੰ ਘਰ ਰਹਿਣਾ ਪਵੇਗਾ। ਡੈਡੀ ਦਾ ਭਰਾ ਚਾਚਾ ਵੀਤੀਆ ਵੀ ਓਦੋਂ ਬੜਾ ਛੋਟਾ ਹੁੰਦਾ ਸੀ। ਉਹ ਡੈਡੀ ਨੂੰ ਇਸ ਵਾਸਤੇ ਨਾਰਾਜ਼ ਕਰ ਲੈਂਦਾ ਕਿ ਉਹ ਡੈਡੀ ਨਾਲ ਬੋਲਣਾ ਨਹੀਂ ਸੀ ਚਾਹੁੰਦਾ। ਚਾਚਾ ਵੀਤੀਆ ਸਿਰਫ ਮੁਸਕ੍ਰਾ ਛੱਡਦਾ ਤੇ ਆਪਣਾ ਅੰਗੂਠਾ ਚੁੰਘਦਾ ਰਹਿੰਦਾ। ਉਹ ਹਾਲੇ ਏਨਾ ਛੋਟਾ ਸੀ ਕਿ "ਦਾ... ਦਾ" ਤੋਂ ਬਿਨਾਂ ਕੁਝ ਬੋਲ ਨਹੀਂ ਸੀ ਸਕਦਾ, ਪਰ ਡੈਡੀ ਨੂੰ ਕੋਈ ਫਰਕ ਨਹੀਂ ਸੀ ਪੈਂਦਾ, ਉਹ ਉਹਦੇ ਨਾਲ ਰੁਸ ਜਾਂਦਾ। ਜੇ ਉਹਦੀ ਮਾਸੀ ਆਉਂਦੀ ਉਹ ਉਹਦੇ ਨਾਲ ਰੁਸਿਆ ਹੁੰਦਾ। ਜੇ ਮਾਸੀ ਤੇ ਮਾਸੜ ਦੋਵੇਂ ਇਕੱਠੇ ਆਉਂਦੇ, ਉਹਨੇ ਉਹਨਾਂ ਦੋਹਾਂ ਨਾਲ ਮੂੰਹ ਮੋਟਾ ਕੀਤਾ ਹੁੰਦਾ। ਉਸ ਨੂੰ ਲੱਗਦਾ ਕਿ ਉਹਦੀ ਮਾਸੀ ਉਹਦਾ ਮਜ਼ਾਕ ਉਡਾਉਂਦੀ ਹੈ। ਉਹਨੂੰ ਲੱਗਦਾ ਕਿ ਉਹਦਾ ਮਾਸੜ ਉਹਦੇ ਨਾਲ ਬੋਲਣਾ ਨਹੀਂ ਚਾਹੁੰਦਾ। ਕਦੇ ਉਹ ਕੋਈ ਹੋਰ ਕਾਰਨ ਸੋਚ ਲੈਂਦਾ। ਬਾਲ ਡੈਡੀ ਦਾ ਖਿਆਲ ਸੀ ਕਿ ਸਾਰੀ ਦੁਨੀਆ ਵਿਚ ਉਹੋ ਹੀ ਸਭ ਤੋਂ ਅਹਿਮ ਆਦਮੀ ਹੈ।

ਜੇ ਉਹ ਕੁਝ ਕਹਿਣਾ ਚਾਹੁੰਦਾ ਹੈ ਤਾਂ ਸਭ ਨੂੰ ਚੁੱਪ ਕਰ ਜਾਣਾ ਚਾਹੀਦਾ ਹੈ। ਜੇ ਉਹਦਾ ਚੁੱਪ ਰਹਿਣ ਨੂੰ ਜੀਅ ਕਰਦਾ ਹੈ ਤਾਂ ਕਿਸੇ ਨੂੰ ਵੀ ਉਹਨੂੰ ਬੁਲਾਉਣਾ ਨਹੀਂ ਚਾਹੀਦਾ।

ਜੇ ਉਹਦਾ ਬਿੱਲੀ ਵਾਂਗ ਮਿਆਉਂ ਮਿਆਉਂ ਕਰਨ, ਕੁੱਤੇ ਵਾਂਗ ਵਊਂ ਵਊਂ ਕਰਨ, ਸੂਰ ਦੇ ਬੱਚੇ ਵਾਂਗ ਘੀਂ ਘੀਂ ਕਰਨ, ਕਾਂ ਵਾਂਗ ਕਾਂ ਕਾਂ ਕਰਨ ਜਾਂ ਗਊ ਵਾਂਗ ਮੈਂਅ ਮੈਂਅ ਕਰਨ ਨੂੰ ਜੀਅ ਕਰਦਾ ਹੈ ਤਾਂ ਸਾਰਿਆਂ ਨੂੰ ਹੱਥਲਾ ਕੰਮ ਛੱਡ ਕੇ ਸੁਣਨਾ ਚਾਹੀਦਾ ਹੈ ਕਿ ਉਹ ਕਿਵੇਂ ਅਜੀਬ ਅਜੀਬ ਆਵਾਜ਼ਾਂ ਕੱਢ ਸਕਦਾ ਹੈ। ਬਾਲ ਡੈਡੀ ਨੇ ਕਦੇ ਇਹ ਨਹੀਂ ਸੀ ਸੋਚਿਆ ਕਿ ਛੋਟੇ ਜਾਂ ਵੱਡੇ ਹੋਰ ਲੋਕ ਵੀ ਹਨ ਜਿਹੜੇ ਉਹਦੇ ਨਾਲੋਂ ਘਟੀਆ ਨਹੀਂ। ਜੇ ਕੋਈ ਉਹਦੇ ਨਾਲ ਬਹਿਸ ਪੈਂਦਾ ਜਾਂ ਉਸ ਨੂੰ ਝਿੜਕ ਦੇਂਦਾ, ਬਾਲ ਡੈਡੀ ਗੁੱਸੇ ਹੋ ਜਾਂਦਾ। ਉਹਦਾ ਬੜਾ ਜੀਅ ਖਰਾਬ ਹੁੰਦਾ ਸੀ। ਬਾਲ ਡੈਡੀ ਬੁਲ੍ਹ ਟੇਰ ਲੈਂਦਾ, ਤਿਊੜੀ ਚਾੜ੍ਹ ਲੈਂਦਾ ਅਤੇ ਤੈਸ਼ ਵਿਚ ਆ ਕੇ ਓਥੋਂ ਚਲਾ ਜਾਂਦਾ।

ਹਰ ਵੇਲੇ ਉਹ ਕਿਸੇ ਨਾਲ ਗੁੱਸੇ ਹੋਇਆ ਹੁੰਦਾ, ਕਿਸੇ ਨਾਲ ਝਗੜਦਾ ਹੁੰਦਾ ਤੇ

ਸਾਰਿਆਂ ਨਾਲ ਰੁੱਸਿਆ ਹੁੰਦਾ। ਸਵੇਰ ਤੋਂ ਲੈ ਕੇ ਰਾਤ ਤੱਕ ਉਸ ਨੂੰ ਦਿਲਾਸਾ ਦੇ ਕੇ ਮਨਾਉਣਾ ਪੈਂਦਾ ਤੇ ਹਸਾਉਣਾ ਪੈਂਦਾ। ਸਵੇਰੇ ਜਦੋਂ ਉਹਦੀ ਅੱਖ ਖੁਲ੍ਹਦੀ ਉਹ ਜਿਵੇਂ ਸੂਰਜ ਨਾਲ ਪਹਿਲਾਂ ਹੀ ਰੁਸਿਆ ਹੁੰਦਾ ਕਿ ਉਸ ਨੇ ਉਹਨੂੰ ਜਗਾ ਕਿਉਂ ਦਿੱਤਾ। ਫੇਰ ਉਹ ਰਾਤ ਤੱਕ ਸਾਰਿਆਂ ਨਾਲ ਰੁਸਿਆ ਰਹਿੰਦਾ ਤੇ ਜਦੋਂ ਸੌਂਦਾ ਤਾਂ ਸੁੱਤੇ ਪਿਆਂ ਵੀ ਬੁਲ੍ਹ ਟੇਰੇ ਹੁੰਦੇ ਤੇ ਹਰ ਇਕ ਉਤੇ ਗੁੱਸਾ ਚੜ੍ਹਿਆ ਹੁੰਦਾ। ਪਰ ਜਦੋਂ ਬਾਲ ਡੈਡੀ ਦੂਜੇ ਬੱਚਿਆਂ ਨਾਲ ਖੇਡਦਾ ਹੁੰਦਾ, ਓਦੋਂ ਹਾਲਤ ਹੋਰ ਵੀ ਮਾੜੀ ਹੁੰਦੀ। ਉਹ ਚਾਹੁੰਦਾ ਕਿ ਸਿਰਫ ਓਹੋ ਖੇਡ ਖੇਡੀ ਜਾਵੇ ਜਿਹੜੀ ਉਹਨੂੰ ਪਸੰਦ ਹੋਵੇ। ਕਿਸੇ ਇਕ ਬੱਚੇ ਨਾਲ ਉਹ ਖੇਡਣਾ ਚਾਹੁੰਦਾ ਕਿਸੇ ਦੂਜੇ ਨਾਲ ਨਾ ਖੇਡਣਾ ਚਾਹੁੰਦਾ। ਜਦੋਂ ਉਹ ਬਹਿਸ ਪੈਂਦਾ ਤਾਂ ਹਮੇਸ਼ਾ ਚਾਹੁੰਦਾ ਕਿ ਉਹਦੀ ਗੱਲ ਮੰਨੀ ਜਾਵੇ। ਉਹ ਸਾਰਿਆਂ ਨੂੰ ਮਖੌਲ ਕਰ ਸਕਦਾ ਸੀ, ਪਰ ਕੋਈ ਉਸ ਨੂੰ ਮਜ਼ਾਕ ਨਹੀਂ ਸੀ ਕਰ ਸਕਦਾ। ਆਖਰ ਸਾਰੇ ਤੰਗ ਆ ਗਏ। ਸਾਰਿਆਂ ਨੇ ਬਾਲ ਡੈਡੀ ਨੂੰ ਮਖੌਲ ਕਰਨਾ ਸ਼ੁਰੂ ਕਰ ਦਿੱਤਾ। ਘਰ ਵਿਚ ਵੀ ਤੇ ਬਾਹਰ ਵੀ। ਘਰ ਵਿਚ ਉਹਨੂੰ ਆਖਿਆ ਜਾਂਦਾ :

"ਚਾਹ ਪੀਣੀ ਏ? ਨਾਰਾਜ਼ ਹੋਣ ਦੀ ਨਹੀਂ ਲੋੜ।"

"ਚਲ ਸੈਰ ਨੂੰ ਚਲੀਏ, ਨਾਰਾਜ਼ ਹੋਣ ਦੀ ਨਹੀਂ ਲੋੜ।"

"ਤੂੰ ਅਜੇ ਵੀ ਨਾਰਾਜ਼ ਏਂ?"

"ਛੇਤੀ ਨਾਲ ਰੁਸ ਜਾ। ਸਾਡੇ ਕੋਲ ਵਿਹਲਾ ਵਕਤ ਨਹੀਂ।"

ਇਹ ਸਭ ਕੁਝ ਸੁਣ ਕੇ, ਬਾਲ ਡੈਡੀ ਓਸੇ ਵੇਲੇ ਰੁਸ ਬਹਿੰਦਾ। ਬਾਹਰ ਬੱਚੇ ਉਸ ਨੂੰ ਚਿੜਾਉਂਦੇ ਛੇੜਦੇ। ਉਹ ਕਹਿੰਦੇ :

"ਹਮਸਾਇਆ, ਮੂੰਹ ਕਿਉਂ ਸੁਜਾਇਆ?" ਤੇ ਬਾਲ ਡੈਡੀ ਓਸੇ ਵੇਲੇ ਬੁਲ੍ਹ ਟੇਰ ਲੈਂਦਾ।

"ਵੇਖੋ, ਮੁੰਡਿਓ, ਮੈਂ ਆਪਣੀ ਉਂਗਲ ਹਿਲਾਵਾਂਗਾ ਤੇ ਇਹ ਮੂੰਹ ਵੱਟ ਲਵੇਗਾ।"

ਇਕ ਜਣਾ ਆਪਣੀ ਉਂਗਲ ਹਿਲਾਉਂਦਾ ਤੇ ਡੈਡੀ ਓਸੇ ਵੇਲੇ ਨਾਰਾਜ਼ ਹੋ ਜਾਂਦਾ। ਫੇਰ ਸਾਰੇ ਬੱਚੇ ਹੱਸ ਪੈਂਦੇ। ਬੱਚੇ ਸਚਮਚੁ ਬੜੇ ਖੁਸ਼ ਹੁੰਦੇ ਕਿਉਂਕਿ ਡੈਡੀ ਨੂੰ ਚਿੜਾਉਣਾ ਬਹੁਤ ਸੌਖਾ ਹੁੰਦਾ ਸੀ। ਉਹਨਾਂ ਨੇ ਉਹਦਾ ਜਿਊਣਾ ਹਰਾਮ ਕੀਤਾ ਹੋਇਆ ਸੀ। ਅਖੀਰ ਇਕ ਵੱਡੇ ਮੁੰਡੇ ਨੂੰ ਉਹਦੇ ਉਤੇ ਤਰਸ ਆ ਗਿਆ। ਉਹ ਆਖਣ ਲੱਗਾ :

"ਗੱਲ ਸੁਣ, ਤੂੰ ਹਰ ਗੱਲੋਂ ਨਾਰਾਜ਼ ਕਿਉਂ ਹੋ ਜਾਂਦਾ ਏਂ? ਜੇ ਤੂੰ ਪਰਵਾਹ ਹੀ ਨਾ ਕਰੇਂ, ਉਹ ਆਪੇ ਹਟ ਜਾਣਗੇ।"

ਡੈਡੀ ਨੇ ਉਹਦੀ ਗੱਲ ਮੰਨ ਲਈ। ਉਸ ਨੇ ਛੋਟੀ ਮੋਟੀ ਗੱਲ ਤੋਂ ਨਾਰਾਜ਼ ਹੋਣਾ ਛੱਡ

ਦਿੱਤਾ ਤੇ ਮੁੰਡੇ ਉਹਨੂੰ ਚਿੜਾਉਣੋਂ ਹਟ ਗਏ। ਪਰ ਉਹਨੂੰ ਗੁੱਸੇ ਹੋ ਜਾਣ ਦੀ ਐਸੀ ਆਦਤ ਪਈ ਹੋਈ ਸੀ ਕਿ ਵੱਡਾ ਹੋ ਕੇ ਵੀ ਇਸ ਤੋਂ ਖਹਿੜਾ ਨਾ ਛੁਡਾ ਸਕਿਆ। ਸਕੂਲ ਵਿਚ ਇਸ ਆਦਤ ਨੇ ਉਸ ਨੂੰ ਬੜਾ ਤੰਗ ਕੀਤਾ ਤੇ ਮਗਰੋਂ ਕੰਮ ਲੱਗ ਕੇ ਵੀ। ਤੇ ਇਹਦੇ ਨਾਲ ਉਹਦੇ ਕਈ ਦੋਸਤ ਮਿੱਤਰ ਖੁੱਸ ਗਏ। ਉਹ ਲੋਕ, ਜਿਹੜੇ ਡੈਡੀ ਨੂੰ ਛੋਟੇ ਹੁੰਦਿਆਂ ਤੋਂ ਜਾਣਦੇ ਸਨ, ਹਾਲੇ ਵੀ ਕਈ ਵਾਰੀ ਉਹਨੂੰ ਛੇੜਦੇ ਹਨ। ਪਰ ਹੁਣ ਉਹ ਉਹਨਾਂ ਨਾਲ ਨਾਰਾਜ਼ ਨਹੀਂ ਹੁੰਦਾ। ਤਕਰੀਬਨ ਕਦੇ ਨਾਰਾਜ਼ ਨਹੀਂ ਹੁੰਦਾ। ਹਰ ਹਾਲਤ ਵਿਚ, ਉਹ ਪਹਿਲਾਂ ਨਾਲੋਂ ਘਟ ਨਾਰਾਜ਼ ਹੁੰਦਾ ਹੈ।

ਜਦੋਂ ਡੈਡੀ ਛੋਟਾ ਹੁੰਦਾ ਸੀ, ਉਹ ਦੁਧ, ਪਾਣੀ, ਚਾਹ ਤੇ ਮੱਛੀ ਦਾ ਤੇਲ ਪੀਂਦਾ ਹੁੰਦਾ ਸੀ।

ਮੱਛੀ ਦਾ ਤੇਲ ਸਿਹਤ ਵਾਸਤੇ ਚੰਗਾ ਸਮਝਿਆ ਜਾਂਦਾ ਸੀ। ਪਰ ਇਸ ਨੂੰ ਪੀਣ ਤੋਂ ਬੜੀ ਕਰਹਿਤ ਆਉਂਦੀ ਸੀ। ਬਾਲ ਡੈਡੀ ਦਾ ਖਿਆਲ ਸੀ ਮੱਛੀ ਦੇ ਤੇਲ ਜਿੰਨੀ ਬੇਸਵਾਦ ਚੀਜ਼ ਦੁਨੀਆ ਵਿਚ ਹੋਰ ਕੋਈ ਨਹੀਂ। ਪਰ ਜ਼ਾਹਿਰ ਹੈ ਕਿ ਉਹਦਾ ਖਿਆਲ ਗ਼ਲਤ ਸੀ।

ਗਰਮੀਆਂ ਦੇ ਮੌਸਮ ਵਿਚ ਇਕ ਦਿਨ ਬਾਲ ਡੈਡੀ ਬਾਹਰ ਖੇਡ ਰਿਹਾ ਸੀ। ਗਰਮੀ ਬਹੁਤ ਸੀ। ਬਾਲ ਡੈਡੀ ਬੜਾ ਭੱਜਾ ਫਿਰਦਾ ਰਿਹਾ ਸੀ ਤੇ ਉਹਨੂੰ ਸਖ਼ਤ ਪਿਆਸ ਲੱਗੀ ਹੋਈ

ਸੀ। ਉਹ ਭੱਜਾ ਭੱਜਾ ਘਰ ਆਇਆ। ਘਰ ਵਿਚ ਸਾਰੇ ਰੁੱਝੇ ਹੋਏ ਸਨ। ਉਹ ਸਮੋਸੇ ਬਣਾ ਰਹੇ ਸਨ ਅਤੇ ਮਹਿਮਾਨਾਂ ਵਾਸਤੇ ਮੇਜ਼ ਉਤੇ ਖਾਣਾ ਪਰੋਸ ਰਹੇ ਸਨ।

ਕਿਸੇ ਨੂੰ ਪਤਾ ਨਹੀਂ ਲੱਗਾ ਕਿ ਕਿਵੇਂ ਤੇ ਕਦੋਂ ਬਾਲ ਡੈਡੀ ਨੇ ਸੁਰਾਹੀ ਵਿਚੋਂ ਆਪਣੇ ਵਾਸਤੇ ਗਲਾਸ ਵਿਚ ਪਾਣੀ ਪਾ ਲਿਆ। ਉਹਨੂੰ ਪਤਾ ਸੀ ਕਿ ਸੁਰਾਹੀ ਵਿਚ ਹਮੇਸ਼ਾ ਉਬਲਿਆ ਹੋਇਆ ਠੰਡਾ ਪਾਣੀ ਰੱਖਿਆ ਰਹਿੰਦਾ ਹੈ। ਉਹ ਅੱਧਾ ਗਲਾਸ ਗਟ ਗਟ ਕਰ ਕੇ ਪੀ ਗਿਆ। ਪੀ ਗਿਆ ਤੇ ਉਹਦਾ ਸਾਹ ਰੁਕ ਗਿਆ। ਉਸ ਨੂੰ ਸਮਝ ਨਾ ਆਵੇ ਕਿ ਪਾਣੀ ਨਾਲ ਕੀ ਹੋ ਗਿਆ।

ਬਾਲ ਡੈਡੀ ਨੂੰ ਲੱਗਾ ਜਿਵੇਂ ਉਸ ਨੇ ਜਿਊਂਦਾ ਕੰਡੇਰਨਾ ਨਿਗਲ ਲਿਆ ਹੋਵੇ। ਫੇਰ ਉਸ ਨੇ ਸੋਚਿਆ ਕਿ ਪਾਣੀ ਤਾਂ ਸ਼ਾਇਦ ਚੰਗਾ ਹੀ ਹੋਵੇ, ਉਹਦੀ ਹੀ ਤਬੀਅਤ ਖਰਾਬ ਹੈ। ਉਹ ਬਹੁਤ ਡਰ ਗਿਆ ਤੇ ਉਹਨੇ ਸੋਚਿਆ ਹੁਣ ਉਹ ਮਰ ਜਾਏਗਾ। ਉਹਨੇ ਏਨੀ ਉੱਚੀ ਉੱਚੀ ਚੀਕਾਂ ਮਾਰੀਆਂ ਕਿ ਸਾਰੇ ਭੱਜੇ ਭੱਜੇ ਉਹਦੇ ਵੱਲ ਆ ਗਏ।

ਬਾਲ ਡੈਡੀ ਖੰਘ ਰਿਹਾ ਸੀ ਤੇ ਉਹਨੂੰ ਉੱਥੂ ਛਿੜਿਆ ਹੋਣ ਕਰਕੇ ਉਹਦਾ ਸਾਹ ਨਹੀਂ ਸੀ ਮੁੜ ਰਿਹਾ। ਉਹਦਾ ਮੂੰਹ ਅੱਗ ਵਾਂਗ ਤਪਿਆ ਹੋਇਆ ਸੀ। ਉਹਦੀ ਹਾਲਤ ਬੜੀ ਖ਼ਰਾਬ ਸੀ ਤੇ ਕਿਸੇ ਨੂੰ ਸਮਝ ਨਹੀਂ ਸੀ ਆਉਂਦਾ ਕਿ ਹੋਇਆ ਕੀ ਹੈ।

"ਏਹਨੂੰ ਤਾਂ ਸਖ਼ਤ ਬੁਖ਼ਾਰ ਏ!" ਦਾਦੀ ਨੇ ਹੌਕਾ ਲਿਆ।

"ਪਖੰਡ ਕਰਦਾ ਏ!" ਦਾਦੇ ਨੇ ਆਖਿਆ।

ਏਨੇ ਨੂੰ ਆਯਾ ਆ ਗਈ ਤੇ ਉਹਨੇ ਝੱਟ ਸਾਰੀ ਗੱਲ ਸਮਝ ਲਈ।

"ਏਹਨੇ ਵੋਦਕਾ ਪੀ ਲਈ ਏ," ਆਯਾ ਨੇ ਆਖਿਆ। "ਸੁਰਾਹੀ ਵਿਚ ਵੋਦਕਾ ਏ।"

ਤੇ ਫੇਰ ਸਾਰੇ ਜਣੇ ਚੀਕ ਚਿਹਾੜਾ ਪਾਉਣ ਲੱਗ ਪਏ।

"ਡਾਕਟਰ ਨੂੰ ਸੱਦੋ।" ਦਾਦੀ ਨੇ ਰੌਲਾ ਪਾਇਆ।

"ਮੈਂ ਏਹਦੀ ਖੱਲ ਲਾਹੁੰਦਾ ਆਂ!" ਦਾਦਾ ਕੜਕਿਆ।

"ਏਹਨੂੰ ਕੁਝ ਖਾਣ ਨੂੰ ਦਿਓ!" ਆਯਾ ਚਿੱਲਾਈ।

ਬਾਲ ਡੈਡੀ ਨੇ ਸੈਂਡਵਿਚ ਖਾ ਲਿਆ ਤੇ ਹੌਲੀ ਜਿਹੀ ਕਿਹਾ:

"ਵੋਦਕਾ ਬੜੀ ਲਾਹੇਵੰਦੀ ਚੀਜ਼ ਏ।"

ਅਚਾਨਕ ਬਾਲ ਡੈਡੀ ਦੀ ਹਾਲਤ ਬਹੁਤ ਭੈੜੀ ਹੋ ਗਈ ਤੇ ਉਹ ਫਰਸ਼ ਤੇ ਬਹਿ ਗਿਆ। ਉਸ ਦਾ ਸਿਰ ਚਕਰਾਉਣ ਲੱਗ ਪਿਆ ਸੀ।

ਇਸ ਤੋਂ ਅੱਗੇ ਬਾਲ ਡੈਡੀ ਨੂੰ ਕੁਝ ਯਾਦ ਨਹੀਂ ਰਿਹਾ। ਪਰ ਉਹਨੂੰ ਦੱਸਿਆ ਗਿਆ

ਕਿ ਉਹ ਸਾਰਾ ਦਿਨ ਸੁੱਤਾ ਰਿਹਾ ਸੀ। ਸ਼ਾਮ ਤੱਕ ਉਹਦੀ ਤਬੀਅਤ ਬਿਹਤਰ ਹੋ ਗਈ। ਜਦੋਂ ਮਹਿਮਾਨ ਆਏ ਤੇ ਵੋਦਕਾ ਪੀਣ ਲੱਗ ਪਏ ਤਾਂ ਬਾਲ ਡੈਡੀ ਮੰਜੇ ਵਿਚ ਪਿਆ ਉਹਨਾਂ ਵੱਲ ਵੇਖਦਾ ਰਿਹਾ। ਉਸ ਨੂੰ ਮਹਿਮਾਨਾਂ ਉਤੇ ਬੜਾ ਤਰਸ ਆ ਰਿਹਾ ਸੀ। ਹੁਣ ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਮਗਰੋਂ ਉਹਨਾਂ ਦੀ ਹਾਲਤ ਕੇਡੀ ਖ਼ਰਾਬ ਹੋਵੇਗੀ। ਉਸ ਨੇ ਇਕ ਮਹਿਮਾਨ ਨੂੰ ਆਖਿਆ ਵੀ ਸੀ:

"ਏਹ ਗੰਦੀ ਚੀਜ਼ ਨਾ ਪੀ!"

ਪਰ ਮੂਰਖ ਮਹਿਮਾਨ ਨੇ ਸਿਰਫ ਮੁਸਕ੍ਰਾ ਛੱਡਿਆ ਸੀ।

ਅਗਲੇ ਦਿਨ ਸਵੇਰੇ ਬਾਲ ਡੈਡੀ ਬਿਲਕੁਲ ਠੀਕ-ਠਾਕ ਸੀ। ਪਰ ਉਸ ਨੇ ਉਸ ਸੁਰਾਹੀ ਵਿਚੋਂ ਫੇਰ ਕਦੇ ਨਹੀਂ ਪੀਤੀ। ਤੇ ਹੁਣ ਜਦੋਂ ਉਹ ਵੋਦਕਾ ਵੇਖਦਾ ਹੈ ਤਾਂ ਉਹਦਾ ਦਿਲ ਖਰਾਬ ਹੋ ਜਾਂਦਾ ਹੈ।

ਡੈਡੀ ਅਕਸਰ ਇਹ ਕਹਾਣੀ ਸੁਣਾਉਂਦਾ ਹੈ। ਤੇ ਸਦਾ ਕਹਿੰਦਾ ਹੈ:

"ਉਸ ਤੋਂ ਪਿਛੋਂ ਮੈਂ ਪੀਣੀ ਛੱਡ ਦਿੱਤੀ!"

ਡੈਡੀ ਨੇ ਲਿਖਣਾ ਕਿਵੇਂ ਸਿਖਿਆ

ਜਦੋਂ ਡੈਡੀ ਛੋਟਾ ਹੁੰਦਾ ਸੀ, ਉਸ ਨੇ ਬਹੁਤ ਛੇਤੀ ਛੇਤੀ ਪੜ੍ਹਨਾ ਸਿਖ ਲਿਆ ਸੀ। ਉਹਨੂੰ ਸਿਰਫ ਏਨਾ ਦੱਸਿਆ ਗਿਆ ਸੀ: "ਇਹ ਹੈ 'ਅ,' ਇਹ ਹੈ 'ਬ' ਤੇ ਉਹਨੇ ਸਾਰੀ ਵਰਣਮਾਲਾ ਸਿਖ ਲਈ। ਉਸ ਨੂੰ ਬੜਾ ਮਜ਼ਾ ਆਉਂਦਾ ਸੀ। ਉਹ ਕਿਤਾਬਾਂ ਪੜ੍ਹਨ ਲੱਗ ਪਿਆ। ਉਹ ਹੁਣ ਸਿਰਫ ਤਸਵੀਰਾਂ ਹੀ ਨਹੀਂ ਸੀ ਵੇਖਦਾ। ਪਰ ਉਹ ਲਿਖਾਈ ਕਰਨਾ ਬਿਲਕੁਲ ਨਹੀਂ ਸੀ ਸਿਖਣਾ ਚਾਹੁੰਦਾ। ਬਾਲ ਡੈਡੀ ਇਹ ਨਹੀਂ ਸੀ ਸਿਖਣਾ ਚਾਹੁੰਦਾ ਕਿ ਕਲਮ ਫੜਨ ਦਾ ਸਹੀ ਤਰੀਕਾ ਕੀ ਹੈ। ਪਰ ਉਹ ਕਲਮ ਨੂੰ ਗ਼ਲਤ ਢੰਗ ਨਾਲ ਵੀ ਨਹੀਂ ਸੀ ਫੜਨਾ ਚਾਹੁੰਦਾ। ਉਹ ਸਿਰਫ ਪੜ੍ਹਨਾ ਹੀ ਚਾਹੁੰਦਾ ਸੀ, ਲਿਖਣਾ ਨਹੀਂ ਸੀ ਚਾਹੁੰਦਾ।

ਪੜ੍ਹਨ ਵਿਚ ਸਵਾਦ ਆਉਂਦਾ ਸੀ ਤੇ ਲਿਖਾਈ ਕਰਨਾ ਬੜਾ ਅਕਾਊ ਕੰਮ ਸੀ।

ਪਰ ਬਾਲ ਡੈਡੀ ਦੇ ਮਾਪਿਆਂ ਨੇ ਉਸ ਨੂੰ ਆਖਿਆ :

"ਜੇ ਤੂੰ ਲਿਖਣਾ ਨਹੀਂ, ਤੂੰ ਪੜ੍ਹਨਾ ਵੀ ਨਹੀਂ!"

ਤੇ ਨਾਲ ਹੀ ਆਖਿਆ :

"ਲਿਖ ਸਾਰੇ ਅੱਖਰ!"

ਸਾਰਾ ਦਿਨ, ਸਵੇਰ ਤੋਂ ਲੈ ਕੇ ਸ਼ਾਮ ਤੱਕ, ਬਾਲ ਡੈਡੀ ਨੂੰ ਇਕੋ ਹੀ ਲਫਜ਼ ਸੁਣਦੇ ਪੈਂਦੇ ਸਨ। ਤੇ ਰੋਜ਼ ਰੋਜ਼ ਓਹੋ ਅੱਖਰ ਲਿਖ ਲਿਖ ਕੇ ਉਹਦਾ ਦਿਲ ਅੱਕ ਗਿਆ ਸੀ।

ਇਹ ਅੱਖਰ ਬੜੇ ਖੌਫਨਾਕ ਹੁੰਦੇ ਸਨ। ਵਿੰਗੇ ਟੇਢੇ ਤੇ ਉੱਚੇ ਨੀਵੇਂ ਹੁੰਦੇ ਸਨ। ਬਾਲ ਡੈਡੀ ਨੂੰ ਆਪ ਵੀ ਇਹਨਾਂ ਨੂੰ ਵੇਖਣ ਤੋਂ ਨਫਰਤ ਸੀ।

ਹਾਂ, ਅੱਖਰ ਜਿਵੇਂ ਚੀਚੋ ਚੀਚ ਘਚੋਲੀਆ ਹੋਵੇ। ਪਰ ਸਿਆਹੀ ਦੇ ਦਾਗ਼ ਬੜੇ ਸੁਹਣੇ ਹੁੰਦੇ ਸਨ। ਇਹੋ ਜਿਹੇ ਵੱਡੇ ਤੇ ਸੁਹਣੇ ਦਾਗ਼ ਹੋਰ ਕੋਈ ਨਹੀਂ ਸੀ ਪਾ ਸਕਦਾ। ਇਸ ਗੱਲ ਬਾਰੇ ਸਾਰੇ ਸਹਿਮਤ ਸਨ। ਤੇ ਜੇ ਦਾਗ਼ਾਂ ਨੂੰ ਹੀ ਲਿਖਾਈ ਸਮਝਿਆ ਜਾ ਸਕਦਾ ਹੁੰਦਾ, ਤਾਂ ਬਾਲ ਡੈਡੀ ਦੀ ਲਿਖਾਈ ਦੁਨੀਆ ਵਿਚ ਸਾਰਿਆਂ ਨਾਲੋਂ ਸੁਹਣੀ ਹੋਣੀ ਸੀ।

ਉਹ ਇਕ ਵੀ ਅੱਖਰ ਠੀਕ ਨਹੀਂ ਸੀ ਲਿਖਦਾ। ਉਹਦਾ ਹਰ ਸਫਾ ਵੱਡੇ ਵੱਡੇ ਤੇ ਸੁਹਣੇ ਸੁਹਣੇ ਦਾਗ਼ਾਂ ਨਾਲ ਭਰਿਆ ਹੁੰਦਾ ਸੀ।

ਬਾਲ ਡੈਡੀ ਨੂੰ ਸ਼ਰਮਸਾਰ ਕੀਤਾ ਜਾਂਦਾ ਤੇ ਝਿੜਕਿਆ ਜਾਂਦਾ। ਉਹਦੇ ਕੋਲੋਂ ਹਰ ਅੱਖਰ ਦੋ ਦੋ, ਤਿੰਨ ਤਿੰਨ ਵਾਰੀ ਲਿਖਵਾਇਆ ਜਾਂਦਾ। ਪਰ ਉਹ ਜਿੰਨਾ ਬਹੁਤਾ ਲਿਖਦਾ, ਓਨਾ ਹੀ ਭੈੜਾ ਲਿਖਿਆ ਹੁੰਦਾ ਤੇ ਓਨੇ ਹੀ ਵੱਡੇ ਦਾਗ਼ ਪਾਏ ਹੁੰਦੇ।

ਤੇ ਉਹਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਉਹਨੂੰ ਸਤਾਇਆ ਕਿਉਂ ਜਾਂਦਾ ਹੈ। ਆਖਰ, ਉਸ ਨੂੰ ਪੜ੍ਹਨਾ ਤਾਂ ਆਉਂਦਾ ਹੀ ਸੀ। ਤੇ ਹੁਣ ਉਹਦਾ ਅੱਖਰ ਨਹੀਂ, ਸ਼ਬਦ ਲਿਖਣ ਨੂੰ ਜੀਅ ਕਰਦਾ ਸੀ। ਉਹਦੇ ਮਾਪੇ ਕਹਿੰਦੇ ਸਨ ਕਿ ਜੇ ਅੱਖਰ ਲਿਖਣੇ ਨਹੀਂ ਆਉਂਦੇ ਤਾਂ ਸ਼ਬਦ ਵੀ ਨਹੀਂ ਲਿਖੇ ਜਾ ਸਕਦੇ। ਪਰ ਉਹਨੂੰ ਉਹਨਾਂ ਦੀ ਗੱਲ ਦਾ ਯਕੀਨ ਨਹੀਂ ਸੀ। ਅਖ਼ੀਰ ਜਦੋਂ ਉਹ ਸਕੂਲ ਪੜ੍ਹਨ ਲੱਗਾ ਤਾਂ ਸਾਰੇ ਹੈਰਾਨ ਰਹਿ ਗਏ ਕਿ ਉਹ ਕੇਡਾ ਸੁਹਣਾ ਪੜ੍ਹਦਾ ਹੈ ਪਰ ਕੇਡਾ ਭੈੜਾ ਲਿਖਦਾ ਹੈ। ਜਮਾਤ ਵਿਚ ਸਭ ਤੋਂ ਭੈੜੀ ਲਿਖਾਈ ਉਹਦੀ ਹੀ ਸੀ।

ਕਈ ਵਰ੍ਹੇ ਬੀਤ ਗਏ। ਬਾਲ ਡੈਡੀ ਵੱਡਾ ਹੋ ਗਿਆ। ਉਹਨੂੰ ਹਾਲੇ ਵੀ ਪੜ੍ਹਨਾ ਚੰਗਾ ਲੱਗਦਾ ਹੈ, ਲਿਖਣਾ ਚੰਗਾ ਨਹੀਂ ਲੱਗਦਾ। ਉਹਦੀ ਲਿਖਾਈ ਏਨੀ ਖ਼ਰਾਬ ਹੈ ਕਿ ਕਈ

ਇਹ ਸਮਝਦੇ ਹਨ, ਉਹ ਇਸ ਤਰ੍ਹਾਂ ਜਾਣਬੁਝ ਕੇ ਕਰਦਾ ਹੈ।

ਕਈ ਵਾਰੀ ਡੈਡੀ ਨੂੰ ਬੜੀ ਪ੍ਰੇਸ਼ਾਨੀ ਦਾ ਮੂੰਹ ਵੇਖਣਾ ਪੈਂਦਾ ਹੈ।

ਥੋੜਾ ਚਿਰ ਹੋਇਆ ਡੈਡੀ ਡਾਕਖਾਨੇ ਗਿਆ ਤਾਂ ਬਾਬੂ ਨੇ ਪੁੱਛਿਆ:

"ਕਿਉਂ, ਤੁਹਾਨੂੰ ਲਿਖਣਾ ਨਹੀਂ ਆਉਂਦਾ?"

ਡੈਡੀ ਨੂੰ ਗੁੱਸਾ ਆ ਗਿਆ।

"ਕਿਉਂ, ਲਿਖਣਾ ਕਿਉਂ ਨਹੀਂ ਆਉਂਦਾ ਮੈਨੂੰ?" ਉਹਨੇ ਕਿਹਾ।

"ਤੇ ਆਹ ਕੀ ਅੱਖਰ ਲਿਖਿਆ ਹੈ ਤੁਸਾਂ?" ਉਹਨੇ ਪੁੱਛਿਆ।

"ਇਹ 'ਧ' ਹੈ," ਡੈਡੀ ਨੇ ਫੁਸਰ ਫੁਸਰ ਕਰ ਕੇ ਆਖਿਆ।

"'ਧ'? ਕੌਣ ਲਿਖਦਾ ਹੈ 'ਧ' ਇਸ ਤਰ੍ਹਾਂ?"

"ਮੈਂ..." ਡੈਡੀ ਨੇ ਹੌਲੀ ਜਿਹਾ ਕਿਹਾ।

ਸਾਰੇ ਹੱਸ ਪਏ।

ਉਫ, ਹੁਣ ਡੈਡੀ ਦਾ ਕਿੱਨਾ ਜੀਅ ਕਰਦਾ ਹੈ ਕਿ ਉਹਦੀ ਲਿਖਾਈ ਸੁਹਣੀ ਹੁੰਦੀ, ਤੇ ਉਹ ਦਾਗ਼ ਪਾਏ ਬਗ਼ੈਰ ਲਿਖ ਸਕਦਾ! ਕਿੱਨਾ ਜੀਅ ਕਰਦਾ ਹੈ ਉਹਦਾ ਕਿ ਉਹਨੂੰ ਕਲਮ ਸਹੀ ਤਰੀਕੇ ਨਾਲ ਫੜਨੀ ਆ ਜਾਂਦੀ! ਕਿੱਨਾ ਪਛਤਾਉਂਦਾ ਹੈ ਕਿ ਉਹਨੇ ਅੱਖਰ ਲਿਖਣ ਦੀ ਚੰਗੀ ਤਰ੍ਹਾਂ ਮਸ਼ਕ ਨਾ ਕੀਤੀ! ਪਰ ਹੁਣ ਵੇਲਾ ਨਿਕਲ ਗਿਆ ਹੈ। ਤੇ ਇਹ ਸਾਰਾ ਉਹਦਾ ਆਪਣਾ ਕਸੂਰ ਹੈ।

ਡੈਡੀ ਚਾਚਾ ਵੀਤੀਆ ਨੂੰ ਕਿਵੇਂ ਛੱਡ ਆਇਆ

ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਦਾ ਇਕ ਭਰਾ ਵੀ ਸੀ ਜਿਹੜਾ ਉਹਦੇ ਨਾਲੋਂ ਛੋਟਾ ਸੀ। ਹੁਣ ਉਹਦੇ ਭਰਾ ਨੂੰ ਚਾਚਾ ਵੀਤੀਆ ਆਖਦੇ ਹਨ। ਉਹ ਇਕ ਇੰਜੀਨੀਅਰ ਹੈ ਤੇ ਉਹਦਾ ਇਕ ਪੁੱਤਰ ਹੈ। ਉਹਦਾ ਨਾਂ ਵੀ ਵੀਤੀਆ ਹੈ।

ਪਰ ਓਦੋਂ, ਚਾਚਾ ਵੀਤੀਆ ਅਜੇ ਬਹੁਤ ਛੋਟਾ ਹੁੰਦਾ ਸੀ। ਉਹਨੇ ਹਾਲੇ ਤੁਰਨਾ ਸਿਖਿਆ ਹੀ ਸੀ। ਕਈ ਵਾਰੀ ਉਹਨੂੰ ਲੜਖੜਾ ਕੇ ਤੁਰਨ ਨਾਲੋਂ ਰਿੜ੍ਹਨਾ ਚੰਗਾ ਲੱਗਦਾ ਸੀ। ਤੇ ਕਿਸੇ ਵੇਲੇ ਉਹ ਸਿਰਫ ਭੁੰਜੇ ਬੈਠਾ ਹੀ ਰਹਿੰਦਾ ਸੀ। ਇਸ ਕਰਕੇ ਉਹਨੂੰ ਇਕੱਲਿਆਂ ਨਹੀਂ ਸੀ ਛੱਡਿਆ ਜਾ ਸਕਦਾ। ਉਹ ਅਜੇ ਬਹੁਤ ਛੋਟਾ ਸੀ।

ਇਕ ਵਾਰੀ ਬਾਲ ਡੈਡੀ ਤੇ ਉਹਦਾ ਛੋਟਾ ਭਰਾ ਚਾਚਾ ਵੀਤੀਆ ਵਿਹੜੇ ਵਿਚ ਖੇਡ ਰਹੇ ਸਨ। ਕੁਝ ਮਿੰਟ ਵਾਸਤੇ ਉਹ ਇਕੱਲੇ ਰਹਿ ਗਏ ਸਨ। ਬਸ ਤਦੇ ਹੀ ਉਹਨਾਂ ਦਾ ਗੇਂਦ ਸੜਕ ਵੱਲ ਰਿੜ੍ਹ ਪਿਆ। ਬਾਲ ਡੈਡੀ ਉਹਦੇ ਮਗਰ ਭੱਜ ਪਿਆ। ਚਾਚਾ ਵੀਤੀਆ ਡੈਡੀ ਦੇ ਮਗਰ ਰਿੜ੍ਹ ਪਿਆ।

ਉਹਨਾਂ ਦਾ ਮਕਾਨ ਇਕ ਪਹਾੜੀ ਉਤੇ ਸੀ। ਗੇਂਦ ਪਹਾੜੀ ਤੋਂ ਹੇਠਾਂ ਰਿੜ੍ਹ ਗਿਆ। ਡੈਡੀ ਉਹਦੇ ਮਗਰ ਦੌੜਿਆ। ਚਾਚਾ ਵੀਤੀਆ ਡੈਡੀ ਦੇ ਮਗਰ ਰਿੜ੍ਹ ਪਿਆ।

ਪਹਾੜੀ ਦੇ ਪੈਰਾਂ ਵਿਚ ਇਕ ਸੜਕ ਸੀ। ਗੇਂਦ ਸੜਕ ਉਤੇ ਜਾ ਰੁਕਿਆ ਤੇ ਬਾਲ ਡੈਡੀ ਵੀ ਉਹਦੇ ਕੋਲ ਪਹੁੰਚ ਗਿਆ। ਤੇ ਅਖੀਰ ਚਾਚਾ ਵੀਤੀਆ ਵੀ ਡੈਡੀ ਕੋਲ ਪਹੁੰਚ ਗਿਆ।

ਗੇਂਦ ਬਿਲਕੁਲ ਨਹੀਂ ਸੀ ਥਕਿਆ ਭਾਵੇਂ ਤਿੰਨਾਂ ਵਿਚੋਂ ਸਭ ਤੋਂ ਛੋਟਾ ਸੀ। ਬਾਲ ਡੈਡੀ ਥੋੜਾ ਜਿਹਾ ਥੱਕ ਗਿਆ ਸੀ। ਤੇ ਚਾਚਾ ਵੀਤੀਆ ਤਾਂ ਬਹੁਤ ਥੱਕ ਗਿਆ ਸੀ। ਆਖਰ, ਉਹਨੂੰ ਤੁਰਨਾ ਸਿਖਿਆਂ ਹਾਲੇ ਬਹੁਤਾ ਚਿਰ ਨਹੀਂ ਸੀ ਹੋਇਆ। ਇਸ ਕਰਕੇ ਉਹ ਐਨ ਸੜਕ ਦੇ ਵਿਚਕਾਰ ਜਾ ਕੇ ਬਹਿ ਗਿਆ।

ਦੂਰ ਪਰੇ ਧੂੜ ਦਾ ਇਕ ਬੱਦਲ ਜਿਹਾ ਉੱਠਿਆ, ਗੀਤ ਦੇ ਬੋਲ ਸੁਣਾਈ ਦਿੱਤੇ ਤੇ ਫੇਰ ਬਹੁਤ ਸਾਰੇ ਘੋੜਸਵਾਰ ਨਜ਼ਰ ਆਉਣ ਲੱਗ ਪਏ। ਉਹ ਸੜਕ ਉਤੇ ਘੋੜੇ ਭਜਾਈ ਆਉਂਦੇ ਸਨ। ਇਹ ਬਹੁਤ ਪੁਰਾਣੀ ਗੱਲ ਹੈ। ਲੜਾਈ ਅਜੇ ਖਤਮ ਹੀ ਹੋਈ ਸੀ।

ਬਾਲ ਡੈਡੀ ਨੂੰ ਪਤਾ ਸੀ ਕਿ ਲੜਾਈ ਖ਼ਤਮ ਹੋ ਚੁੱਕੀ ਹੈ। ਪਰ ਉਹ ਫੇਰ ਵੀ ਬੜਾ ਡਰ ਗਿਆ। ਉਸ ਨੇ ਗੇਂਦ ਓਥੇ ਹੀ ਰੱਖ ਦਿੱਤਾ, ਚਾਚਾ ਵੀਤੀਆ ਨੂੰ ਸੜਕ ਦੇ ਵਿਚਕਾਰ ਹੀ ਛੱਡ ਦਿੱਤਾ ਤੇ ਘਰ ਭੱਜ ਆਇਆ।

ਤੇ ਬਾਲ ਚਾਚਾ ਵੀਤੀਆ, ਓਥੇ ਬੈਠਾ ਰਿਹਾ ਤੇ ਗੇਂਦ ਨਾਲ ਖੇਡਦਾ ਰਿਹਾ। ਉਸ ਨੂੰ ਸੈਨਿਕਾਂ ਦਾ ਜਾਂ ਘੋੜਿਆਂ ਦਾ ਕੋਈ ਡਰ ਨਹੀਂ ਸੀ। ਉਸ ਨੂੰ ਕਿਸੇ ਚੀਜ਼ ਦਾ ਕੋਈ ਡਰ ਨਹੀਂ ਸੀ। ਆਖਰ, ਹਾਲੇ ਉਹ ਬਹੁਤ ਛੋਟਾ ਜਿਹਾ ਹੀ ਤਾਂ ਸੀ।

ਏਨੇ ਨੂੰ ਘੋੜਸਵਾਰ ਚਾਚਾ ਵੀਤੀਆ ਦੇ ਨੇੜੇ ਆ ਗਏ। ਸਭ ਦੇ ਅੱਗੇ ਕਮਾਂਡਰ ਚਿੱਟੇ ਘੋੜੇ ਉਤੇ ਸਵਾਰ ਸੀ।

"ਥੰਮ!" ਉਸ ਨੇ ਹੁਕਮ ਦਿੱਤਾ, ਘੋੜੇ ਤੋਂ ਉਤਰਿਆ ਤੇ ਚਾਚਾ ਵੀਤੀਆ ਨੂੰ ਚੁਕ ਲਿਆ। ਉਸ ਨੇ ਉਹਨੂੰ ਉਛਾਲਿਆ, ਫੇਰ ਬੋਚ ਲਿਆ ਅਤੇ ਹੱਸ ਪਿਆ।

"ਕਿਉਂ, ਕੀ ਹਾਲ ਏ?" ਉਹਨੇ ਪੁੱਛਿਆ। ਚਾਚਾ ਵੀਤੀਆ ਵੀ ਹੱਸ ਪਿਆ ਤੇ

ਆਪਣਾ ਗੇਂਦ ਉਹਦੇ ਵੱਲ ਕਰ ਦਿੱਤਾ। ਓਧਰ, ਦਾਦਾ, ਦਾਦੀ ਤੇ ਬਾਲ ਡੈਡੀ ਸਭ ਪਹਾੜੀ ਤੋਂ ਭੱਜੇ ਆ ਰਹੇ ਸਨ।

ਦਾਦੀ ਚਿਲਾਈ:

"ਮੇਰਾ ਬਾਲ ਕਿਥੇ ਆ?"

ਦਾਦਾ ਚਿੱਲਾਇਆ:

"ਰੌਲਾ ਨਾ ਪਾ।"

ਬਾਲ ਡੈਡੀ ਉੱਚੀ ਉੱਚੀ ਹਟਕੋਰੇ ਭਰ ਰਿਹਾ ਸੀ।

ਤਦ ਕਮਾਂਡਰ ਨੇ ਆਖਿਆ:

"ਆ ਏ ਤੁਹਾਡਾ ਬੱਚਾ। ਬਹਾਦਰ ਬੱਚਾ ਏ। ਬੰਦਿਆਂ ਤੋਂ ਜਾਂ ਘੋੜਿਆਂ ਤੋਂ ਵੀ ਨਹੀਂ ਡਰਦਾ।"

ਕਮਾਂਡਰ ਨੇ ਚਾਚਾ ਵੀਤੀਆ ਨੂੰ ਫੇਰ ਭੁੜਕਾਇਆ ਤੇ ਦਾਦੀ ਨੂੰ ਫੜਾ ਦਿੱਤਾ। ਗੇਂਦ ਉਸ ਨੇ ਦਾਦੇ ਨੂੰ ਫੜਾ ਦਿੱਤਾ। ਫੇਰ ਉਸ ਨੇ ਬਾਲ ਡੈਡੀ ਵੱਲ ਵੇਖਿਆ ਤੇ ਆਖਿਆ:

"ਗਾਰੂਨ ਭੱਜਦਾ ਹਿਰਨਾਂ ਨਾਲੋਂ ਤੇਜ਼..."

ਇਹ ਸੁਣ ਕੇ ਸਾਰੇ ਹੱਸ ਪਏ। ਫੇਰ ਸੈਨਿਕ ਆਪਣੇ ਘੋੜਿਆਂ ਉਤੇ ਸਵਾਰ ਹੋ ਗਏ। ਦਾਦਾ, ਦਾਦੀ, ਬਾਲ ਡੈਡੀ ਤੇ ਬਾਲ ਚਾਚਾ ਵੀਤੀਆ ਘਰ ਆ ਗਏ। ਦਾਦੇ ਨੇ ਬਾਲ ਡੈਡੀ ਨੂੰ ਆਖਿਆ:

"'ਗਾਰੂਨ ਭੱਜਦਾ ਹਿਰਨਾਂ ਨਾਲੋਂ ਤੇਜ਼' ਇਸ ਲਈ ਕਿ ਉਹ ਬੁਜ਼ਦਿਲ ਹੈ। ਇਹ ਲੇਰਮਨਤੋਵ ਦੀ ਕਵਿਤਾ ਵਿਚੋਂ ਹੈ। ਸ਼ਰਮ ਕਰ!"

ਤੇ ਬਾਲ ਡੈਡੀ ਨੂੰ ਬੜੀ ਸ਼ਰਮ ਆਈ।

ਜਦੋਂ ਉਹ ਵੱਡਾ ਹੋਇਆ ਤੇ ਉਸ ਨੇ ਲੇਰਮਨਤੋਵ ਦੀਆਂ ਸਾਰੀਆਂ ਕਵਿਤਾਵਾਂ ਪੜ੍ਹੀਆਂ, ਤਾਂ ਇਹ ਸਤਰ ਪੜ੍ਹਦਿਆਂ ਉਸ ਨੂੰ ਹਮੇਸ਼ਾ ਹੀ ਬੜੀ ਸ਼ਰਮ ਮਹਿਸੂਸ ਹੋਣ ਲੱਗਦੀ।

ਡੈਡੀ ਨੇ ਕੁੜੀ ਨਾਲ ਦੋਸਤੀ ਕਿਵੇਂ ਪਾਈ

ਜਦੋਂ ਡੈਡੀ ਛੋਟਾ ਹੁੰਦਾ ਸੀ, ਉਸ ਦੀ ਇਕ ਦੋਸਤ ਹੁੰਦੀ ਸੀ। ਉਸ ਦਾ ਨਾਂ ਸੀ ਮਾਸ਼ਾ। ਉਹ ਵੀ ਛੋਟੀ ਜਿਹੀ ਸੀ ਤੇ ਉਹ ਇਕੱਠੇ ਰਲ ਕੇ ਬੜੇ ਸੁਹਣੇ ਤਰੀਕੇ ਨਾਲ ਖੇਡਿਆ ਕਰਦੇ ਸਨ। ਉਹ ਰੇਤ ਦੇ ਧੋਹੜੇ ਵਿਚ ਸੁਹਣਾ ਜਿਹਾ ਘਰ ਬਣਾਉਂਦੇ। ਵੱਡੇ ਸਾਰੇ ਚਲ੍ਹੇ ਵਿਚ ਕਾਗ਼ਜ਼ ਦੀਆਂ ਬੇੜੀਆਂ ਤਾਰਦੇ। ਓਸੇ ਚਲ੍ਹੇ ਵਿਚੋਂ ਹੀ ਰਲ ਕੇ ਮੱਛੀਆਂ ਫੜਦੇ, ਤੇ ਭਾਵੇਂ ਉਹਨਾਂ ਦੀ ਕੁੰਡੀ ਨੂੰ ਮੱਛੀ ਕਦੇ ਨਹੀਂ ਸੀ ਲੱਗੀ ਪਰ ਉਹਨਾਂ ਦਾ ਵਕਤ ਬੜਾ ਖੁਸ਼ੀ ਖੁਸ਼ੀ ਲੰਘ ਜਾਂਦਾ ਸੀ।

ਬਾਲ ਡੈਡੀ ਨੂੰ ਮਾਸ਼ਾ ਨਾਲ ਖੇਡਣਾ ਬੜਾ ਹੀ ਚੰਗਾ ਲੱਗਦਾ ਸੀ। ਉਹ ਉਸ ਨਾਲ ਕਦੇ

ਨਹੀਂ ਸੀ ਲੜਦੀ, ਕਦੇ ਪੱਥਰ ਰੋੜਾ ਨਹੀਂ ਸੀ ਮਾਰਦੀ ਤੇ ਕਦੇ ਠਿੱਬੀ ਨਹੀਂ ਸੀ ਲਾਉਂਦੀ। ਡੈਡੀ ਨੂੰ ਬੜੀ ਖ਼ੁਸ਼ੀ ਹੋਣੀ ਸੀ ਜੇ ਉਹਦੇ ਜਾਣਕਾਰ ਸਾਰੇ ਬੱਚੇ ਹੀ ਇਸ ਤਰ੍ਹਾਂ ਦੇ ਹੁੰਦੇ। ਪਰ ਉਹ ਬਿਲਕੁਲ ਵਖਰੀ ਤਰ੍ਹਾਂ ਦੇ ਸਨ। ਉਹ ਉਸ ਨੂੰ ਛੇੜਦੇ ਰਹਿੰਦੇ ਸਨ ਕਿਉਂਕਿ ਉਹਨੇ ਇਕ ਕੁੜੀ ਨਾਲ ਦੋਸਤੀ ਪਾ ਲਈ। ਉਹ ਜਦੋਂ ਵੀ ਡੈਡੀ ਨੂੰ ਵੇਖਦੇ ਇੰਜ ਗਾਉਣ ਲੱਗ ਪੈਂਦੇ :

ਕੁੜੀ ਮੁੰਡਾ ਆੜੀ ਆੜੀ !
ਆ ਗਏ ਜੇ ਲਾੜਾ ਲਾੜੀ !

ਤੇ ਉਹ ਪੁਛਦੇ :

"ਵਿਆਹ ਕਦੋਂ ਹੋਣਾ ਏ ?"

ਉਹ ਬਾਲ ਡੈਡੀ ਨਾਲ ਮਖ਼ੌਲ ਨਾਲ ਇਉਂ ਗੱਲਾਂ ਕਰਦੇ ਜਿਵੇਂ ਕੁੜੀ ਨਾਲ ਕਰਦੇ ਹੋਣ। ਉਹ ਉਸ ਨੂੰ ਕਹਿੰਦੇ :

"ਤੂੰ ਆਈ ਸੀ ? ਕਿਥੇ ਗਈ ਸੀ ?"

ਉਹਨਾਂ ਦਾ ਖਿਆਲ ਸੀ ਕਿ ਕੁੜੀਆਂ ਨਾਲ ਦੋਸਤੀ ਪਾਉਣੀ ਮੁੰਡਿਆਂ ਵਾਸਤੇ ਸ਼ਰਮ ਦੀ ਗੱਲ ਹੈ।

ਬਾਲ ਡੈਡੀ ਦੇ ਦਿਲ ਨੂੰ ਠੇਸ ਪਹੁੰਚਦੀ ਤੇ ਕਈ ਵਾਰੀ ਉਹ ਰੋ ਪੈਂਦਾ।

ਪਰ ਛੋਟੀ ਜਿਹੀ ਮਾਸ਼ਾ ਸਿਰਫ ਹੱਸ ਛੱਡਦੀ। ਉਹ ਕਹਿੰਦੀ :

"ਜਿੰਨੀ ਮਰਜ਼ੀ ਹੈ ਚਿੜਾ ਲਓ।"

ਇਸ ਕਰਕੇ ਉਹਨੂੰ ਚਿੜਾਉਣ ਦਾ ਮਜ਼ਾ ਨਹੀਂ ਸੀ ਆਉਂਦਾ। ਤੇ ਸਾਰੇ ਮੁੰਡੇ ਸਿਰਫ ਬਾਲ ਡੈਡੀ ਨੂੰ ਹੀ ਚਿੜਾਉਂਦੇ ਸਨ। ਮਾਸ਼ਾ ਵੱਲ ਉਹ ਕੋਈ ਧਿਆਨ ਹੀ ਨਹੀਂ ਸੀ ਦੇਂਦੇ।

ਇਕ ਦਿਨ ਕੀ ਹੋਇਆ ਕਿ ਇਕ ਵੱਡਾ ਸਾਰਾ ਕੁੱਤਾ ਵਿਹੜੇ ਵਿਚ ਆ ਵੜਿਆ। ਅਚਾਨਕ ਕਿਸੇ ਨੇ ਚੀਕ ਕੇ ਆਖਿਆ :

"ਹਲਕਾਇਆ ਕੁੱਤਾ !"

ਸਾਰੇ ਬਹਾਦਰ ਮੁੰਡੇ ਸਿਰ 'ਤੇ ਪੈਰ ਰੱਖ ਕੇ ਭੱਜ ਗਏ। ਬਾਲ ਡੈਡੀ ਦੇ ਪੈਰ ਥਾਂ 'ਤੇ ਹੀ ਜੰਮ ਗਏ। ਕੁੱਤਾ ਬਿਲਕੁਲ ਸਾਮ੍ਹਣੇ ਆ ਗਿਆ ਸੀ। ਏਨੇ ਨੂੰ ਮਾਸ਼ਾ ਭੱਜੀ ਭੱਜੀ ਡੈਡੀ ਕੋਲ ਆ ਗਈ ਤੇ ਆਪਣਾ ਬੇਲਚਾ ਕੁੱਤੇ ਵੱਲ ਉਗਰਿਆ।

"ਭੱਜ ਜਾ ਏਥੋਂ !" ਉਹਨੇ ਆਖਿਆ।

ਸਾਰਿਆਂ ਨੇ ਵੇਖਿਆ ਕਿ ਹਲਕਾਇਆ ਕੁੱਤਾ ਲੱਤਾਂ ਵਿਚ ਪੂਛ ਦੇ ਕੇ ਵਿਹੜੇ ਵਿਚੋਂ ਬਾਹਰ ਭੱਜ ਗਿਆ। ਇਸ ਤਰ੍ਹਾਂ ਸਾਰਿਆਂ ਨੂੰ ਸਮਝ ਆ ਗਈ ਕਿ ਕੁੱਤਾ ਹਲਕਾਇਆ ਨਹੀਂ ਸੀ। ਉਹ ਤਾਂ ਬਸ ਭੱਜ ਕੇ ਓਪਰੇ ਵਿਹੜੇ ਵਿਚ ਆ ਵੜਿਆ ਸੀ। ਸਭ ਕੁੱਤੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਆਪਣਾ ਵਿਹੜਾ ਕਿਹੜਾ ਹੁੰਦਾ ਹੈ ਤੇ ਓਪਰਾ ਵਿਹੜਾ ਕਿਹੜਾ ਹੁੰਦਾ ਹੈ। ਓਪਰੇ ਵਿਹੜੇ ਵਿਚ ਆ ਕੇ ਅਤਿ ਗੁਸੈਲਾ ਕੁੱਤਾ ਵੀ ਭੁਲ ਜਾਂਦਾ ਹੈ ਕਿ ਉਹ ਕੇਡਾ ਜ਼ਹਿਰੀ ਹੈ।

ਜਦੋਂ ਮੁੰਡਿਆਂ ਨੇ ਵੇਖਿਆ ਕਿ ਕੁੱਤਾ ਹਲਕਾਇਆ ਨਹੀਂ, ਉਹ ਸਭ ਸੋਟੀਆਂ, ਇੱਟਾਂ, ਰੋੜੇ ਫੜ ਕੇ ਉਹਦੇ ਮਗਰ ਭੱਜ ਉਠੇ। ਪਰ ਏਨਾ ਕੁਝ ਕਰਨ ਵਾਸਤੇ ਬਹੁਤੀ ਦਲੇਰੀ ਦੀ ਲੋੜ ਨਹੀਂ ਹੁੰਦੀ। ਇਹ ਗੱਲ ਤਾਂ ਕੁੱਤਾ ਵੀ ਸਮਝਦਾ ਸੀ। ਜਿਉਂ ਹੀ ਉਹ ਵਿਹੜੇ ਵਿਚੋਂ ਬਾਹਰ ਆਇਆ, ਉਹ ਖਲੋ ਗਿਆ ਤੇ ਵਊਂ ਵਊਂ ਕਰਕੇ ਪੈ ਗਿਆ। ਮੁੰਡੇ ਭੱਜ ਕੇ ਫੇਰ ਵਿਹੜੇ ਵਿਚ ਆ ਗਏ ਤੇ ਬਾਲ ਡੈਡੀ ਨੂੰ ਛੇੜਨ ਲੱਗ ਪਏ।

"ਤੂੰ ਸਾਰਿਆਂ ਤੋਂ ਵਧ ਡਰਾਕਲ ਏਂ," ਉਹਨਾਂ ਆਖਿਆ। "ਤੇਰੇ ਕੋਲੋਂ ਭੱਜਿਆ ਵੀ ਨਾ ਗਿਆ... ਹੈ... ਤੂੰ।"

ਪਰ ਬਾਲ ਡੈਡੀ ਨੇ ਜਵਾਬ ਦਿੱਤਾ:

"ਹਾਂ, ਮੈਂ ਡਰ ਗਿਆ। ਤੁਸੀਂ ਸਾਰੇ ਵੀ ਡਰ ਗਏ। ਸਿਰਫ ਮਾਸ਼ਾ ਹੀ ਨਹੀਂ ਸੀ ਡਰੀ।"

ਇਹ ਸੁਣ ਕੇ ਸਾਰੇ ਮੁੰਡੇ ਚੁੱਪ ਹੋ ਗਏ। ਉਹਨਾਂ ਨੂੰ ਬੜੀ ਸ਼ਰਮ ਆਈ। ਤੇ ਮਾਸ਼ਾ ਨੇ ਆਖਿਆ:

"ਨਹੀਂ, ਮੈਂ ਵੀ ਡਰ ਗਈ ਸਾਂ।"

ਤੇ ਫੇਰ ਸਾਰੇ ਹੱਸ ਪਏ। ਤੇ ਉਸ ਤੋਂ ਬਾਦ ਕਦੇ ਕਿਸੇ ਨੇ ਬਾਲ ਡੈਡੀ ਨੂੰ ਨਹੀਂ ਚਿੜਾਇਆ। ਤੇ ਉਹਦੀ ਤੇ ਮਾਸ਼ਾ ਦੀ ਗੂੜ੍ਹੀ ਦੋਸਤੀ ਦੇਰ ਤੱਕ ਬਣੀ ਰਹੀ।

ਡੈਡੀ ਨੇ ਜ਼ੋਰ ਕਿਵੇਂ ਅਜ਼ਮਾਇਆ

ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਦੇ ਬਹੁਤ ਸਾਰੇ ਦੋਸਤ ਮਿੱਤਰ ਹੁੰਦੇ ਸਨ। ਉਹ ਹਰ ਰੋਜ਼ ਇਕੱਠੇ ਖੇਡਦੇ ਸਨ। ਕਈ ਵਾਰੀ ਉਹ ਝਗੜ ਪੈਂਦੇ ਅਤੇ ਲੜ ਵੀ ਪੈਂਦੇ ਸਨ। ਮਗਰੋਂ ਉਹਨਾਂ ਦੀ ਫੇਰ ਸੁਲਾਹ ਹੋ ਜਾਂਦੀ। ਪਰ ਇਹਨਾਂ ਵਿਚ ਇਕ ਮੁੰਡਾ ਸੀ ਜਿਹੜਾ ਕਦੇ ਨਹੀਂ ਸੀ ਲੜਿਆ। ਇਹਦਾ ਨਾਂ ਸੀ ਵੋਵਾ ਨਾਜ਼ਾਰੋਵ। ਉਹ ਮਧਰੇ ਕੱਦ ਦਾ, ਗਠਵੇਂ ਸਰੀਰ

ਵਾਲਾ ਮੁੰਡਾ ਸੀ। ਉਹਦਾ ਪਿਓ ਰਸਾਲੇ ਦਾ ਜਵਾਨ ਸੀ। ਅਤੇ ਵੋਵਾ ਨੂੰ ਆਪਣੇ ਪਿਓ ਦੇ ਕਮਾਂਡਰ ਬੂਦਿਓਨੀ ਦੀਆਂ ਗੱਲਾਂ ਸੁਣਾਉਣ ਦਾ ਬੜਾ ਸ਼ੌਕ ਸੀ। ਉਹ ਦੂਜੇ ਮੁੰਡਿਆਂ ਨੂੰ ਦੱਸਦਾ ਕਿ ਉਹ ਕੇਡਾ ਬਹਾਦਰ ਹੈ ਤੇ ਉਹ ਵਾਈਟ ਗਾਰਦਾਂ ਨਾਲ ਕਿਵੇਂ ਲੜਿਆ ਸੀ। ਉਹ ਕਿਸੇ ਕੋਲੋਂ ਨਹੀਂ ਡਰਦਾ : ਨਾ ਜਨਰਲ ਤੋਂ, ਨਾ ਕਰਨਲ ਤੋਂ, ਨਾ ਗੋਲੀ ਤੋਂ ਅਤੇ ਨਾ ਤਲਵਾਰ ਤੋਂ। ਵੋਵਾ ਨੂੰ ਪਤਾ ਸੀ ਕਿ ਬੂਦਿਓਨੀ ਦਾ ਘੋੜਾ ਕਿਸ ਤਰ੍ਹਾਂ ਦਾ ਸੀ, ਉਹਦੀ ਤਲਵਾਰ ਕਿਸ ਤਰ੍ਹਾਂ ਦੀ ਸੀ। ਉਹ ਹਮੇਸ਼ਾ ਕਹਿੰਦਾ ਰਹਿੰਦਾ ਸੀ :

"ਵੱਡਾ ਹੋ ਕੇ ਮੈਂ ਬੂਦਿਓਨੀ ਵਰਗਾ ਬਣਾਂਗਾ!"

ਬਾਲ ਡੈਡੀ ਨੂੰ ਵੋਵਾ ਦੇ ਘਰ ਜਾਣਾ ਬਹੁਤ ਚੰਗਾ ਲੱਗਦਾ ਸੀ। ਉਹਦੇ ਘਰ ਜਾ ਕੇ ਹਮੇਸ਼ਾ ਬੜਾ ਮਜ਼ਾ ਆਉਂਦਾ ਸੀ। ਵੋਵਾ ਘਰ ਵਿਚ ਹਰ ਵੇਲੇ ਕੰਮ ਲੱਗਾ ਹੁੰਦਾ। ਉਸ ਨੇ ਦੁਕਾਨ ਤੋਂ ਰੋਟੀ ਲਿਆਉਣੀ ਹੁੰਦੀ, ਤੰਦੂਰ ਵਾਸਤੇ ਲਕੜਾਂ ਪਾੜਨੀਆਂ ਹੁੰਦੀਆਂ। ਉਹ ਫਰਸ਼ ਸਾਫ ਕਰਦਾ ਤੇ ਭਾਂਡੇ ਧੋਂਦਾ। ਬਾਲ ਡੈਡੀ ਨੇ ਵੇਖਿਆ ਕਿ ਘਰ ਵਿਚ ਵੋਵਾ ਨੂੰ ਸਾਰੇ ਬੜਾ ਪਿਆਰ ਕਰਦੇ ਸਨ। ਵੋਵਾ ਦਾ ਪਿਓ ਅਕਸਰ ਉਹਦੇ ਨਾਲ ਇਉਂ ਗੱਲ ਕਰਦਾ ਜਿਵੇਂ ਕਿਸੇ ਵੱਡੇ ਨਾਲ ਗੱਲ ਕਰਦਾ ਹੋਵੇ :

"ਵੋਵਾ ਐਤਵਾਰ ਨੂੰ ਖਾਣੇ ਤੇ ਕਿਸ ਨੂੰ ਸੱਦੀਏ?

"ਵੋਵਾ, ਕੀ ਖਿਆਲ ਏ ਤੇਰਾ, ਬਸੰਤ ਤੱਕ ਬਾਲਣ ਬਥੇਰਾ ਹੋਵੇਗਾ?"

ਤੇ ਵੋਵਾ ਨੂੰ ਹਮੇਸ਼ਾ ਪਤਾ ਹੁੰਦਾ ਸੀ ਕਿ ਕੀ ਜਵਾਬ ਦੇਣਾ ਹੈ।

ਜੇ ਵੋਵਾ ਦਾ ਕੋਈ ਦੋਸਤ ਉਹਨਾਂ ਦੇ ਘਰ ਆਉਂਦਾ, ਉਹ ਝੱਟ ਮੇਜ਼ ਉਤੇ ਕੁਝ ਖਾਣ ਪੀਣ ਨੂੰ ਰੱਖ ਦੇਂਦੇ ਤੇ ਉਹਦੀ ਸੇਵਾ ਕਰਦੇ। ਫੇਰ ਰਲ ਕੇ ਸਾਰੇ ਖੇਡਦੇ। ਬਾਲ ਡੈਡੀ ਨੂੰ ਹਮੇਸ਼ਾ ਇਸ ਗੱਲ ਦਾ ਅਫਸੋਸ ਹੁੰਦਾ ਕਿ ਉਹਦੇ ਘਰ ਵਿਚ ਇਸ ਤਰ੍ਹਾਂ ਦਾ ਮੌਜ-ਮੇਲਾ ਨਹੀਂ ਸੀ ਹੁੰਦਾ। ਉਹ ਤੇ ਵੋਵਾ ਬੜੇ ਪੱਕੇ ਦੋਸਤ ਸਨ। ਪਰ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂਦੀ ਕਿ ਵੋਵਾ ਕਦੇ ਲੜਦਾ ਕਿਉਂ ਨਹੀਂ ਸੀ। ਬਾਲ ਡੈਡੀ ਨੇ ਉਸ ਨੂੰ ਪੁੱਛਿਆ :

"ਤੂੰ ਲੜਾਈ ਭਿੜਾਈ ਕਿਉਂ ਨਹੀਂ ਕਰਦਾ? ਡਰਦਾ ਏਂ?"

ਤੇ ਵੋਵਾ ਨੇ ਆਖਿਆ :

"ਆਪਣਿਆਂ ਨਾਲ ਹੀ ਲੜਾਈ ਭਿੜਾਈ ਦਾ ਕੀ ਫਾਇਦਾ?"

ਇਕ ਵਾਰ ਮੁੰਡੇ ਇਸ ਗੱਲੋਂ ਬਹਿਸ ਪਏ ਕਿ ਸਭ ਤੋਂ ਬਹੁਤਾ ਤਕੜਾ ਕੌਣ ਹੈ। ਇਕ ਮੁੰਡੇ ਨੇ ਆਖਿਆ:

"ਮੈਂ ਆਪਣੇ ਨਾਲੋਂ ਵੱਡੇ ਕੋਲੋਂ ਵੀ ਨਹੀਂ ਡਰਦਾ। ਮੈਂ ਤੁਹਾਨੂੰ ਇਉਂ ਚੁੱਕ ਚੁੱਕ ਮਾਰਾਂ ਜਿਵੇਂ ਕੋਈ ਕਤੂਰੇ ਨੂੰ ਚੁੱਕੇ ਮਾਰੇ। ਵੇਖੋ ਮੇਰੇ ਡੌਲੇ।"

ਦੂਸਰੇ ਮੁੰਡੇ ਨੇ ਆਖਿਆ:

"ਮੇਰੇ ਵਿਚ ਏਨਾ ਜ਼ੋਰ ਏ ਕਿ ਮੈਨੂੰ ਆਪਣੇ ਉਤੇ ਹੀ ਯਕੀਨ ਨਹੀਂ ਆਉਂਦਾ। ਖਾਸ ਕਰਕੇ ਮੇਰੇ ਖੱਬੇ ਹੱਥ ਵਿਚ। ਲੋਹੇ ਦਾ ਬਣਿਆ ਹੋਇਆ ਏ।"

ਤੀਜੇ ਨੇ ਆਖਿਆ:

"ਜੇ ਮੇਰੀ ਤਾਕਤ ਵੇਖਣੀ ਹੋਵੇ ਤਾਂ ਮੈਨੂੰ ਛੇੜ ਕੇ ਵੇਖੋ। ਫੇਰ ਮੇਰੇ ਕੋਲੋਂ ਦੂਰ ਰਹਿਣਾ ਹੀ ਚੰਗਾ! ਫੇਰ ਮੈਂ ਕਿਸੇ ਗੱਲ ਦਾ ਜ਼ੁਮੇਵਾਰ ਨਹੀਂ।"

ਬਾਲ ਡੈਡੀ ਨੇ ਕਿਹਾ:

"ਤੁਹਾਡੇ ਨਾਲ ਬਹਿਸਣ ਦਾ ਕੋਈ ਫਾਇਦਾ ਨਹੀਂ। ਮੈਨੂੰ ਪਤਾ ਏ, ਮੇਰੇ ਵਿਚ ਤੁਹਾਡੇ ਸਾਰਿਆਂ ਨਾਲੋਂ ਬਹੁਤਾ ਜ਼ੋਰ ਏ।"

ਉਹ ਡੀਂਗਾਂ ਮਾਰਦੇ ਰਹੇ ਅਤੇ ਵੋਵਾ ਚੁਪ ਕਰ ਕੇ ਸੁਣਦਾ ਰਿਹਾ। ਫੇਰ ਉਹਨਾਂ ਵਿਚੋਂ ਇਕ ਜਣਾ ਬੋਲਿਆ:

"ਮੈਂ ਦੱਸਾਂ ਤੁਹਾਨੂੰ, ਆਓ ਘੁਲੀਏ! ਜਿੰਨ੍ਹੇ ਸਾਰਿਆਂ ਨੂੰ ਢਾਹ ਲਿਆ, ਉਹ ਤਕੜਾ ਹੋਇਆ।"

ਮੁੰਡੇ ਸਹਿਮਤ ਹੋ ਗਏ। ਉਹ ਘੁਲਣ ਲੱਗ ਪਏ। ਹਰ ਕੋਈ ਵੋਵਾ ਨਾਜ਼ਾਰੋਵ ਨਾਲ ਘੁਲਣਾ ਚਾਹੁੰਦਾ ਸੀ। ਉਹ ਕਦੇ ਕਿਸੇ ਨਾਲ ਲੜਿਆ ਨਹੀਂ ਸੀ, ਤੇ ਸਾਰੇ ਸੋਚਦੇ ਸਨ ਕਿ ਉਹ ਬਹੁਤ ਮਾੜਾ ਹੈ।

ਸ਼ੁਰੂ ਵਿਚ ਵੋਵਾ ਘੁਲਣਾ ਨਹੀਂ ਸੀ ਚਾਹੁੰਦਾ। ਪਰ ਜਦੋਂ ਉਸ ਮੁੰਡੇ ਨੇ ਜਿਸ ਦਾ ਖੱਬਾ ਹੱਥ ਲੋਹੇ ਦਾ ਸੀ ਉਸ ਨੂੰ ਜੱਫਾ ਮਾਰਿਆ ਤਾਂ ਵੋਵਾ ਨੂੰ ਗੁੱਸਾ ਆ ਗਿਆ ਤੇ ਉਹਨੇ ਵੇਖਦਿਆਂ ਵੇਖਦਿਆਂ ਉਹਨੂੰ ਭੁੰਜੇ ਪਟਕਾ ਮਾਰਿਆ। ਉਸ ਤੋਂ ਮਗਰੋਂ ਉਹਨੇ ਉਸ ਮੁੰਡੇ ਨੂੰ ਪਟਕਾ ਕੇ

ਮਾਰਿਆ ਜਿਹੜਾ ਕਤੂਰੇ ਵਾਂਗ ਚੁੱਕ ਕੇ ਮਾਰਨ ਦੀ ਧਮਕੀ ਦੇ ਰਿਹਾ ਸੀ। ਉਸ ਤੋਂ ਮਗਰੋਂ ਉਸ ਮੁੰਡੇ ਦੀ ਵਾਰੀ ਆ ਗਈ ਜਿਸ ਨੂੰ ਆਪਣੀ ਤਾਕਤ ਵਿਖਾਉਣ ਵਾਸਤੇ ਪਾਗ਼ਲ ਹੋਣ ਦੀ ਲੋੜ ਸੀ। ਉਹ ਰੌਲਾ ਪਾਈ ਜਾ ਰਿਹਾ ਸੀ ਕਿ ਉਹ ਅਜੇ ਪਾਗ਼ਲ ਨਹੀਂ ਹੋਇਆ, ਪਰ ਵੋਵਾ ਨੇ ਤਾਂ ਪਹਿਲਾਂ ਹੀ ਉਸ ਨੂੰ ਭੁੰਜੇ ਪਟਕਾ ਮਾਰਿਆ ਸੀ। ਫੇਰ ਵੋਵਾ ਨੇ ਬਾਲ ਡੈਡੀ ਨੂੰ ਚਿੱਤ ਕਰ ਦਿੱਤਾ। ਕਿਉਂਕਿ ਉਹ ਪੱਕੇ ਯਾਰ ਸਨ, ਇਸ ਕਰਕੇ ਉਹਨੇ ਇਸ ਤਰ੍ਹਾਂ ਜ਼ਾਹਿਰ ਕੀਤਾ ਜਿਵੇਂ ਡੈਡੀ ਨੂੰ ਢਾਹੁਣਾ ਸਭ ਤੋਂ ਜ਼ਿਆਦਾ ਔਖਾ ਸੀ।

ਫੇਰ ਸਾਰਿਆਂ ਨੇ ਆਖਿਆ :

"ਵੋਵਾ, ਤੂੰ ਸਾਰਿਆਂ ਨਾਲੋਂ ਤਕੜਾ ਏਂ! ਪਰ ਤੂੰ ਚੁੱਪ ਕਿਉਂ ਕੀਤਾ ਰਿਹਾ?"

ਵੋਵਾ ਨੇ ਹੱਸ ਕੇ ਆਖਿਆ :

"ਡੀਂਗਾਂ ਮਾਰਨ ਦਾ ਕੀ ਫਾਇਦਾ?"

ਮੁੰਡੇ ਕੋਈ ਜਵਾਬ ਨਾ ਦੇ ਸਕੇ। ਪਰ ਉਸ ਤੋਂ ਮਗਰੋਂ ਉਹਨਾਂ ਨੇ ਆਪਣੀ ਤਾਕਤ ਬਾਰੇ ਡੀਂਗਾਂ ਮਾਰਨੀਆਂ ਛੱਡ ਦਿੱਤੀਆਂ। ਅਤੇ ਬਾਲ ਡੈਡੀ ਨੂੰ ਸਮਝ ਆ ਗਈ ਕਿ ਜਿਹੜਾ ਡੀਂਗਾਂ ਮਾਰੇ ਉਹ ਤਕੜਾ ਨਹੀਂ ਹੁੰਦਾ। ਉਹ ਆਪਣੇ ਦੋਸਤ ਵੋਵਾ ਨਾਜ਼ਾਰੋਵ ਨੂੰ ਹੋਰ ਵੀ ਬਹੁਤਾ ਪਿਆਰ ਕਰਨ ਲੱਗ ਪਿਆ।

ਕਈ ਵਰ੍ਹੇ ਬੀਤ ਗਏ। ਬਾਲ ਡੈਡੀ ਵੱਡਾ ਹੋ ਗਿਆ। ਉਹ ਕਿਸੇ ਦੂਸਰੇ ਸ਼ਹਿਰ ਚਲਾ ਗਿਆ। ਉਸ ਨੂੰ ਇਹ ਨਹੀਂ ਪਤਾ ਕਿ ਵੋਵਾ ਹੁਣ ਕਿਥੇ ਰਹਿੰਦਾ ਹੈ। ਪਰ ਉਸ ਦਾ ਵਿਸ਼ਵਾਸ ਹੈ ਕਿ ਵੋਵਾ ਬਹੁਤ ਵਧੀਆ ਆਦਮੀ ਬਣ ਗਿਆ ਹੈ।

ਡੈਡੀ ਸਕੂਲ ਕਿਵੇਂ ਗਿਆ



ਜਦੋਂ ਡੈਡੀ ਛੋਟਾ ਹੁੰਦਾ ਸੀ, ਉਹ ਹਮੇਸ਼ਾ ਬੀਮਾਰ ਰਹਿੰਦਾ ਸੀ। ਬੱਚਿਆਂ ਵਾਲੀ ਕੋਈ ਵੀ ਐਸੀ ਬੀਮਾਰੀ ਨਹੀਂ ਹੋਣੀ ਜਿਹੜੀ ਉਹਨੂੰ ਨਾ ਲੱਗੀ ਹੋਵੇ। ਉਹਨੂੰ ਖਸਰਾ ਨਿਕਲਿਆ, ਕੰਨ-ਪੇੜੇ ਨਿਕਲੇ ਤੇ ਕਾਲੀ ਖੰਘ ਲੱਗੀ। ਹਰ ਬੀਮਾਰੀ ਤੋਂ ਮਗਰੋਂ ਕਈ ਵਿਗਾੜ ਪੈ ਜਾਂਦੇ। ਤੇ ਜਦੋਂ ਵਿਗਾੜ ਠੀਕ ਹੁੰਦੇ, ਬਾਲ ਡੈਡੀ ਨੂੰ ਨਵੀਂ ਬੀਮਾਰੀ ਲੱਗਣ ਵਾਲੀ ਹੁੰਦੀ।

ਜਦੋਂ ਉਹਦਾ ਸਕੂਲ ਜਾਣ ਦਾ ਵਕਤ ਆਇਆ, ਬਾਲ ਡੈਡੀ ਸਦਾ ਵਾਂਗ ਬੀਮਾਰ ਸੀ। ਫੇਰ ਜਦੋਂ ਉਹ ਤੰਦਰੁਸਤ ਹੋਇਆ ਅਤੇ ਪਹਿਲੀ ਵਾਰੀ ਸਕੂਲ ਗਿਆ ਤਾਂ ਉਹਨੇ ਵੇਖਿਆ ਕਿ ਬਾਕੀ ਬੱਚੇ ਉਹਦੇ ਤੋਂ ਬਹੁਤ ਪਹਿਲਾਂ ਦੇ ਪੜ੍ਹ ਰਹੇ ਸਨ। ਉਹ ਸਾਰੇ ਇਕ ਦੂਜੇ ਨੂੰ ਜਾਣਦੇ ਸਨ ਤੇ ਉਸਤਾਨੀ ਉਹਨਾਂ ਸਾਰਿਆਂ ਨੂੰ ਜਾਣਦੀ ਸੀ। ਪਰ ਬਾਲ ਡੈਡੀ ਨੂੰ ਕੋਈ

ਨਹੀਂ ਸੀ ਜਾਣਦਾ। ਸਾਰੇ ਉਹਦੇ ਵੱਲ ਝਾਕਣ ਲੱਗੇ। ਇਹ ਬਹੁਤ ਦੁਖਦਾਈ ਗੱਲ ਸੀ। ਹੋਰ ਵੀ ਜ਼ਿਆਦਾ ਇਸ ਵਾਸਤੇ ਕਿ ਕਈ ਬੱਚੇ ਉਹਨੂੰ ਜ਼ਬਾਨ ਕੱਢ ਕੱਢ ਵਿਖਾਉਂਦੇ ਸਨ।

ਇਕ ਮੁੰਡੇ ਨੇ ਜਾਣ ਬੁਝ ਕੇ ਉਹਨੂੰ ਠਿੱਬੀ ਮਾਰ ਦਿੱਤੀ। ਤੇ ਬਾਲ ਡੈਡੀ ਡਿੱਗ ਪਿਆ। ਪਰ ਉਹ ਰੋਇਆ ਨਹੀਂ ਸੀ। ਉਹ ਖੜਾ ਹੋ ਗਿਆ ਤੇ ਮੁੰਡੇ ਨੂੰ ਧੱਕਾ ਮਾਰਿਆ। ਇਸ ਨਾਲ ਉਹ ਮੁੰਡਾ ਡਿੱਗ ਪਿਆ। ਫੇਰ ਉਸ ਨੇ ਖੜੇ ਹੋ ਕੇ ਡੈਡੀ ਨੂੰ ਧੱਕਾ ਮਾਰਿਆ। ਤੇ ਬਾਲ ਡੈਡੀ ਇਕ ਵਾਰੀ ਫੇਰ ਡਿੱਗ ਪਿਆ। ਪਰ ਉਹ ਇਸ ਵਾਰੀ ਵੀ ਨਹੀਂ ਸੀ ਰੋਇਆ। ਉਸ ਨੇ ਫੇਰ ਮੁੰਡੇ ਨੂੰ ਧੱਕਾ ਦੇ ਦਿੱਤਾ। ਉਹ ਸ਼ਾਇਦ ਸਾਰਾ ਦਿਨ ਇਕ ਦੂਜੇ ਨੂੰ ਧੱਕੇ ਦੇਂਦੇ ਰਹਿੰਦੇ, ਪਰ ਏਨੇ ਨੂੰ ਘੰਟੀ ਵਜ ਗਈ। ਬੱਚੇ ਆਪਣੀਆਂ ਜਮਾਤਾਂ ਵਿਚ ਚਲੇ ਗਏ ਤੇ ਆਪੋ ਆਪਣੀ ਥਾਂ ਬਹਿ ਗਏ। ਤੇ ਬਾਲ ਡੈਡੀ ਦੇ ਬੈਠਣ ਵਾਸਤੇ ਕੋਈ ਥਾਂ ਨਹੀਂ ਸੀ। ਉਸਤਾਨੀ ਨੇ ਉਸ ਨੂੰ ਇਕ ਕੁੜੀ ਨਾਲ ਬਿਠਾ ਦਿੱਤਾ। ਸਾਰੀ ਜਮਾਤ ਹੱਸਣ ਲੱਗ ਪਈ। ਏਥੋਂ ਤੱਕ ਕਿ ਨਾਲ ਬੈਠੀ ਕੁੜੀ ਵੀ ਹੱਸ ਪਈ।

ਬਾਲ ਡੈਡੀ ਦਾ ਜੀਅ ਕੀਤਾ ਕਿ ਰੋ ਪਵੇ। ਪਰ ਅਚਾਨਕ ਹੀ ਇਹ ਸਭ ਬੜਾ ਹਸਾਉਣਾ ਲੱਗਣ ਲੱਗ ਪਿਆ ਤੇ ਉਹ ਆਪ ਵੀ ਹੱਸ ਪਿਆ। ਤੇ ਫੇਰ ਉਸਤਾਨੀ ਵੀ ਹੱਸ ਪਈ ਤੇ ਉਹਨੇ ਕਿਹਾ : "ਸ਼ਾਬਾਸ਼ ਤੇਰੇ ! ਮੈਂ ਡਰ ਰਹੀ ਸਾਂ ਕਿ ਤੂੰ ਰੋ ਨਾ ਪਵੇਂ।"

"ਮੈਂ ਆਪ ਡਰ ਰਿਹਾ ਸਾਂ," ਡੈਡੀ ਨੇ ਆਖਿਆ।

ਇਕ ਵਾਰੀ ਫੇਰ ਸਾਰੇ ਹੱਸ ਪਏ। "ਯਾਦ ਰੱਖਿਓ ਬਚਿਓ," ਉਸਤਾਨੀ ਨੇ ਆਖਿਆ, "ਜਦੋਂ ਤੁਹਾਡਾ ਰੋਣ ਨਿਕਲਣ ਨੂੰ ਕਰੇ, ਤੁਹਾਨੂੰ ਹੱਸਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਮੇਰੀ ਨਸੀਹਤ ਹੈ ਤੁਹਾਨੂੰ ਸਾਰੀ ਉਮਰ ਵਾਸਤੇ। ਤੇ ਆਓ ਹੁਣ ਪੜ੍ਹੀਏ।"

ਉਸ ਦਿਨ ਬਾਲ ਡੈਡੀ ਨੂੰ ਇਹ ਪਤਾ ਲੱਗਾ ਕਿ ਉਹ ਜਮਾਤ ਵਿਚ ਸਾਰਿਆਂ ਨਾਲੋਂ ਚੰਗਾ ਪੜ੍ਹ ਸਕਦਾ ਹੈ। ਉਸ ਨੂੰ ਇਹ ਵੀ ਪਤਾ ਲੱਗਾ ਕਿ ਉਸ ਦੀ ਲਿਖਾਈ ਸਾਰਿਆਂ ਨਾਲੋਂ ਖ਼ਰਾਬ ਹੈ। ਪਰ ਜਦੋਂ ਸਾਰਿਆਂ ਨੂੰ ਇਹ ਪਤਾ ਲੱਗਾ ਕਿ ਪੜ੍ਹਾਈ ਵੇਲੇ ਉਹ ਸਾਰਿਆਂ ਨਾਲੋਂ ਵਧ ਗੱਲਾਂ ਕਰਦਾ ਹੈ ਤਾਂ ਉਸਤਾਨੀ ਨੇ ਉਂਗਲੀ ਵਿਖਾ ਕੇ ਉਸ ਨੂੰ ਡਾਂਟਿਆ।

ਉਹ ਬਹੁਤ ਚੰਗੀ ਉਸਤਾਨੀ ਸੀ। ਉਹ ਬੜੀ ਸਖ਼ਤ ਸੀ, ਪਰ ਰਹਿਮਦਿਲ ਵੀ ਸੀ। ਉਹਦੇ ਕੋਲੋਂ ਪੜ੍ਹਨ ਦਾ ਬੜਾ ਸਵਾਦ ਆਉਂਦਾ ਸੀ। ਅਤੇ ਬਾਲ ਡੈਡੀ ਨੇ ਸਾਰੀ ਉਮਰ ਉਹਦੀ ਨਸੀਹਤ ਨੂੰ ਯਾਦ ਰੱਖਿਆ। ਆਖ਼ਰ, ਇਹ ਸਕੂਲ ਵਿਚ ਉਹਦਾ ਪਹਿਲਾ ਦਿਨ ਸੀ। ਇਸ ਦਿਨ ਤੋਂ ਮਗਰੋਂ ਕਈ ਹੋਰ ਦਿਨ ਆਏ। ਕਈ ਖੁਸ਼ ਕਰਨ ਤੇ ਉਦਾਸ ਕਰਨ ਵਾਲੀਆਂ, ਚੰਗੀਆਂ ਤੇ ਮਾੜੀਆਂ ਗੱਲਾਂ ਵਾਪਰੀਆਂ ਜਦੋਂ ਬਾਲ ਡੈਡੀ ਸਕੂਲ ਪੜ੍ਹਦਾ ਸੀ। ਪਰ ਉਹ ਇਕ ਵਖਰੀ ਕਹਾਣੀ ਹੈ !

ਜਦੋਂ
ਡੈਡੀ
ਸਕੂਲ ਪੜ੍ਹਦਾ ਸੀ

ਡੈਡੀ ਨੂੰ ਦੇਰ ਕਿਵੇਂ ਹੋ ਜਾਂਦੀ



ਜਦੋਂ ਡੈਡੀ ਛੋਟਾ ਹੁੰਦਾ ਸੀ, ਉਹ ਸਕੂਲ ਜਾਂਦਾ ਸੀ ਜਿਵੇਂ ਹੋਰ ਸਾਰੇ ਬੱਚੇ ਜਾਂਦੇ ਸਨ। ਪਰ ਬਾਕੀ ਸਾਰੇ ਬੱਚੇ ਘੰਟੀ ਵੱਜਣ ਤੋਂ ਪਹਿਲਾਂ ਸਕੂਲ ਪਹੁੰਚ ਜਾਂਦੇ ਸਨ। ਅਤੇ ਡੈਡੀ ਨੂੰ ਹਮੇਸ਼ਾ ਦੇਰ ਹੋ ਜਾਂਦੀ ਸੀ। ਕਈ ਵਾਰੀ ਉਹਨੂੰ ਏਨੀ ਦੇਰ ਹੋ ਜਾਂਦੀ ਕਿ ਦੂਜੀ ਘੰਟੀ ਵੀ ਸ਼ੁਰੂ ਹੋ ਚੁੱਕੀ ਹੁੰਦੀ ਸੀ। ਉਸਤਾਨੀ ਨੂੰ ਸਚਮੁੱਚ ਇਸ ਗੱਲ ਦੀ ਬੜੀ ਹੈਰਾਨੀ ਹੁੰਦੀ। ਉਹ ਕਹਿੰਦੀ ਸੀ ਕਿ ਇਸ ਤਰ੍ਹਾਂ ਦਾ ਬੱਚਾ ਉਹਨਾਂ ਦੇ ਸਕੂਲ ਵਿਚ ਪਹਿਲਾਂ ਕਦੇ ਨਹੀਂ ਸੀ

ਹੋਇਆ। ਸਕੂਲ ਦਾ ਵੱਡਾ ਮਾਸਟਰ ਕਹਿੰਦਾ ਕਿ ਸ਼ਾਇਦ ਕਿਸੇ ਵੀ ਹੋਰ ਸਕੂਲ ਵਿਚ ਇਸ ਤਰ੍ਹਾਂ ਦਾ ਕੋਈ ਬੱਚਾ ਨਹੀਂ।

"ਇਹ ਬੱਚਾ ਹਮੇਸ਼ਾ ਦੇਰ ਕਰਕੇ ਆਉਂਦਾ ਹੈ," ਉਹ ਕਹਿੰਦੀ। "ਇਸ ਦੇ ਮਾਪੇ ਕਹਿੰਦੇ ਨੇ ਕਿ ਉਹ ਕੁਝ ਨਹੀਂ ਕਰ ਸਕਦੇ। ਮੈਂ ਉਹਨਾਂ ਨਾਲ ਦੋ ਵਾਰੀ ਗੱਲ ਕਰ ਚੁੱਕਾ ਹਾਂ।"

ਗੱਲ ਬਿਲਕੁਲ ਠੀਕ ਸੀ। ਬਾਲ ਡੈਡੀ ਦੇ ਮਾਪੇ ਕੁਝ ਨਹੀਂ ਸੀ ਕਰ ਸਕਦੇ। ਹਰ ਰੋਜ਼ ਤਰਕਾਲਾਂ ਨੂੰ ਓਹੋ ਕਿੱਸਾ ਦੁਹਰਾਇਆ ਜਾਂਦਾ।

"ਤੂੰ ਘਰ ਵਾਸਤੇ ਮਿਲਿਆ ਕੰਮ ਕਰ ਲਿਆ?" ਦਾਦੀ ਪੁੱਛਦੀ।

"ਹੁਣੇ ਕਰਦਾ ਆਂ," ਬਾਲ ਡੈਡੀ ਦਾ ਜਵਾਬ ਹੁੰਦਾ।

"ਪੜ੍ਹਨਾ ਬੰਦ ਕਰ ਤੇ ਫਟਾਫਟ ਘਰ ਵਾਸਤੇ ਮਿਲਿਆ ਕੰਮ ਕਰ!" ਦਾਦਾ ਉਸ ਨੂੰ ਕਹਿੰਦਾ।

"ਹੁਣੇ ਕਰਦਾ ਆਂ," ਬਾਲ ਡੈਡੀ ਕਹਿੰਦਾ, "ਬੱਸ ਇਕ ਸਫਾ ਹੋਰ ਪੜ੍ਹ ਲਵਾਂ।"

ਬਾਲ ਡੈਡੀ ਉਹ ਸਫਾ ਮੁਕਾਉਂਦਾ ਤੇ ਅਗਲਾ ਪੜ੍ਹਨਾ ਸ਼ੁਰੂ ਕਰ ਦੇਂਦਾ। ਉਹ ਸਕੂਲ ਦਾ ਬੇਸੁਆਦਾ ਕੰਮ ਕਰਨ ਵਾਸਤੇ ਦਿਲਚਸਪ ਕਿਤਾਬ ਨੂੰ ਹੱਥੋਂ ਨਹੀਂ ਸੀ ਛੱਡ ਸਕਦਾ।

"ਰੱਖ ਦੇ ਕਿਤਾਬ ਨੂੰ।"

"ਹੁਣੇ ਰਖਦਾਂ..."

"ਰੱਖ ਦੇ ਕਿਤਾਬ ਨੂੰ!"

"ਹੁਣੇ ਰੱਖਦਾਂ..."

ਅਖੀਰ ਦਾਦੇ ਤੇ ਦਾਦੀ ਦਾ ਸਬਰ ਦਾ ਪਿਆਲਾ ਭਰ ਜਾਂਦਾ। ਉਹ ਬਾਲ ਡੈਡੀ ਦੇ ਹੱਥੋਂ ਕਿਤਾਬ ਖੋਹ ਲੈਂਦੇ।

"ਕੰਮ-ਚੋਰ ਵਿਹਲੜ ਨਿਕਲੇਂਗਾ ਤੂੰ," ਉਹ ਉਸ ਨੂੰ ਕਹਿੰਦੇ।

ਇਹ ਗੱਲ ਬਾਲ ਡੈਡੀ ਨੂੰ ਬੜੀ ਚੁਭਦੀ। ਉਹ ਰੋਣ ਕੁਰਲਾਉਣ ਲੱਗ ਪੈਂਦਾ ਤੇ ਆਪਣੀ ਕਿਤਾਬ ਮੰਗਦਾ। ਉਹ ਕਹਿੰਦਾ ਕਿ ਜਿੰਨਾ ਚਿਰ ਉਹ ਕਿਤਾਬ ਨਹੀਂ ਦੇਣਗੇ, ਉਹ ਸਕੂਲ ਦਾ ਕੰਮ ਕਰਨਾ ਸ਼ੁਰੂ ਨਹੀਂ ਕਰੇਗਾ।

ਤੇ ਇਸ ਤਰ੍ਹਾਂ ਤਰਕਾਲਾਂ ਨਿਕਲ ਜਾਂਦੀਆਂ। ਤੇ ਜਦੋਂ ਅਖੀਰ ਬਾਲ ਡੈਡੀ ਘਰ ਵਾਸਤੇ ਮਿਲਿਆ ਕੰਮ ਕਰਨ ਬਹਿੰਦਾ, ਉਹਨੂੰ ਨੀਂਦ ਆ ਜਾਂਦੀ। ਉਹਦੇ ਮਾਪੇ ਉਹਨੂੰ ਜਗਾ ਦੇਂਦੇ।

ਉਹ ਫੇਰ ਸੌਂ ਜਾਂਦਾ। ਉਹ ਉਸ ਨੂੰ ਫੇਰ ਜਗਾ ਦੇਂਦੇ। ਤੇ ਇਸ ਤਰ੍ਹਾਂ ਉਹ ਝਪਕੀਆਂ ਲੈਂਦਾ ਘਰ ਵਾਸਤੇ ਮਿਲਿਆ ਕੰਮ ਕਰਦਾ। ਜਦੋਂ ਤੱਕ ਉਹ ਕੰਮ ਮੁਕਾਉਂਦਾ, ਰਾਤ ਚੋਖੀ ਬੀਤ ਗਈ ਹੁੰਦੀ। ਤੇ ਅਖੀਰ ਦਾਦਾ ਤੇ ਦਾਦੀ ਵੀ ਥੱਕ ਕੇ ਸੌਂ ਗਏ ਹੁੰਦੇ।

ਸਵੇਰੇ ਦੂਜੀ ਕਹਾਣੀ ਸ਼ੁਰੂ ਹੋ ਜਾਂਦੀ।

"ਉਠ ਹੁਣ!" ਦਾਦੀ ਕਹਿੰਦੀ।

"ਹੁਣੇ...," ਬਾਲ ਡੈਡੀ ਮਿਣ ਮਿਣ ਕਰਦਾ।

"ਉਠ ਹੁਣ!" ਦਾਦਾ ਕੜਕਦਾ।

"ਹੁਣੇ..."

"ਦੇਰ ਹੋ ਜਾਊ!"

"ਹੁਣੇ..."

"ਅੱਗੇ ਹੀ ਦੇਰ ਹੋ ਗਈ..."

"ਹੁਣੇ..."

ਸਭ ਨੂੰ ਪਤਾ ਹੈ ਕਿ ਜਦੋਂ ਰਾਤ ਨੂੰ ਦੇਰ ਨਾਲ ਸੁੱਤਾ ਜਾਏ ਤਾਂ ਸਵੇਰੇ ਉਠਣਾ ਕਿੰਨਾ ਔਖਾ ਹੁੰਦਾ ਹੈ। ਇਹ ਪਿਆਰੇ ਪਿਆਰੇ ਸੁਪਨੇ ਵੇਖਣ ਦਾ ਵੇਲਾ ਹੁੰਦਾ ਹੈ। ਖਾਸ ਕਰਕੇ ਜੇ ਤੁਸੀਂ ਸਕੂਲ ਜਾਣਾ ਹੋਵੇ।

ਜਿੰਨੇ ਚਿਰ ਨੂੰ ਬਾਲ ਡੈਡੀ ਉਠ ਕੇ ਆਕੜਾਂ ਭੰਨਦਾ ਤੇ ਉਬਾਸੀਆਂ ਲੈਂਦਾ, ਸੁਤ-ਉਨੀਂਦਾ ਜਿਹਾ ਆਪਣੇ ਕਪੜੇ ਪਾਉਂਦਾ, ਹੱਥ ਮੂੰਹ ਧੋਂਦਾ, ਸੁਤ-ਉਨੀਂਦਾ ਜਿਹਾ ਹੀ ਆਪਣਾ ਨਾਸ਼ਤਾ ਕਰਦਾ ਤੇ ਅਖੀਰ ਆਪਣਾ ਬਸਤਾ ਤਿਆਰ ਕਰਦਾ, ਓਨੇ ਨੂੰ ਚੋਖਾ ਵਕਤ ਗੁਜ਼ਰ ਜਾਂਦਾ। ਫੇਰ ਉਹ ਘਰੋਂ ਨਿਕਲ ਕੇ ਸਕੂਲ ਵੱਲ ਭੱਜ ਉਠਦਾ ਤੇ ਸੜਕ ਉਤੇ ਲੱਗੀਆਂ ਘੜੀਆਂ ਵੱਲ ਸਹਿਮਿਆ ਜਿਹਾ ਵੇਖਦਾ ਜਾਂਦਾ।

ਤੇ ਜਦੋਂ ਬਾਲ ਡੈਡੀ ਸਾਹੋ ਸਾਹੀ ਹੋਇਆ ਜਮਾਤ ਵਿਚ ਆ ਧਮਕਦਾ ਤਾਂ ਸਾਰੇ ਬੱਚੇ ਮਜ਼ਾਕ ਨਾਲ ਠਹਾਕੇ ਮਾਰ ਕੇ ਹੱਸ ਪੈਂਦੇ। ਉਸਤਾਨੀ ਵੀ ਹੱਸ ਪੈਂਦੀ।

"ਵਾਹ, ਸਾਡਾ ਲੇਟ-ਲਤੀਫ ਆ ਗਿਆ!" ਉਹ ਕਹਿੰਦੀ। ਇਹ ਬੜੀ ਨਮੋਸ਼ੀ ਵਾਲੀ ਗੱਲ ਹੁੰਦੀ ਸੀ।

ਸਕੂਲ ਦੇ ਕੰਧ ਅਖਬਾਰ ਵਿਚ ਬਾਲ ਡੈਡੀ ਦੀ ਇਕ ਤਸਵੀਰ ਬਣਾਈ ਗਈ ਤੇ ਉਸ ਨੂੰ ਕੰਧ ਨਾਲ ਲਟਕਾ ਦਿੱਤਾ ਗਿਆ। ਇਸ ਤਸਵੀਰ ਵਿਚ ਦਿਖਾਇਆ ਗਿਆ ਸੀ ਕਿ ਡੈਡੀ

ਆਪਣੇ ਬਿਸਤਰੇ ਵਿਚ ਸੁੱਤਾ ਹੋਇਆ ਹੈ ਤੇ ਉਹਦੇ ਮਾਪੇ ਦੋ ਵੱਡੀਆਂ ਵੱਡੀਆਂ ਬਾਲਟੀਆਂ ਵਿਚੋਂ ਉਹਦੇ ਉਤੇ ਪਾਣੀ ਡੋਲ੍ਹ ਰਹੇ ਹਨ। ਅਲਾਰਮ ਵਾਲੀ ਇਕ ਵੱਡੀ ਸਾਰੀ ਘੜੀ ਬਾਲ ਡੈਡੀ ਨੂੰ ਕੰਨੋਂ ਫੜ ਕੇ ਖਿੱਚ ਰਹੀ ਹੈ ਤੇ ਇਕ ਮੁੰਡਾ ਉਹਦੇ ਦੂਜੇ ਕੰਨ ਵਿਚ ਢੋਲ ਵਜਾ ਰਿਹਾ ਹੈ। ਤਸਵੀਰ ਦੇ ਹੇਠਾਂ ਕੈਪਸ਼ਨ ਸੀ "ਲੋਰੀ।" ਇਸ ਨਾਲ ਬਾਲ ਡੈਡੀ ਨੂੰ ਬੜੀ ਸ਼ਰਮ ਆਈ ਪਰ ਉਹ ਦੇਰ ਨਾਲ ਆਉਣੋਂ ਨਾ ਹੱਟਿਆ।

ਕਿਉਂਕਿ ਬਾਲ ਡੈਡੀ ਸਕੂਲ ਦਾ ਕੰਮ ਆਖਰੀ ਕੁਝ ਮਿੰਟਾਂ ਵਿਚ ਕਰਦਾ ਸੀ, ਇਸ ਕਰਕੇ ਕਦੇ ਵੀ ਬਹੁਤਾ ਚੰਗੀ ਤਰ੍ਹਾਂ ਨਹੀਂ ਸੀ ਕਰਦਾ। ਕਿਉਂਕਿ ਉਹ ਸਕੂਲ ਦੇਰ ਨਾਲ ਆਉਂਦਾ ਸੀ, ਇਸ ਕਰਕੇ ਉਸਤਾਨੀ ਦਾ ਪੜ੍ਹਾਇਆ ਸਮਝਾਇਆ ਉਹ ਖੁੰਝਾ ਲੈਂਦਾ ਸੀ। ਇਸ ਲਈ ਉਹਦੇ ਵਾਸਤੇ ਇਹ ਸਮਝਣਾ ਮੁਸ਼ਕਲ ਹੁੰਦਾ ਕਿ ਜਮਾਤ ਦੇ ਬਾਕੀ ਬੱਚੇ ਕੀ ਕਰ ਰਹੇ ਹਨ।

ਇਸ ਤੋਂ ਇਲਾਵਾ, ਉਹਨੂੰ ਦੇਰ ਹੋ ਜਾਣ ਕਰਕੇ ਭਾਜੜ ਪਈ ਰਹਿੰਦੀ ਤੇ ਉਹ ਹਰ ਵੇਲੇ ਜੋਸ਼ ਵਿਚ ਆਇਆ ਰਹਿੰਦਾ। ਇਹ ਸਭ ਉਹਦੇ ਵਾਸਤੇ ਮਾੜੀ ਗੱਲ ਸੀ। ਪਰ ਤਾਂ ਵੀ ਉਹ ਸਦਾ ਦੇਰ ਨਾਲ ਆਉਂਦਾ।

ਮੈਂ ਬੜੀ ਖੁਸ਼ੀ ਨਾਲ ਤੁਹਾਨੂੰ ਦੱਸਦਾ ਕਿ ਉਸਤਾਨੀਆਂ ਤੇ ਦੂਜੇ ਬੱਚੇ ਬਾਲ ਡੈਡੀ ਦਾ ਓਨਾ ਚਿਰ ਕਿਵੇਂ ਮਜ਼ਾਕ ਉਡਾਉਂਦੇ ਰਹੇ ਜਦੋਂ ਅਖੀਰ ਇਕ ਦਿਨ ਉਹ ਬਾਕੀ ਸਭ ਤੋਂ ਪਹਿਲਾਂ ਸਕੂਲ ਆ ਗਿਆ ਤੇ ਉਸ ਤੋਂ ਬਾਦ ਕਦੇ ਦੇਰ ਕਰ ਕੇ ਨਹੀਂ ਆਇਆ।

ਪਰ ਮੈਂ ਤੁਹਾਡੇ ਅੱਗੇ ਝੂਠ ਨਹੀਂ ਬੋਲਣਾ ਚਾਹੁੰਦਾ।

ਬਾਲ ਡੈਡੀ ਹਮੇਸ਼ਾ ਸਾਰੀ ਉਮਰ ਹੀ ਦੇਰ ਕਰਦਾ ਰਿਹਾ। ਉਹ ਸਕੂਲ ਦੇਰ ਨਾਲ ਪੁਜਦਾ ਰਿਹਾ, ਫੇਰ ਕਾਲਜ ਦੇਰ ਨਾਲ ਜਾਂਦਾ ਰਿਹਾ ਤੇ ਫੇਰ ਕੰਮ 'ਤੇ ਵੀ ਦੇਰ ਨਾਲ ਜਾਂਦਾ ਰਿਹਾ। ਲੋਕ ਹਮੇਸ਼ਾ ਉਹਦਾ ਮਜ਼ਾਕ ਉਡਾਉਂਦੇ ਰਹੇ। ਬਾਲ ਡੈਡੀ ਨੂੰ ਸਜ਼ਾ ਦਿੱਤੀ ਗਈ, ਉਸ ਨੂੰ ਝਾੜਿਆ ਝਿੜਕਿਆ ਗਿਆ ਤੇ ਉਸ ਨੂੰ ਸ਼ਰਮਿੰਦਾ ਕੀਤਾ ਗਿਆ। ਇਸ ਮਾੜੀ ਆਦਤ ਸਦਕਾ ਜ਼ਿੰਦਗੀ ਵਿਚ ਕਈ ਚੀਜ਼ਾਂ ਤੋਂ ਉਸ ਨੂੰ ਹੱਥ ਧੋਣੇ ਪਏ। ਉਸ ਨੂੰ ਕਿਸੇ ਨੇ ਘਰ ਬੁਲਾਇਆ ਹੁੰਦਾ ਤਾਂ ਉਹ ਅਕਸਰ ਦੇਰ ਨਾਲ ਪਹੁੰਚਦਾ ਤੇ ਲੋਕ ਉਸ ਨੂੰ ਮੁੜਕੇ ਕਦੇ ਨਹੀਂ ਸੀ ਬੁਲਾਉਂਦੇ। ਉਹ ਥੇਟਰ ਦੇਰ ਨਾਲ ਪੁਜਦਾ ਤੇ ਆਰੰਭਕ ਝਾਕੀਆਂ ਨਾ ਵੇਖ ਸਕਦਾ। ਉਹ ਕਿਸੇ ਕੰਮ ਲਈ ਮਿਥੇ ਵਕਤ ਤੋਂ ਪਛੜ ਜਾਂਦਾ ਤੇ ਸਾਰਾ ਮਾਮਲਾ ਚੌੜ ਕਰ ਬਹਿੰਦਾ।

ਕਈ ਵਾਰੀ ਇਸ ਤਰ੍ਹਾਂ ਹੋਇਆ ਕਿ ਉਸ ਨੂੰ ਸੁੰਞੀਆਂ ਸੜਕਾਂ ਉਤੇ ਇਕੱਲਿਆਂ ਹੀ ਨਵੇਂ

ਸਾਲ ਦਾ ਸਵਾਗਤ ਕਰਨਾ ਪਿਆ ਤੇ ਨਵੇਂ ਸਾਲ ਦੀ ਪਾਰਟੀ ਤੋਂ ਦੇਰ ਹੋ ਜਾਂਦੀ। ਕਈ ਲੋਕ ਵਿਅਰਥ ਹੀ ਉਹਦੀ ਉਡੀਕ ਕਰਦੇ।

ਉਸ ਦੇ ਕਈ ਦੋਸਤ ਉਹਦੀ ਦੇਰ ਕਰ ਲੈਣ ਦੀ ਆਦਤ ਦੀਆਂ ਕਹਾਣੀਆਂ ਬੜੇ ਚਸਕੇ ਲੈ ਕੇ ਸੁਣਾਉਂਦੇ ਹਨ। ਅੱਜ ਵੀ ਡੈਡੀ ਨੂੰ ਹੌਲੀ ਤੁਰਨਾ ਨਹੀਂ ਆਉਂਦਾ। ਉਹ ਹਮੇਸ਼ਾ ਕਾਹਲੀ ਵਿਚ ਹੁੰਦਾ ਹੈ ਕਿਉਂਕਿ ਉਸ ਨੂੰ ਦੇਰ ਕਰਨ ਦੀ ਆਦਤ ਹੈ। ਰਾਤ ਵੇਲੇ ਉਹਨੂੰ ਸੁਪਨੇ ਆਉਂਦੇ ਹਨ ਕਿ ਉਹਨੂੰ ਫੇਰ ਦੇਰ ਹੋ ਗਈ ਹੈ। ਉਹ ਸੁੱਤਾ ਪਿਆ ਝੁਣਝੁਣੀ ਲੈਂਦਾ ਹੈ ਤੇ ਹੂੰਘਦਾ ਹੈ। ਕਈ ਵਾਰੀ ਉਹਨੂੰ ਸੁਪਨਾ ਆਉਂਦਾ ਹੈ ਕਿ ਉਹ ਇਕ ਛੋਟਾ ਜਿਹਾ ਮੁੰਡਾ ਹੈ ਅਤੇ ਸਕੂਲ ਨੂੰ ਭੱਜਾ ਜਾ ਰਿਹਾ ਹੈ। ਪਰ ਆਪਣੇ ਸੁਪਨੇ ਵਿਚ ਹੀ ਜਦੋਂ ਉਹ ਘੜੀ ਉਤੇ ਨਜ਼ਰ ਮਾਰਦਾ ਹੈ ਤਾਂ ਪਤਾ ਲੱਗਦਾ ਹੈ ਕਿ ਅਜੇ ਸਕੂਲ ਲੱਗਣ ਵਿਚ ਬੜਾ ਵਕਤ ਹੈ! ਸਾਰੇ ਉਸ ਨੂੰ ਵਧਾਈ ਦੇਂਦੇ ਹਨ। ਵੱਡਾ ਮਾਸਟਰ ਉਸ ਨੂੰ ਫੁੱਲਾਂ ਦਾ ਗੁਲਦਸਤਾ ਪੇਸ਼ ਕਰਦਾ ਹੈ। ਸਕੂਲ ਦੇ ਹਾਲ ਵਿਚ ਉਹ ਉਸ ਦੀ ਤਸਵੀਰ ਲਟਕਾ ਦੇਂਦੇ ਹਨ। ਉਹਦੇ ਸਵਾਗਤ ਵਿਚ ਬੈਂਡ ਵਜਦਾ ਹੈ। ਪਰ ਏਥੇ ਆ ਕੇ ਉਹਦੀ ਅੱਖ ਖੁਲ੍ਹ ਜਾਂਦੀ ਹੈ ਤੇ ਉਹ ਸੋਚਦਾ ਹੈ ਕਿ ਜੇ ਉਹ ਇਕ ਵਾਰੀ ਫੇਰ ਬੱਚਾ ਬਣ ਜਾਵੇ ਤਾਂ ਉਹ ਕਦੇ ਪਛੜ ਕੇ ਸਕੂਲ ਨਹੀਂ ਜਾਵੇਗਾ।

ਡੈਡੀ ਸਿਨਮਾ ਕਿਵੇਂ ਗਿਆ



ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਨੂੰ ਸਿਨਮਾ ਵੇਖਣ ਨਹੀਂ ਸੀ ਜਾਣ ਦਿੱਤਾ ਜਾਂਦਾ। ਉਹਨੂੰ ਆਖਿਆ ਜਾਂਦਾ : "ਉਹ ਹਾਲੇ ਬਹੁਤ ਛੋਟਾ ਹੈ। ਬੜਾ ਵਕਤ ਹੈ ਅਜੇ ਸਿਨਮਾ ਵੇਖਣ ਦਾ। ਤੇਰੇ ਵੇਖਣ ਵਾਲੀ ਕੋਈ ਗੱਲ ਨਹੀਂ ਓਥੇ।" ਦਾਦਾ ਤੇ ਦਾਦੀ ਇਹੋ ਕੁਝ ਕਹਿੰਦੇ ਸਨ। ਨਾਲ ਹੀ ਉਹਦੀ ਮਾਸੀ ਕਹਿ ਦੇਂਦੀ : "ਸਿਨਮਾ ਕੀ ਹੈ, ਨਿਰਾ ਬੀਮਾਰੀਆਂ ਦਾ ਘਰ। ਕੋਈ ਖਸਰਾ ਲੈ ਆਉਂਦਾ ਏ ਤੇ ਕੋਈ ਲਾਲ ਬੁਖ਼ਾਰ ਤੇ ਕੋਈ ਕਾਲੀ ਖੰਘ, ਡਿਪਥੀਰੀਆ ਦੀ ਤਾਂ ਗੱਲ ਹੀ ਕੀ ਕਰਨੀ ਹੋਈ।"

ਤੇ ਇਸ ਤੋਂ ਮਗਰੋਂ ਮਾਸੀ ਡਿਪਥੀਰੀਆ ਬਾਰੇ ਇਕ ਲੰਮਾ ਸਾਰਾ ਲੈਕਚਰ–ਸ਼ੈਕਚਰ ਦੇਂਦੀ। ਡੈਡੀ ਫਜ਼ੂਲ ਹੀ ਉਹਨਾਂ ਦੇ ਤਰਲੇ ਕਰਦਾ ਕਿ ਉਸ ਨੂੰ ਸਿਨਮਾ ਜਾਣ ਦਿੱਤਾ ਜਾਵੇ। ਅੰਜਾਈਂ ਉਹ ਕਹਿੰਦਾ ਕਿ ਉਹਦੇ ਸਾਰੇ ਸਾਥੀ ਮੁਦਤਾਂ ਤੋਂ ਸਿਨਮਾ ਜਾਂਦੇ ਹਨ ਤੇ ਕਦੇ ਕਿਸੇ ਨੂੰ ਖਸਰਾ ਨਹੀਂ ਨਿਕਲਿਆ, ਕਿਸੇ ਨੂੰ ਲਾਲ ਬੁਖਾਰ ਨਹੀਂ ਚੜ੍ਹਿਆ, ਕਿਸੇ ਨੂੰ ਕਾਲੀ ਖੰਘ ਨਹੀਂ ਲੱਗੀ, ਡਿਪਥੀਰੀਆ ਦੀ ਤਾਂ ਗੱਲ ਹੀ ਕੀ ਕਰਨੀ ਹੋਈ। ਉਹਨੂੰ ਹਮੇਸ਼ਾ ਇਕੋ ਹੀ ਜਵਾਬ ਮਿਲਦਾ :

"ਜਦੋਂ ਤੂੰ ਸਕੂਲ ਜਾਵੇਂਗਾ ਤਾਂ ਕੋਈ ਫਰਕ ਨਹੀਂ ਪੈਂਦਾ। ਓਦੋਂ ਅਸੀਂ ਤੈਨੂੰ ਕਿਸੇ ਬੀਮਾਰੀ ਤੋਂ ਬਚਾ ਨਹੀਂ ਸਕਦੇ। ਫੇਰ ਜਿੱਨੀ ਵਾਰੀ ਮਰਜ਼ੀ ਹੋਈ ਸਿਨਮਾ ਜਾਵੀਂ।"

ਬਾਲ ਡੈਡੀ ਸਭ ਨਵੀਆਂ ਫਿਲਮਾਂ ਵੇਖਦਾ ਸੀ ਜਿਹੜੀ ਵੀ ਉਹਦੇ ਵਾਕਫ ਦੋਸਤ ਕਹਿੰਦੇ ਸਨ। ਉਹਨਾਂ ਨੇ ਉਸ ਨੂੰ ਦਸਿਆ ਕਿਵੇਂ "ਸਿਫਰ ਦਾ ਨਿਸ਼ਾਨ" ਵਿਚ ਡਗਲਸ ਫੇਰਬਾਂਕਸ ਘੋੜਾ ਭਜਾਉਂਦਾ ਸੀ, ਕਿਵੇਂ ਉਹ ਜੰਗਲਾ ਟੱਪ ਗਿਆ ਸੀ, ਕਿਵੇਂ ਉਹ ਕਾਲਾ ਮੁਖੌਟਾ ਪਾ ਕੇ ਆਇਆ ਤੇ ਆਪਣੇ ਸਾਰੇ ਦੁਸ਼ਮਣਾਂ ਦੀਆਂ ਧੌਣਾਂ ਲਾਹ ਦਿੱਤੀਆਂ। ਉਹ ਉਸ ਨੂੰ ਚਾਰਲੀ ਚੈਪਲਿਨ ਦੀਆਂ, ਤੇ ਨਕਲੀਏ ਈਗਰ ਇਲੀਨਸਕੀ, ਲੰਮੇ ਪਤਲੇ ਪਾਟ ਅਤੇ ਮਧਰੇ, ਗੋਲ ਮਟੋਲ ਪਾਟਾਸ਼ੋਨ ਦੀਆਂ ਸਾਂਗਾਂ ਲਾ ਕੇ ਦੱਸਦੇ। ਉਹ ਇਸ ਕੰਮ ਵਿਚ ਆਪਣਾ ਪੂਰਾ ਜ਼ੋਰ ਲਾਉਂਦੇ ਤੇ ਜੋ ਕਰ ਸਕਦੇ ਸੀ ਕਰ ਕੇ ਵਿਖਾਉਂਦੇ। ਉਹ ਪ੍ਰਸਿਧ ਆਜੜੀ ਵਿਲੀਅਮ ਹਾਰਟ ਦੀ ਨਕਲ ਲਾਉਂਦੇ ਇਕ ਦੂਜੇ ਨੂੰ ਘੋੜੀ ਬਣਾਉਂਦੇ।

ਫੇਰ ਬਾਲ ਡੈਡੀ ਨੇ ਵੱਡਿਆਂ ਕੋਲੋਂ ਸੁਣਿਆ ਕਿ ਕਿਵੇਂ ਮੇਰੀ ਪਿਕਫੋਰਡ ਮੁਸਕ੍ਰਾਉਂਦੀ ਹੈ। "ਇਹ ਤਾਂ ਅਸਚਰਜ ਮੁਸਕਾਨ ਹੈ।"

"ਉਸ ਦੀ ਮੁਸਕਾਨ ਕਿਸ ਤਰ੍ਹਾਂ ਦੀ ਹੈ?" ਬਾਲ ਡੈਡੀ ਆਪਣੇ ਸਾਥੀਆਂ ਨੂੰ ਪੁੱਛਦਾ। ਇਕ ਛੋਟੇ ਮੁੰਡੇ ਨੇ ਨਕਲ ਲਾ ਕੇ ਦੱਸਿਆ ਕਿ ਮੇਰੀ ਪਿਕਫੋਰਡ ਕਿਵੇਂ ਮੁਸਕ੍ਰਾਉਂਦੀ ਹੈ। ਉਸ ਨੇ ਪੂਰੀ ਵਾਹ ਲਾਈ ਸੀ ਤੇ ਸਾਰਿਆਂ ਨੇ ਆਖਿਆ ਸੀ ਕਿ ਉਹ ਤਾਂ ਮੇਰੀ ਨਾਲੋਂ ਵੀ ਕਿਤੇ ਚੰਗਾ ਮੁਸਕ੍ਰਾਇਆ ਸੀ। ਇਸ ਕਰਕੇ ਕਿ ਉਹ ਤਾਂ ਕਈ ਵਰ੍ਹਿਆਂ ਤੋਂ ਮੁਸਕ੍ਰਾ ਰਹੀ ਸੀ ਤੇ ਇਸ ਦੇ ਉਹਨੂੰ ਪੈਸੇ ਮਿਲਦੇ ਸਨ। ਤੇ ਉਸ ਮੁੰਡੇ ਦਾ ਤਾਂ ਮੁਸਕ੍ਰਾਉਣ ਦਾ ਇਹ ਹਾਲੇ ਦੂਜਾ ਦਿਨ ਹੀ ਸੀ ਤੇ ਉਹ ਇਹ ਕੰਮ ਆਪਣੇ ਇਕ ਮਿਤਰ ਲਈ ਮੁਫਤ ਕਰ ਰਿਹਾ ਸੀ।

ਬਾਲ ਡੈਡੀ ਸਮਝਦਾ ਸੀ ਕਿ ਉਹ ਸਾਰੇ ਉਹਦਾ ਜੀਅ ਪਰਚਾਉਣਾ ਚਾਹੁੰਦੇ ਸਨ। ਪਰ

ਇਹਨਾਂ ਸਾਰੀਆਂ ਗੱਲਾਂ ਕਰਕੇ ਸਿਨਮਾ ਵੇਖਣ ਨੂੰ ਉਹਦਾ ਹੋਰ ਵੀ ਬਹੁਤਾ ਜੀਅ ਲੋਚਦਾ ਸੀ।

ਅਖੀਰ ਇਹ ਖੁਸ਼ੀ ਦਾ ਦਿਨ ਆਇਆ। ਬਾਲ ਡੈਡੀ ਸਕੂਲ ਜਾਣ ਲੱਗ ਪਿਆ। ਪਹਿਲੇ ਹੀ ਐਤਵਾਰ ਉਸਤਾਨੀ ਸਾਰੀ ਜਮਾਤ ਨੂੰ ਸਵੇਰ ਦਾ ਸ਼ੋਅ ਵਿਖਾਉਣ ਲੈ ਗਈ। ਫਿਲਮ ਦਾ ਨਾਂ ਸੀ "ਲਾਲ ਸ਼ਤੂੰਗੜੇ।" ਬਾਲ ਡੈਡੀ ਨੇ ਇਹ ਕਿਤਾਬ ਪੜ੍ਹੀ ਹੋਈ ਸੀ। ਤੇ ਉਹਦਾ ਬੜਾ ਜੀਅ ਕਰਦਾ ਸੀ ਕਿ ਨੌਜਵਾਨ ਯੋਧਿਆਂ ਨੂੰ, ਭਿਆਨਕ ਮਾਖਨੋ ਨੂੰ ਅਤੇ ਜੋਸ਼ ਚੜ੍ਹਾਉਣ ਵਾਲੇ ਅਦਭੁਤ ਮਾਹਰਕਿਆਂ ਨੂੰ ਪਰਦੇ ਉਤੇ ਵੇਖੇ।

ਸਿਨਮਾਘਰ ਬਾਲ ਡੈਡੀ ਦੇ ਘਰ ਦੇ ਨੇੜੇ ਹੀ ਸੀ। ਬਾਲ ਚਾਚੇ ਵੀਤੀਆ ਨੂੰ ਵੀ ਪਤਾ ਸੀ ਕਿ ਸਿਨਮਾ ਕਿਥੇ ਹੈ। ਇਸ ਕਰਕੇ ਉਹ ਡੈਡੀ ਨਾਲੋਂ ਵੀ ਪਹਿਲਾਂ ਜਿਸ ਨੂੰ ਦੇਰ ਹੋ ਗਈ ਸੀ ਸਿਨਮਾਘਰ ਪਹੁੰਚ ਗਿਆ ਤੇ ਸਾਰੀ ਜਮਾਤ ਦੇ ਬੱਚਿਆਂ ਨਾਲ ਉਹਨੇ ਵਾਕਫੀ ਗੰਢ ਲਈ। ਉਸਤਾਨੀ ਵੀ ਉਹਨੂੰ ਵੇਖ ਕੇ ਬੜੀ ਖੁਸ਼ ਹੋਈ। ਜਦੋਂ ਬਾਲ ਡੈਡੀ ਨੇ ਆਪਣੇ ਛੋਟੇ ਭਰਾ ਨੂੰ ਓਥੇ ਵੇਖਿਆ ਤਾਂ ਉਹ ਉਹਦੇ ਨਾਲ ਬੋਲਿਆ ਵੀ ਨਹੀਂ ਸੀ। ਉਸ ਨੇ ਉਹਨੂੰ ਕੰਨੋਂ ਫੜਿਆ ਤੇ ਘਰ ਲੈ ਆਂਦਾ। ਬਾਲ ਚਾਚੇ ਵੀਤੀਆ ਨੇ ਏਡੇ ਜ਼ੋਰ ਨਾਲ ਡਾਡਾਂ ਮਾਰੀਆਂ ਕਿ ਉਹਦੇ ਮੂੰਹ ਵਿਚ ਰੱਖੀਆਂ ਤਿੰਨ ਮਿੱਠੀਆਂ ਗੋਲੀਆਂ ਭੁੰਜੇ ਡਿਗ ਪਈਆਂ। ਡੈਡੀ ਦੀ ਜਮਾਤ ਦੀਆਂ ਕੁੜੀਆਂ ਉਹਨੂੰ ਗੋਲੀਆਂ ਦੇਂਦੀਆਂ ਰਹੀਆਂ ਸਨ। ਅਤੇ ਬਾਲ ਚਾਚਾ ਵੀਤੀਆ ਵੀ ਬੜਾ ਬੀਬਾ ਬਣਿਆ ਹੋਇਆ ਸੀ। ਜੇ ਕੋਈ ਉਸ ਨੂੰ ਗੋਲੀ ਦੇਂਦਾ ਤਾਂ ਉਹ ਕਿਸੇ ਨੂੰ ਇਨਕਾਰ ਨਹੀਂ ਸੀ ਕਰਦਾ। ਚਾਚਾ ਵੀਤੀਆ ਏਡਾ ਉੱਚੀ ਉੱਚੀ ਰੋਇਆ ਕਿ ਡੈਡੀ ਦੀ ਜਮਾਤ ਦੇ ਸਾਰੇ ਬੱਚੇ ਉਹਦੇ ਵੱਲ ਹੋ ਗਏ। ਏਥੋਂ ਤੱਕ ਕਿ ਉਸਤਾਨੀ ਨੇ ਵੀ ਆਖਿਆ, "ਆ ਜਾਵੇ ਸਾਡੇ ਨਾਲ, ਮੈਂ ਪੂਰਾ ਧਿਆਨ ਰੱਖਾਂਗੀ ਇਹਦਾ।"

ਇਹ ਸੁਣ ਕੇ ਬਾਲ ਡੈਡੀ ਨੇ ਆਪਣੇ ਭਰਾ ਦਾ ਕੰਨ ਛੱਡ ਦਿੱਤਾ। ਫੇਰ ਸਾਰੇ ਸਿਨਮਾਘਰ ਦੇ ਅੰਦਰ ਚਲੇ ਗਏ। ਬੱਚੇ ਸਭ ਪਾਸਿਆਂ ਤੋਂ ਧਕਮ-ਧੱਕਾ ਕਰ ਕੇ ਦਰਵਾਜ਼ਿਆਂ ਵਿਚੋਂ ਲੰਘ ਰਹੇ ਸਨ। ਖੁਸ਼ੀ ਵਿਚ ਆਇਆ ਬਾਲ ਚਾਚਾ ਵੀਤੀਆ ਖ਼ਰਗੋਸ਼ ਵਾਂਗ ਸਾਰਿਆਂ ਦੇ ਅੱਗੇ ਅੱਗੇ ਟਪੂਸੀਆਂ ਮਾਰਦਾ ਜਾ ਰਿਹਾ ਸੀ। ਕੁਦਰਤੀ ਹੀ, ਉਸ ਨੂੰ ਠੇਡਾ ਲੱਗ ਗਿਆ ਤੇ ਉਹ ਡਿੱਗ ਪਿਆ। ਬਾਲ ਡੈਡੀ ਬਿਲਕੁਲ ਉਹਦੇ ਪਿੱਛੇ ਜਾ ਰਿਹਾ ਸੀ। ਉਹਦਾ ਆਪਣੇ ਛੋਟੇ ਭਰਾ ਨਾਲ ਪੈਰ ਅੜ ਗਿਆ ਤੇ ਉਸ ਦੇ ਉਪਰ ਡਿੱਗ ਪਿਆ। ਤੇ ਸਾਰੀ ਜਮਾਤ ਦੇ ਬੱਚੇ, ਜਿਹੜੇ ਉਹਦੇ ਮਗਰ ਭੱਜੇ ਆ ਰਹੇ ਸਨ, ਉਹਨਾਂ ਦੇ ਉਪਰ ਡਿਗ ਪਏ। ਬੜਾ ਭਾਰ ਪੈ

ਗਿਆ। ਖਾਸ ਕਰਕੇ ਉਹਨਾਂ ਉਤੇ ਜਿਹੜੇ ਇਸ ਢੇਰ ਤੇ ਹੇਠਾਂ ਸਨ। ਤੇ ਬਾਲ ਚਾਚਾ ਵੀਤੀਆ, ਜਿਹੜਾ ਖ਼ਰਗੋਸ਼ ਵਾਂਗ ਟਪੋਸੀਆਂ ਮਾਰ ਰਿਹਾ ਸੀ, ਹੁਣ ਉਹ ਖਰਗੋਸ਼ ਬਣਿਆ ਹੋਇਆ ਸੀ ਜਿਸ ਨੂੰ ਕੁੱਤੇ ਨੇ ਫੜਿਆ ਹੋਵੇ। ਬਾਲ ਡੈਡੀ ਦੀਆਂ ਵੀ ਚੀਕਾਂ ਨਿਕਲ ਗਈਆਂ। ਇੱਚਰ ਨੂੰ ਡੈਡੀ ਦੀ ਉਸਤਾਨੀ ਤੇ ਕਿਸੇ ਹੋਰ ਸਕੂਲ ਦੀਆਂ ਦੋ ਉਸਤਾਨੀਆਂ ਮਦਦ ਵਾਸਤੇ ਭੱਜੀਆਂ ਆਈਆਂ। ਉਹਨਾਂ ਨੇ ਭੀੜ ਨੂੰ ਰੋਕਿਆ। ਉਹਨਾਂ ਨੇ ਬਾਲ ਡੈਡੀ ਤੇ ਬਾਲ ਚਾਚਾ ਵੀਤੀਆ ਨੂੰ ਚੁੱਕਿਆ। ਡੈਡੀ ਨੂੰ ਤੇ ਚਾਚਾ ਵੀਤੀਆ ਨੂੰ ਰਗੜਾਂ ਲੱਗ ਗਈਆਂ ਤੇ ਨੀਲ ਪੈ ਗਏ ਸਨ। ਤੇ ਉਹਨਾਂ ਨੂੰ ਘਰ ਭੇਜ ਦਿੱਤਾ ਗਿਆ ਜਿਵੇਂ ਫੱਟੜਾਂ ਨੂੰ ਭੇਜਿਆ ਜਾਂਦਾ ਹੈ। ਉਹਨਾਂ ਨੂੰ ਵੇਖ ਕੇ ਮਾਸੀ ਖ਼ੁਸ਼ੀ ਨਾਲ ਚਿਲਾਈ, "ਵੇਖਿਆ, ਮੈਂ ਆਖਿਆ ਨਹੀਂ ਸੀ!"

ਇਸ ਤੋਂ ਮਗਰੋਂ ਬਾਲ ਡੈਡੀ ਨੂੰ ਢੇਰ ਚਿਰ ਤੱਕ ਸਿਨਮਾਘਰ ਨਹੀਂ ਸੀ ਜਾਣ ਦਿੱਤਾ ਗਿਆ। ਪਰ ਬਾਦ ਵਿਚ ਉਸ ਨੂੰ ਇਜਾਜ਼ਤ ਦੇ ਦਿੱਤੀ ਗਈ ਤੇ ਉਸ ਨੇ "ਲਾਲ ਸ਼ਤੂੰਗੜੇ" ਫਿਲਮ ਵੇਖੀ। ਕਈ ਹੋਰ ਫਿਲਮਾਂ ਵੀ ਵੇਖੀਆਂ। ਹਾਲੇ ਵੀ ਉਹ ਸਿਨਮਾ ਦਾ ਬੜਾ ਸ਼ੌਕੀਨ ਹੈ। ਚਾਚਾ ਵੀਤੀਆ ਵੀ ਸ਼ੌਕੀਨ ਹੈ।

ਡੈਡੀ ਨੂੰ ਕੁੜੀਆਂ ਕਿਵੇਂ ਛੇੜਦੀਆਂ ਸਨ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਜਾਂਦਾ ਸੀ ਤਾਂ ਰੋਜ਼ ਉਹਦੀ ਇਹ ਹਾਲਤ ਬਣ ਜਾਂਦੀ ਸੀ। ਘੰਟੀ ਵਜਦੀ, ਅੱਧੀ ਛੁੱਟੀ ਖ਼ਤਮ ਹੁੰਦੀ ਤੇ ਸਭ ਲਾਂਘੇ ਬਰਾਂਡੇ ਖਾਲੀ ਹੋ ਜਾਂਦੇ। ਬੱਚੇ ਆਪੋ ਆਪਣੀਆਂ ਥਾਵਾਂ ਉਤੇ ਜਾ ਬਹਿੰਦੇ, ਪਰ ਬਾਲ ਡੈਡੀ ਜਮਾਤ ਦੇ ਦਰਵਾਜ਼ੇ ਦੇ ਬਾਹਰ ਖੜਾ ਹੁੰਦਾ ਤੇ ਬੁਰੀ ਤਰ੍ਹਾਂ ਰੋ ਰਿਹਾ ਹੁੰਦਾ। ਉਹ ਰੋਂਦਾ ਤਾਂ ਸਾਰੀ ਜਮਾਤ ਹੱਸਦੀ ਤੇ ਹੀ ਹੀ ਕਰਦੀ। ਜਦੋਂ ਉਸਤਾਨੀ ਜਮਾਤ ਵਿਚ ਆਉਂਦੀ ਤੇ ਇਹ ਝਾਕੀ ਵੇਖਦੀ ਤਾਂ ਉਹ ਝਟ ਸਾਰੀ ਗੱਲ ਸਮਝ ਜਾਂਦੀ।

"ਕੀ ਹੋਇਆ ?" ਉਹ ਮੁਸਕ੍ਰਾ ਕੇ ਪੁੱਛਦੀ। "ਕੁੜੀਆਂ ਛੇੜਦੀਆਂ ਨੇ ?" ਤੇ ਬਾਲ ਡੈਡੀ ਸਿਰ ਹਿਲਾ ਦੇਂਦਾ।

ਕੁੜੀਆਂ ਬਾਲ ਡੈਡੀ ਨੂੰ ਕਿਉਂ ਛੇੜਦੀਆਂ ਸਨ ? ਤੇ ਉਹ ਉਸ ਨੂੰ ਕਿਵੇਂ ਛੇੜਦੀਆਂ ਸਨ ? ਬੜੀ ਸਿੱਧੀ ਗੱਲ ਸੀ। ਜਿਸ ਵੇਲੇ ਸਾਰੇ ਬੱਚੇ ਅੱਧੀ ਛੁੱਟੀ ਮਗਰੋਂ ਜਮਾਤ ਵਿਚ ਆਉਂਦੇ ਤਾਂ ਤਿੰਨ ਜਾਂ ਚਾਰ ਕੁੜੀਆਂ ਡੈਡੀ ਦੇ ਡੈਸਕ ਉਤੇ ਆ ਬਹਿੰਦੀਆਂ ਤੇ ਬਾਲ ਡੈਡੀ ਵੱਲ ਝਾਕ ਝਾਕ ਵੇਖਦੀਆਂ, ਉੱਚੀ ਉੱਚੀ ਹੱਸਦੀਆਂ। ਉਹ ਬੜਾ ਸੰਗਾਊ ਤੇ ਚੁੱਪ ਚੁੱਪ ਰਹਿਣ ਵਾਲਾ ਬੱਚਾ ਹੁੰਦਾ ਸੀ। ਉਹ ਸਕੂਲ ਆਉਣ ਤੋਂ ਪਹਿਲਾਂ ਸਿਰਫ ਇਕੋ ਕੁੜੀ ਨੂੰ ਜਾਣਦਾ ਸੀ। ਉਹਦਾ ਨਾਂ ਸੀ ਮਾਸ਼ਾ। ਆਮ ਕਰਕੇ ਉਹ ਹਮੇਸ਼ਾ ਕੁੜੀਆਂ ਕੋਲੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਸੀ। ਕੁੜੀਆਂ ਨੇ ਫੌਰਨ ਇਹ ਗੱਲ ਤਾੜ ਲਈ ਤੇ ਉਹ ਉਸ ਨੂੰ ਚਿੜਾਉਣ ਲੱਗ ਪਈਆਂ। ਇਹ ਸਾਰੀ ਗੱਲ ਇਸ ਤਰ੍ਹਾਂ ਸ਼ੁਰੂ ਹੋਈ ਸੀ।

ਜਦੋਂ ਤੁਸੀਂ ਇਕ ਕੁੜੀ ਨਾਲ ਬਹਿਣਾ ਹੋਵੇ ਤਾਂ ਬਰਦਾਸ਼ਤ ਹੋ ਸਕਦਾ ਹੈ। ਪਰ ਜਦੋਂ ਚਾਰ ਜਣੀਆਂ ਤੁਹਾਡੇ ਡੈਸਕ ਉਤੇ ਬੈਠੀਆਂ ਹੋਣ, ਤੁਹਾਨੂੰ ਵੇਖ ਕੇ ਹਿੜਹਿੜ ਕਰ ਰਹੀਆਂ ਹੋਣ ਤਾਂ ਇਹ ਗੱਲ ਔਖੀ ਲੱਗਦੀ ਹੈ। ਪਰ ਜੇ ਸਾਰੀ ਜਮਾਤ ਹੀ ਹੱਸ ਰਹੀ ਹੋਵੇ ਤਾਂ ਬਰਦਾਸ਼ਤ ਨਹੀਂ ਹੋ ਸਕਦਾ। ਸੋ ਬਾਲ ਡੈਡੀ ਜਮਾਤ ਦੇ ਕਮਰੇ ਵਿਚੋਂ ਬਾਹਰ ਨਿਕਲ ਜਾਂਦਾ ਤੇ ਦਰਵਾਜ਼ੇ ਓਹਲੇ ਖਲੋਤਾ ਮਣ ਮਣ ਦੇ ਅਥਰੂ ਡੋਲ੍ਹਦਾ ਰਹਿੰਦਾ। ਉਹਨੇ ਬੜੀ ਹਸਾਉਣੀ ਸੂਰਤ ਬਣਾਈ ਹੁੰਦੀ। ਦੂਜੇ ਬੱਚੇ ਬਾਲ ਡੈਡੀ ਨੂੰ ਆਖਦੇ :

"ਤੂੰ ਉਹਨਾਂ ਵੱਲ ਵੇਖਦਾ ਹੀ ਕਿਉਂ ਏਂ ? ਆਪਣੇ ਡੈਸਕ ਤੋਂ ਭਜਾ ਦੇ ਉਹਨਾਂ ਨੂੰ। ਧੱਕਾ ਮਾਰ ਕੇ ਪਰੇ ਕਰ ! ਉਹ ਹਾਲ ਕਰ ਕਿ ਅੱਗੋਂ ਤੋਂ ਸਬਕ ਸਿਖ ਲੈਣ !"

ਤੇ ਉਹ ਉਸ ਕੁੜੀ ਨੂੰ ਧੱਕੇ ਮਾਰ ਕੇ ਪਰੇ ਕਰ ਦੇਂਦੇ ਜਿਹੜੀ ਬਹੁਤਾ ਉੱਚੀ ਹੱਸਦੀ ਤੇ ਬਹੁਤਾ ਚਿੜਾਉਂਦੀ ਸੀ। ਉਹ ਬੜੀ ਚੰਚਲ ਤੇ ਬੜੀ ਸੁਹਣੀ ਕੁੜੀ ਸੀ। ਸ਼ਾਇਦ, ਉਹਦਾ ਨਾਂ ਤਮਾਰਾ ਸੀ। ਜਾਂ ਗਾਲਿਆ। ਜਾਂ ਖਬਰੇ ਵੇਰਾ ਜਾਂ ਲੁਸਿਆ। ਨਹੀਂ, ਇਹ ਵਾਲਿਆ ਸੀ। ਤੇ ਉਹਨੂੰ ਬੜੀ ਚੰਗੀ ਤਰ੍ਹਾਂ ਪਤਾ ਸੀ ਕਿ ਬਾਲ ਡੈਡੀ ਜਮਾਤ ਦੀਆਂ ਸਾਰੀਆਂ ਕੁੜੀਆਂ ਵਿਚੋਂ ਉਹਨੂੰ ਵੇਖ ਕੇ ਬਹੁਤਾ ਖੁਸ਼ ਹੁੰਦਾ ਹੈ। ਕੁੜੀਆਂ ਹਮੇਸ਼ਾ ਅਜਿਹੀਆਂ ਗੱਲਾਂ ਸਮਝ ਜਾਂਦੀਆਂ ਹਨ। ਸ਼ਾਇਦ ਇਸ ਕਰਕੇ ਹੀ ਉਹ ਬਹੁਤਾ ਉੱਚੀ ਹੱਸਦੀ ਸੀ। ਪਰ ਇਸ ਤਰ੍ਹਾਂ ਬਾਲ ਡੈਡੀ ਰੋ ਪੈਂਦਾ।

ਅਖੀਰ ਉਸਤਾਨੀ ਇਸ ਰੋਜ਼ ਰੋਜ਼ ਦੇ ਝੇੜੇ ਤੋਂ ਤੰਗ ਆ ਗਈ। ਇਕ ਦਿਨ ਉਹ ਰੋਂਦੇ ਹੋਏ ਬਾਲ ਡੈਡੀ ਨੂੰ ਫੜ ਕੇ ਜਮਾਤ ਵਿਚ ਲੈ ਆਈ ਤੇ ਕਹਿਣ ਲੱਗੀ :

"ਜਮਾਤ ਵਿਚ ਸੋਲਾਂ ਕੁੜੀਆਂ ਤੇ ਅਠਾਰਾਂ ਮੁੰਡੇ ਨੇ। ਸੋਲਾਂ ਕੁੜੀਆਂ ਇਕੋ ਹੀ ਮੁੰਡੇ ਨੂੰ ਚਿੜਾਉਂਦੀਆਂ ਨੇ। ਸਵਾਲ ਇਹ ਹੈ ਕਿ ਉਹ ਬਾਕੀ ਸਤਾਰਾਂ ਮੁੰਡਿਆਂ ਨੂੰ ਕਿਉਂ ਨਹੀਂ ਚਿੜਾਉਂਦੀਆਂ? ਕੌਣ ਜਵਾਬ ਦੱਸੇਗਾ?"

ਸਾਰੀ ਜਮਾਤ ਹੱਸ ਪਈ। ਫੇਰ ਉਸਤਾਨੀ ਨੇ ਆਖਿਆ:

"ਇਹ ਕੁੜੀਆਂ ਸਿਰਫ ਇਕੋ ਹੀ ਮੁੰਡੇ ਨੂੰ ਕਿਉਂ ਛੇੜਦੀਆਂ ਨੇ? ਮੈਂ ਪੂਰੀ ਗੰਭੀਰਤਾ ਨਾਲ ਪੁੱਛ ਰਹੀ ਹਾਂ ਤੇ ਇਸ ਦਾ ਜਵਾਬ ਚਾਹੁੰਦੀ ਹਾਂ।"

ਸਭ ਖਾਮੋਸ਼ ਸਨ। ਸਿਰਫ ਕੁਝ ਕੁੜੀਆਂ ਹੀ ਹੀ ਕਰ ਰਹੀਆਂ ਸਨ। ਇਕ ਮੁੰਡੇ ਨੇ ਹੱਥ ਖੜਾ ਕੀਤਾ ਤੇ ਆਖਿਆ:

"ਕਿਉਂਕਿ ਇਹ ਰੋਂਦਾ ਹੈ।"

"ਬਿਲਕੁਲ ਠੀਕ!" ਸਭਨਾਂ ਦੇ ਹੱਸਦਿਆਂ ਉਸਤਾਨੀ ਨੇ ਆਖਿਆ।

"ਯਾਦ ਜੇ ਅਸੀਂ ਬਹੁਤ ਪਹਿਲਾਂ ਇਹ ਗੱਲ ਕੀਤੀ ਸੀ ਕਿ ਰੋਣ ਨਾਲੋਂ ਹੱਸਣਾ ਬਹੁਤਾ ਚੰਗਾ ਹੁੰਦਾ ਹੈ। ਤੂੰ ਸਮਝਦਾ ਏਂ?" ਉਸ ਨੇ ਬਾਲ ਡੈਡੀ ਨੂੰ ਪੁੱਛਿਆ।

"ਹਾਂ," ਉਸ ਨੇ ਸੁਰੜ ਸੁਰੜ ਕਰਦਿਆਂ ਜਵਾਬ ਦਿੱਤਾ।

"ਫੇਰ ਇਹ ਗੱਲ ਯਾਦ ਰੱਖ," ਉਸਤਾਨੀ ਬੋਲੀ, "ਵਰਨਾ ਕੁੜੀਆਂ ਤੈਨੂੰ ਸਾਰੀ ਉਮਰ ਛੇੜਦੀਆਂ ਰਹਿਣਗੀਆਂ।"

ਬਾਲ ਡੈਡੀ ਨਹੀਂ ਸੀ ਚਾਹੁੰਦਾ ਕਿ ਇਸ ਤਰ੍ਹਾਂ ਹੋਵੇ। ਅਗਲੀ ਵਾਰ ਜਦੋਂ ਕੁੜੀਆਂ ਉਹਦੇ ਡੈਸਕ ਉਤੇ ਬੈਠੀਆਂ ਤੇ ਉਹਨੂੰ ਵੇਖ ਕੇ ਹੱਸਣ ਲੱਗੀਆਂ ਤਾਂ ਉਹ ਨਹੀਂ ਸੀ ਰੋਇਆ। ਉਹ ਕਤਾਰ ਵਿਚ ਅੱਗੇ ਵਧ ਗਿਆ ਤੇ ਉਸ ਕੁੜੀ ਦੇ ਡੈਸਕ ਉਤੇ ਬਹਿ ਗਿਆ ਜਿਹੜੀ ਉਹਨੂੰ ਸਭ ਤੋਂ ਬਹੁਤੀ ਚੰਗੀ ਲੱਗਦੀ ਸੀ। ਤਾਂ ਸਾਰੇ ਜਣੇ ਉਸ ਕੁੜੀ ਨੂੰ ਮਖੌਲ ਕਰਨ ਲੱਗ ਪਏ। ਉਹ ਰੋਈ ਨਹੀਂ ਸੀ ਪਰ ਉਸ ਨੇ ਹੱਸਣਾ ਬੰਦ ਕਰ ਦਿੱਤਾ। ਇਸ ਤੋਂ ਮਗਰੋਂ ਕੁੜੀਆਂ ਬਾਲ ਡੈਡੀ ਨੂੰ ਛੇੜਨੋਂ ਹਟ ਗਈਆਂ। ਉਹ ਸਗੋਂ ਉਸ ਦੀਆਂ ਦੋਸਤ ਬਣ ਗਈਆਂ। ਇਸ ਤੋਂ ਬਾਦ ਸਿਰਫ ਮੁੰਡੇ ਹੀ ਉਸ ਨੂੰ ਤੰਗ ਕਰਦੇ ਰਹੇ। ਪਰ ਮੁੰਡੇ ਆਖਰ ਮੁੰਡੇ ਹੋਏ ਤੇ ਉਹ ਇਕ ਦੂਜੇ ਨੂੰ ਤੰਗ ਕਰਦੇ ਹੀ ਨੇ।

ਡੈਡੀ ਸ਼ੇਰ ਦੇ ਸ਼ਿਕਾਰ ਨੂੰ ਕਿਵੇਂ ਚੜ੍ਹਿਆ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਉਹ ਇਕ ਵਾਰੀ ਸ਼ੇਰ ਦੇ ਸ਼ਿਕਾਰ ਨੂੰ ਚੜ੍ਹਿਆ। ਸ਼ੇਰ ਵੀ ਛੋਟਾ ਹੀ ਸੀ। ਤੇ ਭਾਵੇਂ ਸਕੂਲ ਵਿਚ ਪੜ੍ਹਦਾ ਨਹੀਂ ਸੀ, ਰਹਿੰਦਾ ਉਹ ਸਕੂਲ ਦੇ ਹਾਤੇ ਵਿਚ ਹੀ। ਸਾਰੀ ਕਹਾਣੀ ਇਸ ਤਰ੍ਹਾਂ ਹੈ।

ਬਹਾਰ ਦੇ ਦਿਨੀਂ ਇਕ ਦਿਨ ਦੁਪਹਿਰ ਬਾਦ, ਜਦੋਂ ਸਕੂਲ ਬੰਦ ਹੋ ਗਿਆ, ਬਾਲ ਡੈਡੀ ਤੇ ਉਹਦੇ ਸਾਥੀ ਸਕੂਲ ਦੇ ਹਾਤੇ ਵਿਚ ਧੁੱਪੇ ਬੈਠੇ ਹੋਏ ਸਨ। ਬੜੀ ਸੁਹਣੀ ਧੁੱਪ ਲੱਗੀ ਹੋਈ ਸੀ। ਬੱਚੇ ਗੱਲਾਂ ਕਰ ਰਹੇ ਸਨ ਜਿਵੇਂ ਸਾਰੀ ਦੁਨੀਆ ਵਿਚ ਬੱਚੇ ਕਰਦੇ ਹਨ—ਇਕੋ ਵੇਲੇ

ਹਰ ਕਿਸਮ ਦੀਆਂ ਗੱਲਾਂ। ਉਹ ਫੁਟਬਾਲ ਦੀਆਂ ਤੇ ਅਗਲੇ ਦਿਨ ਹੋਣ ਵਾਲੀ ਇਮਲਾਹ ਦੀਆਂ ਗੱਲਾਂ ਕਰ ਰਹੇ ਸਨ, ਕੱਲ੍ਹ ਵਾਲੀ ਲੜਾਈ ਦੀਆਂ ਤੇ "ਬਗ਼ਦਾਦ ਦਾ ਚੋਰ" ਫਿਲਮ ਦੀਆਂ ਗੱਲਾਂ ਕਰ ਰਹੇ ਸਨ; ਆਪਣੀ ਪਸੰਦ ਦੀ ਆਈਸਕ੍ਰੀਮ ਦੀ ਸੁਗੰਧ ਦੀਆਂ ਗੱਲਾਂ ਕਰ ਰਹੇ ਸਨ ਤੇ ਇਹ ਗੱਲਾਂ ਕਰ ਰਹੇ ਸਨ ਕਿ ਛੁੱਟੀਆਂ ਵਿਚ ਕੈਂਪ 'ਤੇ ਕੌਣ ਜਾਏਗਾ ਤੇ ਪਿੰਡ ਵਿਚ ਆਪਣੇ ਮਾਪਿਆਂ ਨਾਲ ਅਕੇਵੇਂ ਭਰੇ ਦਿਨ ਕੌਣ ਗੁਜ਼ਾਰੇਗਾ। ਜਿਸ ਵੇਲੇ ਉਹ ਗੱਲਾਂ ਕਰ ਰਹੇ ਸਨ, ਬਾਲ ਡੈਡੀ ਕੋਈ ਕਿਤਾਬ ਪੜ੍ਹ ਰਿਹਾ ਸੀ। ਮੈਨੂੰ ਇਹ ਨਹੀਂ ਯਾਦ ਕਿ ਉਹ ਕਿਹੜੀ ਕਿਤਾਬ ਸੀ। ਪਰ ਇਹ ਠੀਕ ਹੈ ਕਿ ਉਹ ਕੋਈ ਮਾਹਰਕੇਬਾਜ਼ੀ ਦੀਆਂ ਕਹਾਣੀਆਂ ਦੀ ਕਿਤਾਬ ਸੀ। ਤੇ ਜਿਸ ਵੇਲੇ ਸਾਰੇ ਜਣੇ ਚੁੱਪ ਹੋ ਗਏ, ਤਾਂ ਅਚਾਨਕ ਬਾਲ ਡੈਡੀ ਨੇ ਆਖਿਆ:

"ਵਾਹ, ਬਈ ਸ਼ੇਰ ਦਾ ਸ਼ਿਕਾਰ ਕਰਨ ਦਾ ਬੜਾ ਮਜ਼ਾ ਆਵੇ!"

ਸਾਰੇ ਹੱਸ ਪਏ। ਤੇ ਮੀਸ਼ਾ ਗੋਰਬੂਨੋਵ, ਜਿਸ ਨੂੰ ਸਾਰੇ ਗੋਰਬੂਸ਼ਕਾ ਕਹਿੰਦੇ ਸਨ, ਉੱਚੀ ਸਾਰੀ ਬੋਲਿਆ:

"ਮੈਨੂੰ ਨਾਲ ਲੈ ਚੱਲ।"

ਤੇ ਫੇਰ ਸਾਰੇ ਮੁੰਡੇ ਰੌਲਾ ਪਾਉਣ ਲੱਗ ਪਏ:

"ਮੈਨੂੰ ਵੀ ਲੈ ਚੱਲ! ਮੈਨੂੰ ਵੀ!"

ਫੇਰ ਇਕ ਜਣਾ ਕੜਕਿਆ:

"ਸਾਰੀ ਜਮਾਤ ਹੀ ਚੱਲੇ!"

ਤੇ ਸਾਰਿਆਂ ਨੇ ਰੌਲਾ ਪਾ ਦਿੱਤਾ:

"ਸਾਰੀ ਜਮਾਤ ਹੀ ਚੱਲੇ!"

"ਪਰ ਸ਼ਿਕਾਰ ਕਰਨਾ ਕਿਵੇਂ ਹੈ?" ਮੀਸ਼ਾ ਗੋਰਬੂਨੋਵ ਨੇ ਪੁੱਛਿਆ।

"ਬਹੁਤ ਸੌਖਾ ਕੰਮ," ਬਾਲ ਡੈਡੀ ਨੇ ਆਖਿਆ। "ਹਾਥੀਆਂ ਉਤੇ ਚੜ੍ਹ ਜਾਓ ਤੇ ਜੰਗਲ ਨੂੰ ਤੁਰ ਪਓ। ਜੰਗਲ ਬੜਾ ਸੰਘਣਾ ਹੈ। ਜੰਗਲ ਵਿਚ ਨੇ ਵੇਲਾਂ, ਕੇਲੇ, ਬਾਂਦਰ..."

"ਸੋਫੇ, ਖੋਤੇ, ਗਾਜਰ..." ਗੋਰਬੂਸ਼ਕਾ ਨੇ ਤੁਕਾਂਤ ਮੇਲਿਆ "ਸ਼ੇਰ ਦੀ ਗੱਲ ਦੱਸ ਸਾਨੂੰ।"

"ਸ਼ੇਰ ਦੀ ਗੱਲ ਹੀ ਮੈਂ ਦੱਸ ਰਿਹਾ ਆਂ। ਸ਼ੇਰ ਜੰਗਲ ਵਿਚ ਲੁਕਿਆ ਹੁੰਦਾ ਹੈ। ਫੇਰ ਇਹ ਛਾਲ ਮਾਰ ਕੇ ਬਾਹਰ ਆਉਂਦਾ ਹੈ ਤੇ ਹਾਥੀਆਂ ਉਤੇ ਹਮਲਾ ਕਰਦਾ ਹੈ। ਉਸ ਵੇਲੇ

ਸਾਰੇ ਗੋਲੀਆਂ ਚਲਾ ਦੇਂਦੇ ਨੇ। ਇਕ ਹਾਥੀ ਸ਼ੇਰ ਦੁਆਲੇ ਆਪਣੀ ਸੁੰਢ ਵਲ ਦੇਂਦਾ ਹੈ ਤੇ ਉਹਨੂੰ ਪਟਕਾ ਕੇ ਭੁੰਜੇ ਮਾਰਦਾ ਹੈ ਤੇ ਮਧੋਲ ਸੁਟਦਾ ਹੈ। ਆਹ ਵੇਖੋ ! ਤਸਵੀਰ ਵਿਚ ਸਭ ਕੁਝ ਸਾਫ਼ ਹੈ।''

ਸਾਰੇ ਮੁੰਡੇ ਬੜਾ ਚਿਰ ਨਿਗਾਹ ਗੱਡ ਕੇ ਤਸਵੀਰ ਵੱਲ ਵੇਖਦੇ ਰਹੇ। ਫੇਰ ਗੋਰਬੂਸ਼ਕਾ ਬੋਲਿਆ :

''ਪਤਾ ਜੇ, ਤੂੰ, ਤੂੰ, ਤੂੰ ਤੇ ਤੂੰ ਹਾਥੀ ਬਣ ਜਾਓਗੇ। ਮੈਂ, ਉਹ, ਉਹ ਤੇ ਉਹ ਸ਼ਿਕਾਰੀ ਬਣ ਜਾਵਾਂਗੇ। ਸਾਡਾ ਹਾਤਾ—ਇਹ ਜੰਗਲ ਹੋ ਗਿਆ। ਸਾਰੇ ਸ਼ਿਕਾਰੀ ਬੰਦੂਕ ਦੀ ਥਾਂ ਸੋਟੀਆਂ ਫੜ ਲੈਣ। ਹੋ ਗਈ ਤਿਆਰੀ ? ਹੁਣ, ਚੜ੍ਹੋ ਹਾਥੀਆਂ ਉਤੇ ਤੇ ਸ਼ਿਕਾਰ ਕਰਨ ਚਲੀਏ। ਔਹ ਜੇ ਸ਼ੇਰ। ਵੇਖੋ, ਇਸ ਦੀਆਂ ਧਾਰੀਆਂ ਵੱਲ !''

''ਏਹ ਤਾਂ ਬਲੂੰਗੜਾ ਏ,'' ਬਾਲ ਡੈਡੀ ਨੇ ਆਖਿਆ।

''ਚੁੱਪ ! ਤੈਨੂੰ ਕਿਸੇ ਗੱਲ ਦੀ ਸਮਝ ਨਹੀਂ। ਸੁਣੋ ਮੇਰਾ ਹੁਕਮ ! ਹਾਥੀਓ, ਅੱਗੇ ਵਧੋ !''

ਬਾਲ ਡੈਡੀ ਸ਼ਿਕਾਰੀ ਸੀ। ਆਪਣੇ ਹਾਥੀ ਉਤੇ ਬਹਿ ਕੇ ਉਹਨੇ ਵੇਖਿਆ, ਕਿਵੇਂ ਇਕ ਛੋਟਾ ਜਿਹਾ ਧਾਰੀਆਂ ਵਾਲਾ ਬਲੂੰਗੜਾ ਹੈਰਾਨ ਹੋਇਆ ਹਾਥੀਆਂ ਤੇ ਸ਼ਿਕਾਰੀਆਂ ਵੱਲ ਝਾਕ ਰਿਹਾ ਸੀ। ਉਹ ਏਡਾ ਹੈਰਾਨ ਸੀ ਕਿ ਉਸ ਨੇ ਓਥੋਂ ਭੱਜਣ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਪਰ ਓਸੇ ਵੇਲੇ ਗੋਰਬੂਸ਼ਕਾ ਨੇ ਹੁਕਮ ਦਿੱਤਾ :

''ਮਾਰੋ ਗੋਲੀ !''

ਵਿਚਾਰੇ ਬਲੂੰਗੜੇ ਉਤੇ ਸੋਟੀਆਂ ਤੇ ਪੱਥਰਾਂ ਦਾ ਮੀਂਹ ਵਰ੍ਹ ਪਿਆ। ਬਾਲ ਡੈਡੀ ਨੂੰ ਪਤਾ ਹੀ ਨਹੀਂ ਲੱਗਾ ਕਿ ਉਸ ਨੇ ਕਿਹੜੇ ਵੇਲੇ ਆਪਣੀ ਸੋਟੀ ਵਗਾਹ ਮਾਰੀ। ਪਰ ਉਸ ਦਾ ਨਿਸ਼ਾਨਾ ਖੁੰਝ ਗਿਆ। ਛੋਟਾ ਜਿਹਾ ਬਲੂੰਗੜਾ ਡਰ ਕੇ ਭੱਜ ਉਠਿਆ। ਏਨੇ ਨੂੰ ਇਕ ਪੱਥਰ ਉਹਦੇ ਸਿਰ ਵਿਚ ਜਾ ਵੱਜਾ। ਬਲੂੰਗੜੇ ਨੇ ਮਿਆਊਂ ਕੀਤਾ ਤੇ ਡਿਗ ਪਿਆ। ਇਕ ਦੋ ਵਾਰ ਉਹਦੀਆਂ ਲੱਤਾਂ ਹਿੱਲੀਆਂ ਤੇ ਉਹ ਹਿਲਣੋਂ-ਜੁਲਣੋਂ ਹਟ ਗਿਆ।

''ਸ਼ੇਰ ਮਾਰ ਲਿਆ !'' ਗੋਰਬੂਸ਼ਕਾ ਚਿੱਲਾਇਆ।

ਪਰ ਫੇਰ ਇਕ ਮੁੰਡੇ ਨੇ ਆਖਿਆ :

''ਬਲੂੰਗੜਾ ਮਰ ਗਿਆ !''

ਸਾਰੇ ਵੇਖਣ ਵਾਸਤੇ ਬਲੂੰਗੜੇ ਵੱਲ ਭੱਜ ਤੁਰੇ।

ਪਸ਼ਮ ਦਾ ਨਿੱਕਾ ਜਿਹਾ ਧਾਰੀਦਾਰ ਗੋਲਾ ਬਿਲਕੁਲ ਅਹਿਲ ਪਿਆ ਸੀ। ਬਾਲ ਡੈਡੀ ਨੂੰ ਅਚਾਨਕ ਸਮਝ ਆ ਗਈ ਕਿ ਬਲੂੰਗੜਾ ਜਿਊਂਦਾ ਸੀ ਤੇ ਹੁਣ ਮਰਿਆ ਪਿਆ ਹੈ। ਇਹ ਹੁਣ ਕਦੇ ਨਹੀਂ ਦੌੜੇਗਾ, ਕਦੇ ਨਹੀਂ ਛਾਲਾਂ ਮਾਰੇਗਾ, ਦੂਜੇ ਬਲੂੰਗੜਿਆਂ ਨਾਲ ਕਦੇ ਨਹੀਂ ਖੇਡੇਗਾ। ਇਹ ਹੁਣ ਕਦੇ ਵੀ ਵੱਡਾ ਹੋ ਕੇ ਬਿੱਲਾ ਨਹੀਂ ਬਣੇਗਾ। ਇਹ ਕਦੇ ਚੂਹੇ ਨਹੀਂ ਫੜੇਗਾ, ਕਦੇ ਛੱਤ ਉਤੇ ਮਿਆਊਂ ਮਿਆਊਂ ਨਹੀਂ ਕਰੇਗਾ। ਕੁਝ ਵੀ ਨਹੀਂ ਕਰੇਗਾ। ਸ਼ਾਇਦ ਉਹ ਆਪ ਸ਼ੇਰ ਦਾ ਸ਼ਿਕਾਰ ਕਰਨਾ ਨਹੀਂ ਸੀ ਖੇਡਣਾ ਚਾਹੁੰਦਾ। ਪਰ ਕਿਸੇ ਨੇ ਉਹਦੇ ਕੋਲੋਂ ਪੁੱਛਿਆ ਹੀ ਨਹੀਂ ਸੀ। ਮੁੰਡੇ ਚੁੱਪ ਕੀਤੇ ਹੋਏ ਮਰੇ ਬਲੂੰਗੜੇ ਦੇ ਦੁਆਲੇ ਖੜੇ ਸਨ। ਗੋਰਬੂਸ਼ਕਾ ਵੀ ਚੁੱਪ ਖੜਾ ਸੀ।

ਅਚਾਨਕ ਉਹਨਾਂ ਨੂੰ ਕਿਸੇ ਦੀ ਕੂਕ ਸੁਣਾਈ ਦਿੱਤੀ:

"ਹਾਏ, ਮੇਰਾ ਬਲੂੰਗੜਾ! ਹਾਏ, ਮੇਰਾ ਬਲੂੰਗੜਾ!" ਇਹ ਇਕ ਛੋਟੀ ਜਿਹੀ ਕੁੜੀ ਦੀ ਆਵਾਜ਼ ਸੀ ਜਿਸ ਨੇ ਆਪਣੇ ਵਾਲਾਂ ਵਿਚ ਨੀਲਾ ਰਿਬਨ ਬੰਨ੍ਹਿਆ ਹੋਇਆ ਸੀ।

ਉਸ ਨੇ ਬਲੂੰਗੜੇ ਨੂੰ ਚੁੱਕਿਆ ਤੇ ਆਪਣੇ ਘਰ ਲੈ ਗਈ। ਮੁੰਡੇ ਵੀ ਘਰਾਂ ਨੂੰ ਚਲੇ ਗਏ। ਉਹ ਏਡੇ ਸ਼ਰਮਸਾਰ ਸਨ ਕਿ ਇਕ ਦੂਜੇ ਵੱਲ ਵੇਖ ਨਹੀਂ ਸੀ ਸਕਦੇ।

ਉਸ ਤੋਂ ਬਾਦ ਬਾਲ ਡੈਡੀ ਨੇ ਸਾਰੀ ਉਮਰ ਕਿਸੇ ਕੁਤੇ, ਬਿੱਲੀ ਜਾਂ ਕਿਸੇ ਹੋਰ ਜਾਨਵਰ ਨੂੰ ਨਹੀਂ ਸਤਾਇਆ। ਤੇ ਉਸ ਨਿੱਕੇ ਜਿਹੇ ਧਾਰੀਆਂ ਵਾਲੇ ਬਲੂੰਗੜੇ ਦਾ ਉਹਨੂੰ ਅਜੇ ਤੱਕ ਬੜਾ ਅਫਸੋਸ ਹੈ।

ਡੈਡੀ ਡਰਾਇੰਗ ਕਿਵੇਂ ਕਰਦਾ ਸੀ



ਜਦੋਂ ਡੈਡੀ ਛੋਟਾ ਹੁੰਦਾ ਸੀ, ਉਹਨੂੰ ਡਰਾਇੰਗ ਕਰਨ ਦਾ ਬੜਾ ਸ਼ੌਕ ਸੀ। ਤੇ ਜਦੋਂ ਉਹਨੂੰ ਰੰਗਦਾਰ ਪੈਨਸਿਲਾਂ ਦਾ ਡੱਬਾ ਮਿਲਿਆ ਤਾਂ ਉਹ ਸਾਰਾ ਸਾਰਾ ਦਿਨ ਡਰਾਇੰਗ ਕਰਨ ਵਿਚ ਲੱਗਾ ਰਹਿੰਦਾ ਸੀ। ਉਸ ਨੇ ਨਿੱਕੇ ਨਿੱਕੇ ਮਕਾਨਾਂ ਦੀਆਂ ਤਸਵੀਰਾਂ ਬਣਾਈਆਂ ਸਨ। ਹਰ ਮਕਾਨ ਵਿਚ ਧੂੰਕਸ਼ ਲੱਗਾ ਹੋਇਆ ਸੀ। ਹਰ ਧੂੰਕਸ਼ ਵਿਚੋਂ ਧੂਆਂ ਨਿਕਲ ਰਿਹਾ ਸੀ। ਹਰ ਮਕਾਨ ਦੇ ਕੋਲ ਇਕ ਦਰਖ਼ਤ ਸੀ। ਹਰ ਦਰਖ਼ਤ ਵਿਚ ਇਕ ਪੰਛੀ ਸੀ। ਸਾਰੇ ਮਕਾਨਾਂ ਦਾ ਰੰਗ ਲਾਲ ਸੀ। ਸਾਰੀਆਂ ਛੱਤਾਂ ਪੀਲੀਆਂ ਸਨ। ਸਾਰੇ ਧੂੰਕਸ਼ ਕਾਲੇ ਰੰਗ ਦੇ ਸਨ। ਅਤੇ ਧੂੰਕਸ਼ਾਂ ਵਿਚੋਂ ਨਿਕਲਦਾ ਧੂਆਂ ਹਲਕੇ ਨੀਲੇ ਤੇ ਗੁਲਾਬੀ ਰੰਗ ਦਾ ਸੀ। ਦਰਖ਼ਤ ਨੀਲੇ ਸਨ ਤੇ

ਪੰਛੀ ਹਰੇ ਸਨ। ਬਨਫਸ਼ੀ ਅਸਮਾਨ ਵਿਚ ਸੁਨਹਿਰੀ ਸੂਰਜ ਚਮਕਦਾ ਸੀ। ਸੂਰਜ ਦੇ ਕੋਲ ਹੀ ਚਾਂਦੀ ਰੰਗਾ ਚੰਦਰਮਾ ਤਰਦਾ ਫਿਰਦਾ ਸੀ ਜਿਹੜਾ ਰੁਪਹਿਲੇ ਤੇ ਸੁਨਹਿਰੇ ਤਾਰਿਆਂ ਵਿਚ ਘਿਰਿਆ ਹੋਇਆ ਸੀ। ਇਹ ਬਹੁਤ ਹੀ ਖ਼ੂਬਸੂਰਤ ਤਸਵੀਰ ਸੀ। ਜਿਸ ਬੰਦੇ ਨੇ ਵੀ ਇਹ ਤਸਵੀਰ ਵੇਖੀ, ਓਸੇ ਨੇ ਕਿਹਾ :

"ਨੀਲੇ ਦਰੱਖ਼ਤ ਤੇ ਹਰੇ ਪੰਛੀ ਤੂੰ ਕਿੱਥੇ ਵੇਖੇ ਨੇ?"

ਬਾਲ ਡੈਡੀ ਕਹਿੰਦਾ : "ਇਸ ਤਸਵੀਰ ਵਿਚ।"

ਬਾਲ ਡੈਡੀ ਹਾਲੇ ਸਕੂਲ ਨਹੀਂ ਸੀ ਜਾਂਦਾ ਜਦੋਂ ਉਹ ਸੋਚਦਾ ਹੁੰਦਾ ਸੀ ਕਿ ਉਸ ਨੂੰ ਬਹੁਤ ਚੰਗੀ ਡਰਾਇੰਗ ਕਰਨੀ ਆਉਂਦੀ ਹੈ। ਪਰ ਸਕੂਲ ਵਿਚ ਉਸ ਦੀ ਡਰਾਇੰਗ ਬਾਰੇ ਸਾਰੇ ਹੱਸਦੇ ਸਨ। ਉਹ ਏਨੀ ਖ਼ਰਾਬ ਡਰਾਇੰਗ ਕਰਦਾ ਸੀ ਕਿ ਡਰਾਇੰਗ ਮਾਸਟਰ ਨੇ ਕਦੇ ਉਹਨੂੰ ਇਕ ਲਫਜ਼ ਤੱਕ ਨਹੀਂ ਸੀ ਆਖਿਆ। ਦੂਸਰੇ ਬੱਚਿਆਂ ਨੂੰ ਉਹ ਕਹਿੰਦਾ : "ਚੰਗੀ ਹੈ!" ਜਾਂ "ਮਾੜੀ ਹੈ।" ਜਾਂ "ਇਸ ਲਾਈਨ ਨੂੰ ਸਿਧਿਆਂ ਕਰ।"

ਪਰ ਉਸ ਨੇ ਬਾਲ ਡੈਡੀ ਨੂੰ ਕਦੇ ਇਹ ਵੀ ਨਹੀਂ ਸੀ ਆਖਿਆ, "ਮਾੜੀ ਹੈ।" ਜਦੋਂ ਉਹ ਬਾਲ ਡੈਡੀ ਦੇ ਡੈਸਕ ਕੋਲੋਂ ਲੰਘਦਾ ਤੇ ਉਹਦੀ ਡਰਾਇੰਗ ਦੀ ਕਾਪੀ ਵੱਲ ਵੇਖਦਾ ਤਾਂ ਉਹਦੇ ਮੂੰਹ ਉਤੇ ਇਉਂ ਵੱਟ ਚੜ੍ਹਦੇ ਜਿਵੇਂ ਉਸ ਨੇ ਵੱਡਾ ਸਾਰਾ ਖੱਟਾ ਨਿੰਬੂ ਖਾ ਲਿਆ ਹੋਵੇ। ਖੱਟਾ ਨਿੰਬੂ ਛਿਲ ਸਮੇਤ ਮੂੰਹ ਵਿਚ ਪਾਓ ਤੇ ਸ਼ੀਸ਼ੇ ਵਿਚ ਆਪਣੀ ਸ਼ਕਲ ਵੇਖੋ। ਬਸ ਏਸੇ ਤਰ੍ਹਾਂ ਦੀ ਸ਼ਕਲ ਮਾਸਟਰ ਦੀ ਹੁੰਦੀ ਸੀ।

ਕੁਝ ਕੁੜੀਆਂ ਨੂੰ ਬਾਲ ਡੈਡੀ ਉਤੇ ਤਰਸ ਆ ਜਾਂਦਾ ਸੀ। ਜਦੋਂ ਮਾਸਟਰ ਦੀ ਉਹਨਾਂ ਵੱਲ ਪਿੱਠ ਹੁੰਦੀ ਤਾਂ ਉਹ ਡੈਡੀ ਦੀ ਕਾਪੀ ਉਤੇ ਜਲਦੀ ਜਲਦੀ ਕੁਝ ਬਣਾ ਦਿੰਦੀਆਂ। ਉਹ ਆਪਣੇ ਵਲੋਂ ਬਹੁਤ ਭੈੜੀ ਡਰਾਇੰਗ ਕਰਨ ਦੀ ਕੋਸ਼ਿਸ਼ ਕਰਦੀਆਂ ਸਨ। ਪਰ ਡੈਡੀ ਨਾਲੋਂ ਭੈੜੀ ਡਰਾਇੰਗ ਹੋਰ ਕਿਹੜਾ ਕਰ ਸਕਦਾ ਸੀ। ਮਾਸਟਰ ਨੂੰ ਦੋਹਾਂ ਕੰਮਾਂ ਵਿਚਲੇ ਫਰਕ ਦਾ ਝੱਟ ਪਤਾ ਲੱਗ ਜਾਂਦਾ। ਤੇ ਉਹ ਬਾਲ ਡੈਡੀ ਨੂੰ ਪੁੱਛਦਾ : "ਆਹ ਕਿਸ ਨੇ ਬਣਾਈ ਹੈ?"

ਤੇ ਬਾਲ ਡੈਡੀ ਈਮਾਨਦਾਰੀ ਨਾਲ ਜਵਾਬ ਦੇਂਦਾ : "ਮੈਂ ਨਹੀਂ..."

"ਇਹ ਤਾਂ ਮੈਨੂੰ ਦਿਸਦਾ ਏ," ਮਾਸਟਰ ਕਹਿੰਦਾ। "ਮੈਂ ਇਹ ਪੁਛਦਾ ਹਾਂ ਕਿ ਮਦਦ ਕਿਸ ਨੇ ਕੀਤੀ। ਏਸ ਤਰ੍ਹਾਂ ਤੈਨੂੰ ਕਦੇ ਡਰਾਇੰਗ ਕਰਨੀ ਨਹੀਂ ਆਉਣੀ। ਸਭ ਕੁਝ ਆਪ ਕਰਨਾ ਚਾਹੀਦਾ ਏ।"

"ਹੁਣ ਮੈਂ ਆਪ ਕਰਾਂਗਾ," ਬਾਲ ਡੈਡੀ ਕਹਿੰਦਾ ਤੇ ਫੇਰ ਕੋਈ ਚੀਜ਼ ਉਲੀਕਦਾ।

ਤੇ ਮਾਸਟਰ ਸਿਰ ਹਿਲਾ ਦੇਂਦਾ।

"ਹੁਣ ਪਤਾ ਲੱਗਦਾ ਏ ਕਿ ਇਹ ਤੇਰਾ ਕੰਮ ਏ।"

ਅਗਲੀ ਵਾਰੀ ਜਦੋਂ ਮਾਪਿਆਂ ਦੀ ਮੀਟਿੰਗ ਹੋਈ ਤਾਂ ਡਰਾਇੰਗ ਮਾਸਟਰ ਨੇ ਛੋਟੀ ਜਿਹੀ ਤਕਰੀਰ ਕੀਤੀ। ਉਸ ਨੇ ਆਖਿਆ :

"ਸਾਥੀ ਮਾਪਿਓ ! ਇਸ ਜਮਾਤ ਦੇ ਪੰਜ ਬੱਚਿਆਂ ਨੇ ਡਰਾਇੰਗ ਵਿਚ ਸ਼ਾਨਦਾਰ ਨੰਬਰ ਲਏ ਹਨ।"

ਤੇ ਉਸ ਨੇ ਪੰਜਾਂ ਦੇ ਨਾਂ ਦੱਸੇ।

"ਬਹੁਤੇ ਬੱਚਿਆਂ ਨੇ ਚੰਗੇ ਨੰਬਰ ਲਏ ਹਨ। ਕੁਝ ਬੱਚੇ ਹਨ ਜਿਨ੍ਹਾਂ ਦਾ ਕੰਮ ਬਹੁਤ ਘਟੀਆ ਹੈ।"

ਤੇ ਉਸ ਨੇ ਤਿੰਨ ਹੋਰ ਨਾਂ ਬੋਲੇ। ਇਸ ਪਿਛੋਂ ਡਰਾਇੰਗ ਮਾਸਟਰ ਨੇ ਆਖਿਆ :

"ਪਰ ਇਕ ਮੁੰਡਾ ਐਸਾ ਹੈ," ਤੇ ਉਸ ਨੇ ਤਿਊੜੀ ਚਾੜ੍ਹ ਲਈ ਤੇ ਡੈਡੀ ਦਾ ਨਾਂ ਲਿਆ। "ਸਿਰਫ ਇਹ ਗੱਲ ਨਹੀਂ ਕਿ ਉਹ ਕੰਮ ਬਹੁਤ ਖ਼ਰਾਬ ਕਰਦਾ ਹੈ, ਸਗੋਂ ਮੇਰਾ ਖਿਆਲ ਹੈ ਕਿ ਇਸ ਨੂੰ ਕੋਈ ਬੀਮਾਰੀ ਹੈ। ਐਸੀ ਬੀਮਾਰੀ ਜਿਹੜੀ ਇਸ ਨੂੰ ਡਰਾਇੰਗ ਕਰਨਾ ਸਿਖਣ ਨਹੀਂ ਦੇਂਦੀ।" ਤੇ ਉਹਨੇ ਫੇਰ ਸਿਰ ਫੜ ਲਿਆ।

ਦਾਦੀ ਤੇ ਦਾਦੇ ਨੂੰ ਬੜੀ ਮਾਯੂਸੀ ਹੋਈ। ਪਰ ਇਹ ਈਮਾਨਦਾਰੀ ਨਾਲ ਬੋਲਿਆ ਹੋਇਆ ਸੱਚ ਸੀ। ਬਾਲ ਡੈਡੀ ਨੇ ਸਕੂਲ ਦੀ ਪੜ੍ਹਾਈ ਖ਼ਤਮ ਕੀਤੀ। ਫੇਰ ਉਸ ਨੇ ਟੈਕਨੀਕਲ ਸਕੂਲ ਦੀ ਪੜ੍ਹਾਈ ਮੁਕਾਈ ਤੇ ਇਸ ਤੋਂ ਮਗਰੋਂ ਇੰਸਟੀਚਿਊਟ ਦੀ। ਇਹ ਸਾਰਾ ਵਕਤ ਉਸ ਨੇ ਸਿਰਫ ਏਨਾ ਹੀ ਸਿਖਿਆ ਕਿ ਬਿੱਲੀ ਦੀ ਤਸਵੀਰ ਕਿਵੇਂ ਬਣਾਉਣੀ ਹੈ। ਪਰ ਏਨੀ ਗੱਲ ਤਾਂ ਹਰ ਬੱਚਾ ਜਾਣਦਾ ਹੈ ਕਿ ਬਿੱਲੀ ਦੀ ਤਸਵੀਰ ਕਿਵੇਂ ਬਣਾਈ ਜਾਂਦੀ ਹੈ। ਬਿੱਲੀ ਦੀ ਤਸਵੀਰ ਤਾਂ ਛੋਟੇ ਛੋਟੇ ਬਾਲ ਵੀ ਬਣਾ ਲੈਂਦੇ ਹਨ। ਡੈਡੀ ਨੂੰ ਉਹਨਾਂ ਉਤੇ ਬੜਾ ਰਸ਼ਕ ਆਉਂਦਾ ਹੈ ਕਿਉਂਕਿ ਉਹਨਾਂ ਦੀਆਂ ਬਣਾਈਆਂ ਤਸਵੀਰਾਂ ਉਹਦੀ ਬਣਾਈ ਬਿੱਲੀ ਦੀ ਤਸਵੀਰ ਨਾਲੋਂ ਬਹੁਤ ਚੰਗੀਆਂ ਹੁੰਦੀਆਂ ਹਨ। ਹਾਂ, ਇਕ ਵਾਰੀ ਡੈਡੀ ਨੂੰ ਇਕ ਚਿਤਰਕਾਰ ਮਿਲਿਆ ਜਿਹੜਾ ਉਹਦੇ ਵਰਗੀਆਂ ਹੀ ਖ਼ਰਾਬ ਤਸਵੀਰਾਂ ਬਣਾਉਂਦਾ ਸੀ। ਪਰ ਉਹਨੇ ਆਖਿਆ : "ਮੈਨੂੰ ਇਹ ਚਿਹਰਾ, ਇਹ ਰੁੱਖ, ਇਹ ਘੋੜਾ ਇਸ ਤਰ੍ਹਾਂ ਹੀ ਦਿਸਦਾ ਹੈ..."

ਕੇਡੀ ਤਰਸਯੋਗ ਗੱਲ ਹੈ ਕਿ ਬਾਲ ਡੈਡੀ ਨੂੰ ਕਦੇ ਇਹ ਖਿਆਲ ਹੀ ਨਹੀਂ ਸੀ ਆਇਆ ਕਿ ਆਪਣੇ ਮਾਸਟਰ ਨੂੰ ਇਹ ਗੱਲ ਆਖ ਦੇਵੇ। ਤੇ ਮਾਸਟਰ ਕਿਵੇਂ ਆਪਣਾ ਸਿਰ ਫੜ ਕੇ ਬੈਠ ਜਾਂਦਾ !

ਡੈਡੀ ਨੇ ਉਸਤਾਨੀ ਨੂੰ ਕਿਵੇਂ ਛਲਿਆ



ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਵਿਚ ਪੜ੍ਹਦਾ ਸੀ, ਉਸ ਨੂੰ ਆਪਣੀ ਉਸਤਾਨੀ ਬਹੁਤ ਚੰਗੀ ਲੱਗਦੀ ਸੀ। ਸਾਰੇ ਹੀ ਬੱਚੇ ਉਸ ਨੂੰ ਪਿਆਰ ਕਰਦੇ ਸਨ। ਉਹ ਉੱਚੀ ਲੰਮੀ ਸੀ ਪਰ ਸੁਹਣੀ ਨਹੀਂ ਸੀ ਤੇ ਹਮੇਸ਼ਾ ਗੂੜ੍ਹੇ ਰੰਗ ਦੀ ਫਰਾਕ ਪਾਉਂਦੀ ਸੀ। ਵੱਡੇ ਕਹਿੰਦੇ ਸਨ ਕਿ ਉਹ ਸੁਹਣੀ ਨਹੀਂ। ਬਾਲ ਡੈਡੀ ਨੂੰ ਉਹ ਬਹੁਤ ਸੁਹਣੀ ਲੱਗਦੀ ਸੀ। ਉਸ ਦਾ ਨਾਂ ਸੀ—ਅਫਾਨਾਸੀਆ ਨਿਕੀਫਰੋਵਨਾ। ਉਹ ਬਹੁਤ ਹਾਸਾ ਮਜ਼ਾਕ ਕਰਨ ਵਾਲੀ ਸੀ ਪਰ ਸਖ਼ਤ ਵੀ ਬੜੀ ਸੀ। ਪਰ ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਉਹ ਬੜੀ ਇਨਸਾਫਪਸੰਦ ਸੀ। ਸਾਰੇ ਬੱਚੇ ਜਾਣਦੇ ਸਨ ਕਿ ਜੇ ਅਫਾਨਾਸੀਆ ਨਿਕੀਫਰੋਵਨਾ ਉਹਨਾਂ ਨੂੰ ਗੁੱਸੇ ਹੋਵੇ ਤਾਂ ਅਸਲ

ਵਿਚ ਕਸੂਰ ਉਹਨਾਂ ਦਾ ਆਪਣਾ ਹੀ ਹੁੰਦਾ ਹੈ। ਉਹ ਬਿਨਾਂ ਕਿਸੇ ਵਜਾਹ ਦੇ ਕਦੇ ਉਹਨਾਂ ਨੂੰ ਗੁੱਸੇ ਨਹੀਂ ਸੀ ਹੁੰਦੀ। ਤੇ ਜਮਾਤ ਵਿਚ ਕਦੇ ਵੀ ਉਹਦਾ ਕੋਈ ਬਹੁਤਾ ਲਾਡਲਾ ਨਹੀਂ ਸੀ ਹੁੰਦਾ। ਉਹ ਸਾਰੇ ਹੀ ਬੱਚਿਆਂ ਨਾਲ ਇਕੋ ਜਿਹਾ ਪਿਆਰ ਕਰਦੀ ਸੀ। ਜੇ ਉਹ ਘਰ ਵਾਸਤੇ ਮਿਲਿਆ ਕੰਮ ਨਹੀਂ ਸੀ ਕਰਦੇ ਜਾਂ ਜਮਾਤ ਵਿਚ ਸ਼ੋਰ ਮਚਾਉਂਦੇ ਸਨ ਤਾਂ ਉਹ ਸਾਰਿਆਂ ਨੂੰ ਹੀ ਗੁੱਸੇ ਹੁੰਦੀ ਸੀ। ਸਾਰੇ ਬੱਚਿਆਂ ਨੂੰ ਪਤਾ ਸੀ ਕਿ ਅਫਾਨਾਸੀਆ ਨਿਕੀਫਰੋਵਨਾ ਨੂੰ ਇਸ ਸਕੂਲ ਵਿਚ ਪੜ੍ਹਾਉਂਦਿਆਂ ਵੀਹ ਸਾਲ ਹੋ ਗਏ ਸਨ। ਤੇ ਸਭ ਨੂੰ ਪਤਾ ਸੀ ਕਿ ਸ਼ੇਖ਼ੀਖੋਰ, ਗਪੌੜਸੰਖ ਜਾਂ ਲੀਚੜ ਬੱਚੇ ਉਸ ਨੂੰ ਬਿਲਕੁਲ ਚੰਗੇ ਨਹੀਂ ਲੱਗਦੇ।

ਅਫਾਨਾਸੀਆ ਨਿਕੀਫਰੋਵਨਾ ਕੋਲੋਂ ਪੜ੍ਹਨ ਦਾ ਹਮੇਸ਼ਾ ਹੀ ਬੜਾ ਸਵਾਦ ਆਉਂਦਾ ਸੀ। ਇਸੇ ਕਰਕੇ ਸਾਰੇ ਬੱਚੇ ਉਹਦੀ ਜਮਾਤ ਵਿਚ ਬਿਲਕੁਲ ਚੁੱਪ ਕਰ ਕੇ ਬੈਠੇ ਰਹਿੰਦੇ ਸਨ। ਇਕ ਦਿਨ ਕਿਸੇ ਨੇ ਬਾਲ ਡੈਡੀ ਦੀ ਪਿੱਠ ਵਿਚ ਸੂਈ ਚੋਭ ਦਿੱਤੀ। ਉਹਨੂੰ ਬੜੀ ਪੀੜ ਹੋਈ।

"ਊਈ!" ਉਸ ਦੀ ਚੀਕ ਨਿਕਲ ਗਈ।

ਉਸਤਾਨੀ ਨੇ ਪੁੱਛਿਆ:

"ਕੀ ਹੋਇਆ ਹੈ ਤੈਨੂੰ? ਚੀਕਿਆ ਕਿਉਂ ਹੈਂ?"

ਬਾਲ ਡੈਡੀ ਚੁੱਪ ਕੀਤਾ ਰਿਹਾ।

ਤੇ ਉਸਤਾਨੀ ਨੇ ਆਖਿਆ:

"ਬਾਹਰ ਹੋ ਜਾ ਜਮਾਤ ਵਿਚੋਂ।"

ਬਾਲ ਡੈਡੀ ਉਠਿਆ ਤੇ ਬੂਹੇ ਵੱਲ ਤੁਰ ਪਿਆ। ਇਹ ਵੇਖ ਕੇ ਦੋ ਕੁੜੀਆਂ ਚਿੱਲਾਈਆਂ:

"ਜ਼ਾਈਚੀਕੋਵ ਨੇ ਉਹਦੇ ਸੂਈ ਚੋਭ ਦਿੱਤੀ ਸੀ!"

ਤੇ ਫੇਰ ਅਫਾਨਾਸੀਆ ਨਿਕੀਫਰੋਵਨਾ ਨੇ ਆਖਿਆ:

"ਜਿਹੜਾ ਚੀਕਿਆ ਸੀ ਉਹ ਵੀ, ਜਿੱਨੇ ਸੂਈ ਚਭੋਈ ਉਹ ਵੀ ਤੇ ਜਿਨ੍ਹਾਂ ਨੇ ਚੁਗਲੀ ਕੀਤੀ ਹੈ ਉਹ ਵੀ ਬਾਹਰ ਨਿਕਲ ਜਾਣ। ਠੀਕ ਹੈ ਨਾ ਬਚਿਓ?"

ਤੇ ਸਾਰਿਆਂ ਨੇ ਉੱਚੀ ਆਵਾਜ਼ ਵਿਚ ਆਖਿਆ:

"ਠੀਕ ਹੈ।"

ਇਸ ਕਰਕੇ ਬਾਲ ਡੈਡੀ ਤੇ ਜ਼ਾਈਚੀਕੋਵ ਦੇ ਨਾਲ ਹੀ ਦੋਵੇਂ ਕੁੜੀਆਂ ਵੀ ਜਮਾਤ ਵਿਚੋਂ ਬਾਹਰ ਚਲੀਆਂ ਗਈਆਂ। ਬਾਲ ਡੈਡੀ ਰੋ ਰਿਹਾ ਸੀ। ਉਹ ਬੜਾ ਦੁਖੀ ਸੀ ਕਿਉਂਕਿ ਉਹਨੂੰ

ਸੂਈ ਚੋਭੀ ਗਈ ਸੀ ਤੇ ਨਾਲੇ ਉਸ ਨੂੰ ਜਮਾਤ ਵਿਚੋਂ ਕੱਢ ਦਿੱਤਾ ਗਿਆ ਸੀ। ਜ਼ਾਈਚੀਕੋਵ ਬਾਲ ਡੈਡੀ ਤੇ ਕੁੜੀਆਂ ਵੱਲ ਵੇਖ ਕੇ ਹੱਸੀ ਜਾਂਦਾ ਸੀ। ਪਰ ਉਹਦੀ ਸ਼ਕਲ ਦੱਸਦੀ ਸੀ ਕਿ ਉਹ ਅੰਦਰੋਂ ਖੁਸ਼ ਨਹੀਂ। ਕੁੜੀਆਂ ਨਾ ਹੱਸਦੀਆਂ ਸਨ ਨਾ ਰੋਂਦੀਆਂ। ਪਰ ਉਹਨਾਂ ਦਾ ਦਿਲ ਦੁੱਖੀ ਸੀ।

ਅਗਲੇ ਦਿਨ ਬਾਲ ਡੈਡੀ ਇਕ ਵੱਡਾ ਸਾਰਾ ਕਿੱਲ ਸਕੂਲ ਲੈ ਆਇਆ। ਤੇ ਜਿਸ ਵੇਲੇ ਉਸਤਾਨੀ ਨੇ ਜਮਾਤ ਵੱਲ ਪਿੱਠ ਕਰ ਕੇ ਕਾਲੇ ਤਖ਼ਤੇ ਉਤੇ ਕੁਝ ਲਿਖਣਾ ਸ਼ੁਰੂ ਕੀਤਾ ਤਾਂ ਬਾਲ ਡੈਡੀ ਨੇ ਜੇਬ ਵਿਚੋਂ ਕਿੱਲ ਕੱਢਿਆ ਤੇ ਜ਼ਾਈਚੀਕੋਵ ਦੇ ਹੱਥ ਵਿਚ ਚੋਭ ਦਿੱਤਾ। ਜ਼ਾਈਚੀਕੋਵ ਨੇ ਏਡੇ ਜ਼ੋਰ ਨਾਲ ਚਾਂਗਰ ਮਾਰੀ ਕਿ ਬਾਲ ਡੈਡੀ ਦਾ ਤ੍ਰਾਹ ਨਿਕਲ ਗਿਆ। ਅਫਾਨਾਸੀਆ ਨਿਕੀਫਰੋਵਨਾ ਨੂੰ ਬਹੁਤ ਗੁੱਸਾ ਚੜ੍ਹਿਆ।

"ਫੇਰ ਜ਼ਾਈਚੀਕੋਵ ?" ਉਹਨੇ ਆਖਿਆ।

"ਮੈਂ ਨਹੀਂ... ਏਹਨੇ... ਮੈਨੂੰ..." ਜ਼ਾਈਚੀਕੋਵ ਨੇ ਰਊਂ ਰਊਂ ਕਰਦਿਆਂ ਆਪਣਾ ਹੱਥ ਉਹਦੇ ਵੱਲ ਕਰ ਕੇ ਵਿਖਾਇਆ।

"ਕੱਲ੍ਹ ਤੂੰ ਕਿਸੇ ਨੂੰ ਸੂਈ ਚਭੋਈ, ਅਜ ਤੇਰੇ ਕਿਸੇ ਨੇ ਕਿੱਲ ਚਭੋ ਦਿੱਤਾ। ਬਹੁਤ ਖੂਬ। ਕਿਸ ਨੇ ਚਭੋਇਆ ਹੈ ਕਿੱਲ ?"

ਸਾਰਿਆਂ ਨੇ ਬਾਲ ਡੈਡੀ ਵੱਲ ਵੇਖਿਆ ਪਰ ਬੋਲਿਆ ਕੋਈ ਨਹੀਂ। ਕੋਈ ਚੁਗ਼ਲਖ਼ੋਰ ਨਹੀਂ ਸੀ ਬਣਨਾ ਚਾਹੁੰਦਾ। ਜ਼ਾਈਚੀਕੋਵ ਵੀ ਕੁਝ ਨਹੀਂ ਬੋਲਿਆ। ਉਹ ਬੱਸ ਸੂੰ ਸੂੰ ਹੀ ਕਰਦਾ ਰਿਹਾ।

"ਕਿਸ ਦਾ ਕੰਮ ਹੈ ਇਹ ?" ਅਫਾਨਾਸੀਆ ਨਿਕੀਫਰੋਵਨਾ ਨੇ ਕੜਕਵੀਂ ਆਵਾਜ਼ ਵਿਚ ਆਖਿਆ। ਬਾਲ ਡੈਡੀ ਏਨਾ ਡਰਿਆ ਕਿ ਅਚਾਨਕ ਉਹਦੇ ਮੂੰਹ ਵਿਚੋਂ ਨਿਕਲ ਗਿਆ :

"ਮੈਂ ਨਹੀਂ ਚੋਭਿਆ।"

ਫੇਰ ਉਸਤਾਨੀ ਨੇ ਪੁੱਛਿਆ :

"ਕੀ ਨਹੀਂ ਚੋਭਿਆ ਤੂੰ ?"

ਬਾਲ ਡੈਡੀ ਨੇ ਝੱਟ ਜਵਾਬ ਦਿੱਤਾ :

"ਇਹ ਕਿੱਲ।"

ਸਾਰੀ ਜਮਾਤ ਠਹਾਕੇ ਮਾਰ ਕੇ ਹੱਸ ਪਈ। ਬੱਚੇ ਏਡੇ ਜ਼ੋਰ ਨਾਲ ਹੱਸੇ ਕਿ ਨਾਲ ਵਾਲੀ ਜਮਾਤ ਵਿਚੋਂ ਮਾਸਟਰ ਬਾਹਰ ਆ ਗਿਆ। ਉਸ ਨੇ ਪੁੱਛਿਆ :

"ਅਫਾਨਾਸੀਆ ਨਿਕੀਫਰੋਵਨਾ, ਏਡੀ ਖੁਸ਼ੀ ਵਾਲੀ ਕਿਹੜੀ ਗੱਲ ਹੋਈ ?"

"ਖੁਸ਼ੀ ਦੀ ਗੱਲ ਇਹ ਹੋਈ," ਉਸ ਨੇ ਜਵਾਬ ਦਿੱਤਾ, "ਕਿ ਇਕ ਬੱਚੇ ਨੇ ਦੂਜੇ ਨੂੰ ਇਹ ਕਿੱਲ ਨਹੀਂ ਚੋਭਿਆ, ਤੇ ਦੂਜਾ ਰੋਇਆ ਨਹੀਂ ਤੇ ਕਿਸੇ ਨੇ ਵੀ ਚੁਗਲੀ ਨਹੀਂ ਕੀਤੀ। ਤੇ ਕਿਸੇ ਨੇ ਵੀ ਆਪਣੀ ਪੁਰਾਣੀ ਉਸਤਾਨੀ ਨਾਲ ਛਲ ਨਹੀਂ ਕੀਤਾ।"

ਇਹ ਸੁਣ ਕੇ ਬੱਚਿਆਂ ਨੂੰ ਬੜੀ ਸ਼ਰਮ ਆਈ ਤੇ ਸਾਰਿਆਂ ਨੇ ਗੁੱਸੇ ਭਰੀਆਂ ਨਜ਼ਰਾਂ ਨਾਲ ਬਾਲ ਡੈਡੀ ਵੱਲ ਵੇਖਿਆ। ਉਸ ਨੇ ਖੜੇ ਹੋ ਕੇ ਆਖਿਆ :

"ਕੱਲ੍ਹ ਇਸ ਨੇ ਸੂਈ ਚਭੋਈ ਤੇ ਮੇਰੀ ਚੀਕ ਨਿਕਲ ਗਈ। ਤੇ ਅੱਜ ਮੈਂ ਕਿੱਲ ਚਭੋ ਦਿੱਤਾ ਤੇ ਇਹ ਚੀਕ ਪਿਆ। ਤੇ ਮੈਂ ਪਹਿਲਾਂ ਝੂਠ ਬੋਲਿਆ ਸੀ।"

ਫੇਰ ਡੈਡੀ ਨੇ ਥੋੜਾ ਚੁਪ ਰਹਿ ਕੇ ਆਖਿਆ :

"ਮੁੜਕੇ ਨਹੀਂ ਕਦੇ ਇਸ ਤਰ੍ਹਾਂ ਕਰਦਾ, ਅਫਾਨਾਸੀਆ ਨਿਕੀਫਰੋਵਨਾ।"

"ਮੈਂ ਵੀ ਨਹੀਂ ਕਰਦਾ," ਜ਼ਾਈਚੀਕੋਵ ਨੇ ਆਖਿਆ ਪਰ ਉਹਨੇ ਬਾਲ ਡੈਡੀ ਨੂੰ ਘਸੁੰਨ ਵਿਖਾਇਆ ਤੇ ਉਹਦੇ ਉਤੇ ਕਿਸੇ ਨੂੰ ਇਤਬਾਰ ਨਾ ਆਇਆ।

ਅਫਾਨਾਸੀਆ ਨਿਕੀਫਰੋਵਨਾ ਨੇ ਆਖਿਆ।

"ਝੂਠ—ਇਹਦੀ ਵਰਗੀ ਬੁਰੀ ਗੱਲ ਹੋਰ ਕੋਈ ਨਹੀਂ।"

ਤੇ ਬਾਲ ਡੈਡੀ ਨੇ ਫੇਰ ਕਦੇ ਝੂਠ ਨਹੀਂ ਸੀ ਬੋਲਿਆ।

ਤਕਰੀਬਨ ਕਦੇ ਨਹੀਂ।

ਡੈਡੀ ਨੇ ਟਰਾਮ ਕਿਵੇਂ ਰੋਕੀ



ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਵਿਚ ਪੜ੍ਹਦਾ ਸੀ, ਇਕ ਮੁੰਡੇ ਨਾਲ ਉਹਦੀ ਦੋਸਤੀ ਹੁੰਦੀ ਸੀ। ਇਸ ਮੁੰਡੇ ਦਾ ਨਾਂ ਸੀ ਮੀਸ਼ਾ ਗੋਰਬੂਨੋਵ। ਪਰ ਜਮਾਤ ਦੇ ਸਾਰੇ ਬੱਚੇ, ਉਸਤਾਨੀ ਤੋਂ ਸਿਵਾਏ, ਉਸ ਨੂੰ ਇਸ ਨਾਂ ਨਾਲ ਨਹੀਂ ਸੀ ਬੁਲਾਉਂਦੇ। ਬੱਚੇ ਉਸ ਨੂੰ ਸਿਰਫ ਗੋਰਬੂਸ਼ਕਾ ਆਖ ਕੇ ਬੁਲਾਉਂਦੇ ਸਨ।

ਗੋਰਬੂਸ਼ਕਾ ਬੜਾ ਹੀ ਸ਼ਰਾਰਤੀ ਮੁੰਡਾ ਹੁੰਦਾ ਸੀ। ਅੱਧੀ ਛੁੱਟੀ ਵੇਲੇ ਹਮੇਸ਼ਾ ਉਹਦੇ ਦੁਆਲੇ

ਭੀੜ ਲੱਗੀ ਰਹਿੰਦੀ ਸੀ। ਹਰ ਕੋਈ ਬੜੀ ਦਿਲਚਸਪੀ ਨਾਲ ਸੁਣਦਾ ਕਿ ਗੋਰਬੂਸ਼ਕਾ ਮਿਆਊਂ ਮਿਆਊਂ ਕਿਵੇਂ ਕਰਦਾ ਹੈ, ਭੌਂਕਦਾ ਕਿਵੇਂ ਹੈ, ਮੱਖੀ ਵਾਂਗ ਭੀਂ ਭੀਂ ਕਿਵੇਂ ਕਰਦਾ ਹੈ ਜਾਂ ਸੂਰ ਦੇ ਬੱਚੇ ਵਾਂਗ ਘੀਂ ਘੀਂ ਕਿਵੇਂ ਕਰਦਾ ਹੈ। ਕੁੱਕੜ ਦੀ ਆਵਾਜ਼ ਤਾਂ ਉਹ ਖਾਸ ਕਰਕੇ ਬਹੁਤ ਵਧੀਆ ਕਢਦਾ ਸੀ। ਸੱਚਮੁਚ ਹੀ ਬੜਾ ਰੰਗ ਬੱਝਦਾ ਸੀ। ਪਹਿਲਾਂ ਉਹ ਇਹ ਨਕਲ ਲਾ ਕੇ ਦੱਸਦਾ ਕਿ ਚੂਚਾ ਪਹਿਲਾਂ ਪਹਿਲਾਂ ਬਾਂਗ ਦੇਣ ਦੀ ਕਿਵੇਂ ਕੋਸ਼ਿਸ਼ ਕਰਦਾ ਹੈ। "ਕੁੱਕ" ਤਾਂ ਉਹ ਬੜੀ ਚੰਗੀ ਤਰ੍ਹਾਂ ਬੋਲਦਾ ਪਰ "ੜੂ ਘੜੂੰ" ਨਾ ਬੋਲਦਾ। ਪਰ ਫੇਰ ਚੂਚਾ ਉੱਡ ਕੇ ਜੰਗਲੇ ਉਤੇ ਜਾਂ ਬਹਿੰਦਾ ਤੇ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਬੜੀ ਸ਼ਾਨ ਨਾਲ ਬਾਂਗ ਦੇਂਦਾ ਤੇ ਜ਼ੋਰ ਜ਼ੋਰ ਨਾਲ ਆਪਣੇ ਖੰਭ ਫੜਫੜਾਉਂਦਾ। ਫੇਰ ਗੋਰਬੂਸ਼ਕਾ ਪੈਂਟ ਵਿਚੋਂ ਆਪਣੀ ਕਮੀਜ਼ ਬਾਹਰ ਕੱਢ ਲੈਂਦਾ ਤੇ ਆਪਣੇ ਨੰਗੇ ਢਿੱਡ ਉਤੇ ਹੱਥ ਮਾਰਦਾ। ਇਸ ਨਾਲ ਐਸੀ ਆਵਾਜ਼ ਆਉਂਦੀ ਜਿਵੇਂ ਚੂਚਾ ਖੰਭ ਫੜਫੜਾਉਂਦਾ ਹੋਵੇ। ਅੱਧੀ ਛੁੱਟੀ ਦਾ ਵਕਤ ਭਾਵੇਂ ਕਿੰਨਾ ਵੀ ਹੁੰਦਾ, ਗੋਰਬੂਸ਼ਕਾ ਨੂੰ ਆਪਣੇ ਕਰਤਬ ਵਿਖਾਉਣ ਲਈ ਥੋੜਾ ਹੁੰਦਾ ਸੀ। ਇਸ ਕਰਕੇ ਕਈ ਵਾਰੀ ਜਮਾਤ ਵਿਚ ਸਬਕ ਪੜ੍ਹਦਿਆਂ ਹੀ ਬਲੂੰਗੜਾ ਮਿਆਊਂ ਮਿਆਊਂ ਕਰਨ ਲੱਗ ਪੈਂਦਾ ਜਾਂ ਕੋਈ ਸੂਰ ਦਾ ਬੱਚਾ ਘੀਂ ਘੀਂ ਕਰਨ ਲੱਗ ਜਾਂਦਾ।

"ਮੀਸ਼ਾ ਗੋਰਬੂਨੋਵ!" ਉਸਤਾਨੀ ਕਹਿੰਦੀ। "ਮਿਆਊਂ ਮਿਆਊਂ ਤੇ ਘੀਂ ਘੀਂ ਕਰਨਾ ਬੰਦ ਕਰ! ਹੁਣ ਕੁੜ ਕੁੜ ਦੀ ਆਵਾਜ਼ ਨਾ ਆਵੇ, ਮੀਸ਼ਾ! ਮੈਂ ਤੈਨੂੰ ਆਖਿਆ ਏ, ਭੌਂਕਣਾ ਬੰਦ ਕਰ! ਕਿੰਨਾ ਕੁ ਚਿਰ ਘੁਰ ਘੁਰ ਕਰਦਾ ਰਹੇਂਗਾ? ਵੇਖ, ਜੇ ਹੁਣ ਭੀਂ ਭੀਂ ਕੀਤਾ ਤਾਂ ਮੈਂ ਜਮਾਤ ਵਿਚੋਂ ਬਾਹਰ ਕੱਢ ਦੇਵਾਂਗੀ।"

ਪਰ ਮੀਸ਼ੇ ਨੂੰ ਜਮਾਤ ਵਿਚੋਂ ਘਟ ਵਧ ਹੀ ਕੱਢਿਆ ਜਾਂਦਾ ਸੀ। ਉਸਤਾਨੀ ਉਸ ਨੂੰ ਪਿਆਰ ਕਰਦੀ ਸੀ ਤੇ ਅਕਸਰ ਉਹਦੀਆਂ ਸ਼ਰਾਰਤਾਂ ਉਤੇ ਹੱਸ ਛੱਡਦੀ ਸੀ। ਖੁਦ ਸਕੂਲ ਦੇ ਹੈਡਮਾਸਟਰ ਦਾ ਵੀ ਸਾਰਿਆਂ ਦੇ ਸਾਮ੍ਹਣੇ ਉੱਚੀ ਉੱਚੀ ਹਾਸਾ ਨਿਕਲ ਜਾਂਦਾ। ਇਕ ਵਾਰੀ ਜਦੋਂ ਉਸ ਨੇ ਮੀਸ਼ੇ ਨੂੰ ਆਪਣੇ ਦਫਤਰ ਵਿਚ ਸੱਦਿਆ ਤੇ ਉਹਦੀ ਸ਼ਰਾਰਤਬਾਜ਼ੀ ਉਤੇ ਲੰਮਾ ਸਾਰਾ ਲੈਕਚਰ ਦੇ ਮਾਰਿਆ ਤਾਂ ਇਸ ਤਰ੍ਹਾਂ ਹੀ ਹੋਇਆ ਸੀ। ਅਖੀਰ ਵਿਚ ਉਸ ਨੇ ਆਖਿਆ: "ਜਾ ਚਲਾ ਜਾ, ਤੇ ਫੇਰ ਕਦੇ ਇਸ ਕਮਰੇ ਵਿਚ ਪੈਰ ਨਾ ਰੱਖੀਂ।"

ਇਹ ਸੁਣ ਕੇ ਗੋਰਬੂਸ਼ਕਾ ਹੱਥਾਂ ਦੇ ਭਾਰ ਖੜਾ ਹੋ ਗਿਆ ਤੇ ਹੱਥਾਂ ਨਾਲ ਤੁਰ ਕੇ ਕਮਰੇ ਵਿਚੋਂ ਬਾਹਰ ਆ ਗਿਆ। ਇਹ ਠੀਕ ਹੈ, ਕਿ ਉਸ ਤੋਂ ਮਗਰੋਂ ਹੈਡਮਾਸਟਰ ਨੇ ਉਸ ਦੇ ਮਾਪਿਆਂ ਨੂੰ ਬੁਲਾਇਆ, ਪਰ ਸਾਰਿਆਂ ਨੇ ਵੇਖਿਆ ਕਿ ਉਹ ਹੱਸੀ ਜਾ ਰਿਹਾ ਸੀ।

ਇਕ ਦਿਨ ਸਕੂਲ ਬੰਦ ਹੋਣ ਮਗਰੋਂ ਮੀਸ਼ਕਾ ਗੋਰਬੂਨੋਵ ਨੇ ਆਖਿਆ:

"ਮੁੰਡਿਓ, ਮੈਂ ਤੁਹਾਨੂੰ ਟਰਾਮ ਰੋਕ ਕੇ ਵਿਖਾਵਾਂ?"

ਕੁਦਰਤੀ ਹੀ ਸਾਰਿਆਂ ਨੇ ਰੌਲਾ ਪਾ ਦਿੱਤਾ: "ਵਿਖਾ।"

"ਆਓ ਚਲੀਏ!" ਗੋਰਬੂਸ਼ਕਾ ਨੇ ਆਖਿਆ।

ਸਾਰੇ ਮੁੰਡੇ ਉਹਦੇ ਮਗਰ ਤੁਰ ਪਏ। ਟਰਾਮ ਦੀ ਪਟੜੀ ਸਕੂਲ ਦੇ ਨੇੜੇ ਹੀ ਸੀ।

"ਤੁਸੀਂ ਸਾਰੇ ਏਥੇ ਖਲੋ ਜਾਓ ਤੇ ਵੇਖੀ ਜਾਓ," ਗੋਰਬੂਸ਼ਕਾ ਨੇ ਆਖਿਆ।

ਜਦੋਂ ਟਰਾਮ ਦੂਰੋਂ ਵਿਖਾਈ ਦਿੱਤੀ ਤਾਂ ਗੋਰਬੂਸ਼ਕਾ ਟਰਾਮ ਦੀ ਪਟੜੀ ਉਤੇ ਲੰਮਾ ਪੈ ਗਿਆ ਤੇ ਬਾਹਵਾਂ ਨਾਲ ਆਪਣਾ ਸਿਰ ਕੱਜ ਲਿਆ। ਟਰਾਮ ਬੜੀ ਤੇਜ਼ ਰਫਤਾਰ ਨਾਲ ਅੱਗੇ ਵਧਦੀ ਆਉਂਦੀ ਸੀ। ਜਦੋਂ ਚਾਲਕ ਨੇ ਵੇਖਿਆ ਕਿ ਇਕ ਮੁੰਡਾ ਪਟੜੀ ਉਤੇ ਲੰਮਾ ਪਿਆ ਹੋਇਆ ਹੈ ਤਾਂ ਉਸ ਨੇ ਜ਼ੋਰ ਨਾਲ ਘੰਟੀ ਖੜਕਾਈ। ਗੋਰਬੂਸ਼ਕਾ ਆਪਣੀ ਥਾਂ ਤੋਂ ਨਹੀਂ ਹਿਲਿਆ। ਟਰਾਮ ਪਲੋ ਪਲ ਨੇੜੇ ਆਉਂਦੀ ਜਾ ਰਹੀ ਸੀ ਤੇ ਘੰਟੀ ਹੋਰ ਵੀ ਉੱਚੀ ਉੱਚੀ ਵੱਜ ਰਹੀ ਸੀ। ਮੁੰਡੇ ਤਾਂ ਜਿਵੇਂ ਥਾਂ 'ਤੇ ਹੀ ਗੱਡੇ ਗਏ ਸਨ। ਜਦੋਂ ਟਰਾਮ ਬਹੁਤ ਨੇੜੇ ਆ ਗਈ ਤਾਂ ਰੁਕ ਗਈ। ਏਧਰ ਘੰਟੀ ਵਜਣੀ ਬੰਦ ਹੋਈ ਤੇ ਓਧਰ ਗੋਰਬੂਸ਼ਕਾ ਭੁੜਕ ਖੜਾ ਹੋਇਆ ਤੇ ਦੁੜੰਗੇ ਮਾਰਦਾ ਇਕ ਛੋਟੀ ਜਿਹੀ ਗਲੀ ਵਿਚ ਜਾ ਵੜਿਆ। ਚਾਲਕ ਸਿਰਫ ਮੁਕੀਆਂ ਵੱਟ ਕੇ ਵਿਖਾਉਂਦਾ ਹੀ ਰਹਿ ਗਿਆ। ਟਰਾਮ ਅਗੇ ਚਲੀ ਗਈ। ਸਾਰੇ ਮੁੰਡਿਆਂ ਨੇ ਗੋਰਬੂਸ਼ਕਾ ਨੂੰ ਆ ਘੇਰਾ ਪਾਇਆ। "ਤੈਨੂੰ ਡਰ ਨਾ ਲੱਗਾ?" ਉਹਨਾਂ ਨੇ ਪੁਛਿਆ।

"ਡਰ ਕਿਹੜੀ ਗੱਲ ਦਾ?" ਗੋਰਬੂਸ਼ਕਾ ਨੇ ਆਖਿਆ।

"ਪਰ ਜੇ ਉਹ ਨਾ ਰੋਕਦਾ?"

"ਸਜ਼ਾ ਪਾਉਂਦਾ।"

"ਤੇ ਜੇ ਤੈਨੂੰ ਫੜ ਲੈਂਦਾ?"

"ਟਰਾਮ ਛੱਡ ਕੇ ਜਾ ਨਹੀਂ ਸਕਦਾ।"

ਸਪਸ਼ਟ ਸੀ ਕਿ ਗੋਰਬੂਸ਼ਕਾ ਨੇ ਸਭ ਕੁਝ ਪਹਿਲਾਂ ਹੀ ਸੋਚਿਆ ਹੋਇਆ ਸੀ।

ਅਗਲੇ ਦਿਨ ਕੋਲਿਆ ਸਤੇਪਾਨੋਵ ਨੇ ਟਰਾਮ ਰੋਕੀ। ਉਸ ਤੋਂ ਅਗਲੇ ਦਿਨ ਕੋਸਤਿਆ ਫੇਦੋਤੋਵ ਨੇ। ਇਸ ਤੋਂ ਬਾਦ ਸਿਕੋਰਸਕੀ ਭਰਾਵਾਂ ਨੇ। ਇਸ ਤੋਂ ਬਾਦ ਕੋਈ ਇਹ ਸਭ ਕੁਝ ਵੇਖਣ ਲਈ ਕੁੜੀਆਂ ਨੂੰ ਸੱਦ ਲਿਆਇਆ। ਬਸ ਹੁਣ ਬਾਲ ਡੈਡੀ ਦੀ ਸ਼ਾਮਤ ਆ ਗਈ ਸੀ। ਉਹ ਦਿਨ ਆ ਗਿਆ ਜਦੋਂ ਸਾਰੇ ਮੁੰਡਿਆਂ ਨੇ, ਸਿਵਾਏ ਉਸ ਦੇ, ਟਰਾਮ ਰੋਕ ਲਈ ਹੋਈ ਸੀ। ਤੇ ਸਾਰੀਆਂ ਕੁੜੀਆਂ ਨੂੰ ਇਸ ਗੱਲ ਦਾ ਪਤਾ ਸੀ। ਛੁਟਕਾਰਾ ਅਸੰਭਵ ਸੀ। ਜਦੋਂ ਸਾਰੇ ਸਕੂਲ ਵਿਚ ਇਹ ਗੱਲ ਫੈਲ ਗਈ ਕਿ ਬਾਲ ਡੈਡੀ ਪਟੜੀ ਉਤੇ ਲੰਮਾ ਪੈ ਕੇ ਟਰਾਮ

ਰੋਕੇਗਾ ਤਾਂ ਦੂਜੀਆਂ ਜਮਾਤਾਂ ਦੀਆਂ ਕੁੜੀਆਂ ਵੀ ਵੇਖਣ ਆ ਗਈਆਂ। ਆਖਰ ਬਾਲ ਡੈਡੀ ਬੜਾ ਸ਼ਾਂਤ ਸੁਭਾ ਵਾਲਾ ਮੁੰਡਾ ਸੀ। ਸਭ ਦੀ ਇਹ ਵੇਖਣ ਵਿਚ ਦਿਲਚਸਪੀ ਸੀ ਕਿ ਉਹ ਟਰਾਮ ਕਿਵੇਂ ਰੋਕਦਾ ਹੈ। ਭੀੜ ਏਨੀ ਬਹੁਤੀ ਸੀ ਕਿ ਚਾਲਕ ਨੇ ਬਹੁਤ ਦੂਰੋਂ ਹੀ ਵੇਖ ਲਈ। ਜਿਸ ਵੇਲੇ ਬਾਲ ਡੈਡੀ ਪਟੜੀ ਉਤੇ ਲੰਮਾ ਪਿਆ ਹੋਇਆ ਸੀ, ਅੱਖਾਂ ਘੁੱਟ ਕੇ ਬੰਦ ਕੀਤੀਆਂ ਹੋਈਆਂ ਸਨ ਅਤੇ ਕੰਨਾਂ ਅੱਗੇ ਹੱਥ ਰੱਖੇ ਹੋਏ ਸਨ, ਚਾਲਕ ਨੇ ਆਰਾਮ ਨਾਲ ਟਰਾਮ ਰੋਕੀ, ਛਾਲ ਮਾਰ ਕੇ ਹੇਠਾਂ ਉਤਰਿਆ ਤੇ ਭੱਜ ਕੇ ਉਹਨੂੰ ਆ ਫੜਿਆ।

ਬਾਲ ਡੈਡੀ ਨੂੰ ਇਉਂ ਲੱਗਾ ਜਿਵੇਂ ਟਰਾਮ ਖੜੀ ਨਹੀਂ ਹੋਈ ਤੇ ਉਹਦੇ ਉਤੋਂ ਦੀ ਲੰਘ ਗਈ ਹੈ। ਉਸ ਨੂੰ ਇਹ ਸਮਝ ਹੀ ਨਹੀਂ ਆਈ ਕਿ ਚਾਲਕ ਉਸ ਨੂੰ ਝੰਜੋੜ ਰਿਹਾ ਸੀ ਤੇ ਚਿੱਲਾ ਕੇ ਆਖ ਰਿਹਾ ਸੀ: "ਕਿਉਂ, ਆਖਰ ਕਾਬੂ ਆ ਗਿਆ ਨਾ?"

ਸਭ ਬੱਚੇ ਡਰ ਕੇ ਤਿੱਤਰ ਬਿੱਤਰ ਹੋ ਗਏ। ਸਿਰਫ ਮੀਸ਼ਾ ਗੋਰਬੂਨੋਵ ਹੀ ਨਾਲ ਵਾਲੀ ਗਲੀ ਵਿਚੋਂ ਚਿੱਲਾਇਆ: "ਤੁਹਾਨੂੰ ਕੋਈ ਹੱਕ ਨਹੀਂ!"

ਪਰ ਕਿਸੇ ਨੇ ਉਹਦੀ ਗੱਲ ਨਾ ਸੁਣੀ।

ਬਾਲ ਡੈਡੀ ਨੂੰ ਮਿਲੀਸ਼ੀਆ-ਘਰ ਲਿਆਂਦਾ ਗਿਆ। ਉਹਨਾਂ ਨੇ ਉਸ ਦਾ ਪਤਾ ਲਿਖ ਲਿਆ। ਫੇਰ ਦਾਦੀ, ਦਾਦੇ ਤੇ ਹੈਡਮਾਸਟਰ ਨੂੰ ਮਿਲੀਸ਼ੀਆ-ਘਰ ਬੁਲਾਇਆ ਗਿਆ। ਇਸ ਪਿਛੋਂ ਬਾਲ ਡੈਡੀ ਨੂੰ ਘਰ ਵੀ ਸਜ਼ਾ ਦਿੱਤੀ ਗਈ ਤੇ ਸਕੂਲ ਵਿਚ ਵੀ ਸ਼ਰਮਿੰਦਾ ਕੀਤਾ ਗਿਆ। ਸਕੂਲ ਦੇ ਅਖਬਾਰ ਵਿਚ ਉਹਦੇ ਬਾਰੇ ਇਕ ਲੇਖ ਛਪਿਆ। ਹੈਡਮਾਸਟਰ ਤੇ ਦਾਦੇ ਤੇ ਦਾਦੀ ਦਾ ਖਿਆਲ ਸੀ ਕਿ ਸਿਰਫ ਬਾਲ ਡੈਡੀ ਹੀ ਰੋਜ਼ ਟਰਾਮ ਦੀ ਪਟੜੀ ਉਤੇ ਲੰਮਾ ਪੈ ਕੇ ਟਰਾਮ ਰੋਕਦਾ ਰਿਹਾ ਹੈ। ਬਾਲ ਡੈਡੀ ਇਹ ਦੱਸਣ ਲਈ ਤੜਫ ਰਿਹਾ ਸੀ ਕਿ ਗੋਰਬੂਸ਼ਕਾ, ਕੋਲਿਆ ਸਤੇਪਾਨੋਵ ਤੇ ਕੋਸਤਿਆ ਫੇਦੋਤੋਵ ਤੇ ਸਿਕੋਰਸਕੀ ਭਰਾਵਾਂ, ਸਭ ਨੇ ਟਰਾਮ ਰੋਕੀ ਸੀ। ਪਰ ਉਸ ਨੇ ਇਹ ਸਭ ਕੁਝ ਨਾ ਦੱਸਿਆ।

ਮੁਦਤਾਂ ਤੱਕ ਬਾਲ ਡੈਡੀ ਨੂੰ ਇਹ ਕਿੱਸਾ ਯਾਦ ਰਿਹਾ। ਸਭ ਤੋਂ ਭੈੜੀ ਗੱਲ ਇਹ ਸੀ ਕਿ ਮੁੰਡੇ ਕੁੜੀਆਂ ਉਸ ਦਾ ਮਜ਼ਾਕ ਉਡਾਉਂਦੇ ਸਨ। ਆਖਰ ਓਹੋ ਇਕ ਬੱਚਾ ਸੀ ਜਿਹੜਾ ਫੜਿਆ ਗਿਆ। ਉਹਦੇ ਮਿੱਤਰ ਗੋਰਬੂਸ਼ਕਾ ਨੇ ਵੀ ਆਖਿਆ ਸੀ:

"ਜਿਹੜਾ ਕੰਮ ਨਾ ਕਰਨਾ ਆਉਂਦਾ ਹੋਵੇ, ਉਹਦੇ ਵਿਚ ਟੰਗਾਂ ਨਹੀਂ ਅੜਾਈ ਦੀਆਂ।"

ਉਸ ਤੋਂ ਮਗਰੋਂ ਪਟੜੀ ਉਤੇ ਕੋਈ ਵੀ ਲੰਮਾ ਨਹੀਂ ਪਿਆ। ਹੁਣ ਡੈਡੀ ਖੁਸ਼ ਹੈ ਕਿ ਉਹ ਉਸ ਵੇਲੇ ਕਾਬੂ ਆ ਗਿਆ ਕਿਉਂਕਿ ਕੋਈ ਵੀ ਕਦੇ ਟਰਾਮ ਹੇਠਾਂ ਨਹੀਂ ਆਇਆ। ਤੇ ਇਹ ਸਚਮੁਚ ਹੀ ਇਕ ਚਮਤਕਾਰ ਸੀ।

ਡੈਡੀ ਨੇ ਸੱਪ ਕਿਵੇਂ ਮਾਰਿਆ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ। ਉਸ ਨੇ ਅਚਾਨਕ ਇਕ ਸੱਪ ਮਾਰ ਦਿੱਤਾ। ਗੱਲ ਇਸ ਤਰ੍ਹਾਂ ਹੋਈ ਸੀ। ਇਕ ਦਿਨ ਉਸਤਾਨੀ ਨੇ ਸਕੂਲ ਵਿਚ ਛੁੱਟੀ ਹੋਣ ਵੇਲੇ ਆਖਿਆ :

"ਬੱਚਿਓ ! ਭਲਕੇ ਅਸੀਂ ਜੰਗਲ ਵਿਚ ਜਾਵਾਂਗੇ। ਵੇਖੋ ਤਾਂ ਸਹੀ, ਕੇਡਾ ਸੁਹਣਾ ਬਹਾਰ ਦਾ ਮੌਸਮ ਹੈ। ਅਸੀਂ ਜੰਗਲ ਵਿਚ ਸੈਰ ਕਰਾਂਗੇ, ਹਰਾ ਹਰਾ ਘਾਹ ਵੇਖਾਂਗੇ ਤੇ ਧੁੱਪੇ ਖੇਡਾਂਗੇ। ਕੌਣ ਕੌਣ 'ਹੱਕ' ਵਿਚ ?" ਸਭ ਬੱਚਿਆਂ ਨੇ ਹੱਥ ਖੜੇ ਕਰ ਦਿੱਤੇ। ਬਾਲ ਡੈਡੀ ਨੇ ਵੀ ਹੱਥ ਖੜਾ ਕਰ ਦਿੱਤਾ।

ਉਸਤਾਨੀ ਮੁਸਕ੍ਰਾ ਪਈ ਤੇ ਉਹਨੇ ਪੁੱਛਿਆ :

"ਤੇ ਕੌਣ 'ਖਿਲਾਫ'?"

ਤੇ ਸਾਰਿਆਂ ਨੇ ਇਕ ਵਾਰੀ ਫੇਰ ਹੱਥ ਖੜੇ ਕਰ ਦਿੱਤੇ। ਬਾਲ ਡੈਡੀ ਨੇ·ਵੀ ਹੱਥ ਖੜ੍ਹਾ ਕਰ ਦਿੱਤਾ।

"ਇਹ ਕੀ ਮਤਲਬ ਹੋਇਆ?" ਉਸਤਾਨੀ ਨੇ ਪੁੱਛਿਆ। ਉਸ ਨੂੰ ਬੜੀ ਹੈਰਾਨੀ ਹੋਈ ਸੀ। "ਤੁਸੀਂ ਜੰਗਲ ਦੀ ਸੈਰ ਨੂੰ ਜਾਣਾ ਚਾਹੁੰਦੇ ਹੋ ਜਾਂ ਨਹੀਂ ਚਾਹੁੰਦੇ?"

"ਚਾਹੁੰਦੇ ਹਾਂ! ਚਾਹੁੰਦੇ ਹਾਂ!" ਸਾਰਿਆਂ ਨੇ ਰੌਲਾ ਪਾ ਦਿੱਤਾ।

"ਫੇਰ ਤੁਸੀਂ 'ਖਿਲਾਫ' ਵੋਟ ਕਿਉਂ ਦਿੱਤੇ?"

ਕੋਈ ਵੀ ਇਸ ਦਾ ਜਵਾਬ ਨਾ ਦੇ ਸਕਿਆ। ਸਿਰਫ ਇਕ ਕੁੜੀ ਨੇ ਹੌਲੀ ਜਿਹੀ ਆਖਿਆ :

"ਸਾਨੂੰ ਵੋਟ ਦੇਣ ਦਾ ਬਹੁਤ ਸ਼ੌਂਕ ਏ..."

ਇਹ ਸੁਣ ਕੇ ਸਾਰੇ ਹੱਸ ਪਏ। ਉਸਤਾਨੀ ਵੀ ਹੱਸ ਪਈ। ਉਸ ਨੇ ਆਖਿਆ :

"ਦਿਸਦਾ ਏ ਪਿਆ ਕਿ ਤੁਸੀਂ ਸਭ ਮੂਰਖ ਬੱਚੇ ਹੋ। ਹੁਣ ਆਪਣੇ ਨਾਲ ਆਪਣਾ ਨਾਸ਼ਤਾ ਲਿਆਉਣਾ ਨਾ ਭੁਲਿਓ। ਜੰਗਲ ਵਿਚ ਕੋਈ ਢਾਬਾ ਵਗੈਰਾ ਨਹੀਂ। ਜਾਓ ਹੁਣ ਘਰਾਂ ਨੂੰ।"

ਸਾਰੇ ਬੱਚੇ ਖੜੇ ਹੋ ਗਏ।

ਅਚਾਨਕ ਬਾਲ ਡੈਡੀ ਨੇ ਇਕ ਵਾਰੀ ਫੇਰ ਹੱਥ ਖੜ੍ਹਾ ਕਰ ਦਿੱਤਾ।

"ਹੁਣ ਕੀ ਗੱਲ?" ਉਸਤਾਨੀ ਨੇ ਪੁੱਛਿਆ। "ਤੈਨੂੰ ਵੀ ਵੋਟ ਦੇਣ ਦਾ ਸ਼ੌਂਕ ਏ?"

ਸਾਰੇ ਹੱਸ ਪਏ। ਬਾਲ ਡੈਡੀ ਵੀ ਹੱਸ ਪਿਆ। ਉਸ ਤੋਂ ਬਾਦ ਉਹਨੇ ਪੁੱਛਿਆ :

"ਮੈਂ ਆਪਣਾ ਬੇਲਚਾ ਲਿਆ ਸਕਦਾਂ?"

ਸਾਰੇ ਫੇਰ ਖਿੜ ਖਿੜਾ ਕੇ ਹੱਸ ਪਏ। ਤੇ ਉਸਤਾਨੀ ਨੇ ਆਖਿਆ :

"ਕਿਉਂਕਿ ਤੁਹਾਨੂੰ ਵੋਟ ਦੇਣ ਦਾ ਸ਼ੌਂਕ ਏ, ਅਸੀਂ ਇਸ ਸਵਾਲ ਉਤੇ ਵੀ ਵੋਟਾਂ ਪੁਆਵਾਂਗੇ। ਬੇਲਚਾ ਖੜਨ ਦੇ ਹੱਕ ਵਿਚ ਕੌਣ ਹੈ?"

ਸਾਰਿਆਂ ਨੇ ਹੱਥ ਖੜੇ ਕਰ ਦਿੱਤੇ।

"ਸਰਬ ਸੰਮਤੀ!" ਉਸਤਾਨੀ ਨੇ ਆਖਿਆ।

ਤੇ ਡੈਡੀ ਆਪਣਾ ਬੇਲਚਾ ਜੰਗਲ ਵਿਚ ਆਪਣੇ ਨਾਲ ਲੈ ਗਿਆ। ਆਖ਼ਰ, ਉਹ ਹਾਲੇ ਬਹੁਤ ਛੋਟਾ ਸੀ। ਤੇ ਉਹ ਆਪਣੇ ਬੇਲਚੇ ਨੂੰ ਪਿਆਰ ਕਰਦਾ ਸੀ। ਤੇ ਉਹ ਬੜਾ ਖ਼ੁਸ਼ ਸੀ ਕਿ ਸਾਰਿਆਂ ਨੇ ਉਹਦੇ ਹੱਕ ਵਿਚ ਵੋਟ ਪਾਏ ਸਨ।

ਜੰਗਲ ਵਿਚ ਬਹੁਤ ਮਜ਼ਾ ਆਇਆ। ਹਰੇ ਹਰੇ ਦਰੱਖ਼ਤ ਸਨ, ਤੇ ਛੋਟਾ ਛੋਟਾ ਘਾਹ ਏਡਾ ਸੁਹਣਾ ਲੱਗ ਰਿਹਾ ਸੀ ਕਿ ਬਾਲ ਡੈਡੀ ਹੈਰਾਨ ਹੋਇਆ ਵੇਖੀ ਜਾ ਰਿਹਾ ਸੀ।

"ਬੱਚਿਓ, ਇਸ ਰੁੱਖ ਵੱਲ ਵੇਖੋ," ਉਸਤਾਨੀ ਨੇ ਆਖਿਆ। "ਕੌਣ ਦੱਸੇਗਾ ਕਿ ਇਹ ਕਿਹੜਾ ਰੁੱਖ ਹੈ?"

"ਬਲੂਤ! ਬਲੂਤ!" ਸਾਰਿਆਂ ਨੇ ਰੌਲਾ ਪਾ ਦਿੱਤਾ।

ਤੇ ਜਿਹੜੀ ਕੁੜੀ ਨੂੰ ਵੋਟ ਦੇਣ ਦਾ ਸ਼ੌਕ ਸੀ (ਉਹਦਾ ਨਾਂ ਓਲਿਆ ਸੀ), ਉਹ ਹੌਲੀ ਜਿਹੀ ਬੋਲੀ:

"ਮਜ਼ਬੂਤ, ਬੁੱਢਾ ਬਲੂਤ!"

ਕਿਸੇ ਨੂੰ ਸਮਝ ਨਹੀਂ ਆਇਆ ਕਿ ਉਸ ਨੇ ਇਹ ਗੱਲ ਕਿਉਂ ਆਖੀ। ਉਸਤਾਨੀ ਨੇ ਵੀ ਹੈਰਾਨੀ ਨਾਲ ਉਹਦੇ ਵੱਲ ਵੇਖਿਆ। ਤੇ ਫੇਰ ਉਹਨੇ ਪੁੱਛਿਆ:

"ਤੇ ਇਹ ਕਿਹੜਾ ਰੁੱਖ ਹੈ?"

ਸਾਰਿਆਂ ਨੇ ਫੇਰ ਉੱਚੀ ਆਵਾਜ਼ ਵਿਚ ਆਖਿਆ:

"ਬਰਚਾ! ਬਰਚਾ!"

ਤੇ ਬਾਲ ਡੈਡੀ ਨੇ ਵੇਖਿਆ ਕਿ ਓਲਿਆ ਵੀ ਕੁਝ ਆਖਣ ਲੱਗੀ ਸੀ। ਤੇ ਹੌਲੀ ਜਿਹੀ ਡੈਡੀ ਨੇ ਕਿਹਾ:

"ਮਜ਼ਬੂਤ, ਜਵਾਨ ਬਰਚਾ!"

ਕੁੜੀ ਨੇ ਬਹੁਤ ਬੁਰਾ ਮਨਾਇਆ ਤੇ ਉਹਨੇ ਬਾਲ ਡੈਡੀ ਨੂੰ ਜ਼ਬਾਨ ਕੱਢ ਕੇ ਵਿਖਾਈ।

ਤੇ ਫੇਰ ਬਾਲ ਡੈਡੀ ਨੇ ਉੱਚੀ ਸਾਰੀ ਆਖਿਆ:

"ਮਜ਼ਬੂਤ, ਜਵਾਨ ਜ਼ਬਾਨ!"

ਸਾਰੇ ਹੱਸ ਪਏ ਤੇ ਉਸਤਾਨੀ ਨੇ ਆਖਿਆ:

"ਜਿਹੜਾ ਵੀ ਸਬਕ ਵਿਚ ਬੋਲਿਆ, ਮੈਂ ਉਸ ਨੂੰ ਜੰਗਲ ਵਿਚੋਂ ਵਾਪਸ ਭੇਜ ਦੇਵਾਂਗੀ।"

ਉਸ ਨੇ ਇਹ ਲਫ਼ਜ਼ ਏਡੇ ਸਖ਼ਤ ਅੰਦਾਜ਼ ਨਾਲ ਆਖੇ ਕਿ ਸਭ ਚੁੱਪ ਹੋ ਗਏ। ਪਰ ਫੇਰ ਉਹ ਆਪ ਹੀ ਹੱਸ ਪਈ।

ਫੇਰ ਉਸ ਨੇ ਬੱਚਿਆਂ ਨੂੰ ਦੱਸਿਆ ਕਿ ਉਤਰ ਵਿਚ ਕਿਹੜੇ ਕਿਹੜੇ ਰੁੱਖ ਹੁੰਦੇ ਹਨ ਤੇ ਦੱਖਣ ਵਿਚ ਕਿਹੜੇ ਕਿਹੜੇ।

ਫੇਰ ਕਿਸੇ ਨੇ ਭੂੰਡੀ ਵੇਖ ਲਈ ਤੇ ਸਾਰੇ ਗਾਉਣ ਲੱਗ ਪਏ:

ਭੂੰਡੀਏ, ਭੂੰਡੀਏ
ਉਡ ਅਸਮਾਨੀਂ
ਏਥੋਂ ਜਾ ਨੀਂ।

ਪਰ ਭੂੰਡੀ ਉਡਣਾ ਨਹੀਂ ਸੀ ਚਾਹੁੰਦੀ। ਇਸ ਤੋਂ ਬਾਦ ਸਾਰਿਆਂ ਨੂੰ ਆਪਣੇ ਨਾਸ਼ਤੇ ਦਾ ਚੇਤਾ ਆ ਗਿਆ ਤੇ ਉਹਨਾਂ ਨੂੰ ਭੁੱਖ ਲੱਗ ਗਈ। ਜੰਗਲ ਵਿਚ ਖੁਲ੍ਹੀ ਥਾਂ ਬਹਿ ਕੇ ਇਕੱਠੇ ਖਾਣ ਦਾ ਬੜਾ ਸਵਾਦ ਆਇਆ। ਇਕ ਰੁੱਖ ਦੇ ਵੱਡੇ ਸਾਰੇ ਖੁੰਢ ਨੂੰ ਉਹਨਾਂ ਨੇ ਮੇਜ਼ ਬਣਾ ਲਿਆ। ਸਾਰਿਆਂ ਨੇ ਇਕ ਦੂਜੇ ਨਾਲ ਖਾਣਾ ਵਟਾਇਆ ਤੇ ਜਦੋਂ ਉਸਤਾਨੀ ਨੇ ਆਪਣੇ ਬੈਗ ਵਿਚੋਂ ਮਿੱਠੀਆਂ ਗੋਲੀਆਂ ਦਾ ਡੱਬਾ ਕੱਢਿਆ ਤਾਂ ਸਭ ਖੁਸ਼ੀ ਨਾਲ ਰੌਲਾ ਪਾਉਂਦੇ ਖੜੇ ਹੋ ਗਏ। ਅਚਾਨਕ ਕਿਸੇ ਨੇ ਚੀਕ ਮਾਰੀ: "ਊਈ! ਸੱਪ! ਸੱਪ!"

ਇਹ ਓਲਿਆ ਚੀਕ ਰਹੀ ਸੀ। ਉਹ ਖੁਲ੍ਹੀ ਸਾਫ ਥਾਂ ਦੇ ਸਿਰੇ ਉਤੇ ਬਾਲ ਡੈਡੀ ਦੇ ਕੋਲ ਬੈਠੀ ਹੋਈ ਸੀ। ਉਹ ਭੁੜਕ ਕੇ ਖੜੀ ਹੋ ਗਈ ਤੇ ਉੱਚੀ ਉੱਚੀ ਚਾਂਗਰਾਂ ਮਾਰਨ ਲੱਗੀ:

"ਊਈ! ਸੱਪ! ਊਈ, ਮੰਮੀ!"

ਬਾਲ ਡੈਡੀ ਵੀ ਭੁੜਕ ਕੇ ਖੜਾ ਹੋ ਗਿਆ। ਉਸ ਨੇ ਓਲਿਆ ਦੇ ਕੋਲ ਹੀ ਰੀਂਗਦਾ ਹੋਇਆ ਕਾਲਾ ਸੱਪ ਵੇਖਿਆ। ਉਸ ਨੇ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਸੱਪ ਵੇਖਿਆ ਸੀ। ਉਹ ਏਨਾ ਡਰਿਆ ਕਿ ਉਸ ਨੇ ਆਪਣਾ ਬੇਲਚਾ ਪੂਰੇ ਜ਼ੋਰ ਨਾਲ ਸੱਪ ਨੂੰ ਮਾਰਿਆ। ਬੇਲਚਾ ਬੜਾ ਤਿੱਖਾ ਸੀ। ਸੱਪ ਦੇ ਦੋ ਟੋਟੇ ਹੋ ਗਏ। ਦੋਵੇਂ ਟੋਟੇ ਰੀਂਗਣ ਲੱਗ ਪਏ। ਓਲਿਆ

ਚੀਕਾਂ ਮਾਰਦੀ ਰਹੀ। ਹੁਣ ਸਾਰੀਆਂ ਹੀ ਕੁੜੀਆਂ ਚੀਕਾਂ ਮਾਰ ਰਹੀਆਂ ਸਨ। ਪਰ ਉਸਤਾਨੀ ਨਹੀਂ ਸੀ ਚੀਕਾਂ ਮਾਰਦੀ। ਉਹ ਬੜੀ ਦਿਲਚਸਪੀ ਨਾਲ ਡੈਡੀ ਵੱਲ ਵੇਖ ਰਹੀ ਸੀ। ਬਾਲ ਡੈਡੀ ਪੂਰੇ ਜ਼ੋਰ ਨਾਲ ਮੁਸ਼ਕਲ ਕੰਮ ਲੱਗਾ ਹੋਇਆ ਸੀ। ਉਸ ਨੇ ਪਹਿਲਾਂ ਦੋ ਟੋਟਿਆਂ ਤੋਂ ਸੱਪ ਦੇ ਚਾਰ ਟੋਟੇ ਕੀਤੇ, ਫੇਰ ਚਾਹੁੰ ਤੋਂ ਅੱਠ। ਖਬਰੇ ਉਹ ਸੋਲਾਂ ਤੇ ਫੇਰ ਬੱਤੀ ਟੋਟੇ ਵੀ ਕਰ ਦੇਂਦਾ। ਪਰ ਉਸਤਾਨੀ ਉਹਦੇ ਕੋਲ ਆਈ ਤੇ ਉਹਦੇ ਹੱਥ ਘੁੱਟ ਕੇ ਫੜਦਿਆਂ ਬੋਲੀ :

"ਬਸ ਕਰ ! ਇਹ ਤਾਂ ਘਾਹ ਦਾ ਸੱਪ ਏ। ਇਹ ਜ਼ਹਿਰੀ ਨਹੀਂ ਹੁੰਦਾ। ਇਹ ਲਾਭਦਾਇਕ ਹੁੰਦਾ ਏ।" ਬਾਲ ਡੈਡੀ ਟੋਟੇ ਕਰਨੋਂ ਹਟ ਗਿਆ। ਕੁੜੀਆਂ ਚੀਕਾਂ ਮਾਰਨੋਂ ਹਟ ਗਈਆਂ। ਪਰ ਓਲਿਆ ਨਹੀਂ ਹਟੀ।

"ਊਈ, ਘਾਹ ਦਾ ਸੱਪ ! ਘਾਹ ਦਾ ਸੱਪ !" ਉਸ ਨੇ ਚੀਕ ਮਾਰੀ।

ਪਰ ਹੁਣ ਤਾਂ ਸਾਰਿਆਂ ਹੀ ਮੁੰਡਿਆਂ ਨੇ ਚੀਕ-ਚਿਹਾੜਾ ਪਾ ਦਿੱਤਾ ਸੀ। "ਊਈ ! ਊਈ !" ਉਹਨਾਂ ਰੌਲਾ ਪਾਇਆ। "ਹਾਏ ਮੰਮੀ ! ਹਾਏ ਡੈਡੀ ! ਘਾਹ ਦਾ ਸੱਪ !"

"ਚੁੱਪ ਹੋ ਜਾਓ ਸਭ !" ਉਸਤਾਨੀ ਨੇ ਆਖਿਆ। ਤੇ ਜਦੋਂ ਸਾਰੇ ਚੁੱਪ ਹੋ ਗਏ ਤਾਂ ਉਹਨੇ ਨਰਮ ਆਵਾਜ਼ ਵਿਚ ਆਖਿਆ : "ਘਾਹ ਦਾ ਸੱਪ ਜ਼ਹਿਰੀ ਨਹੀਂ ਹੁੰਦਾ। ਇਹ ਲਾਭਦਾਇਕ ਹੁੰਦਾ ਹੈ। ਇਸ ਨੂੰ ਮਾਰਨਾ ਨਹੀਂ ਚਾਹੀਦਾ। ਤੁਹਾਨੂੰ ਜ਼ਹਿਰੀ ਸੱਪਾਂ ਵਿਚੋਂ ਘਾਹ ਦੇ ਸੱਪ ਦਾ ਨਿਖੇੜਾ ਕਰਨਾ ਚਾਹੀਦਾ ਹੈ। ਇਸ ਗੱਲ ਨੂੰ ਯਾਦ ਰੱਖਿਓ। ਤੇ ਇਹ ਵੀ ਯਾਦ ਰੱਖਿਓ ਕਿ ਇਹ ਪਤਾ ਕਰਨ ਤੋਂ ਪਹਿਲਾਂ ਹੀ ਕਿ ਹੈ ਕੀ, ਮੂਰਖਾਂ ਵਾਂਗ ਚੀਕਾਂ ਨਹੀਂ ਮਾਰਨੀਆਂ ਚਾਹੀਦੀਆਂ। ਤੇ ਜੇ ਬੰਦਾ ਇਹ ਸਮਝੇ ਕਿ ਸੱਪ ਜ਼ਹਿਰੀ ਹੈ, ਅਤੇ ਉਹ ਭੱਜੇ ਨਾ ਸਗੋਂ ਖਲੋਤਾ ਰਹੇ ਤੇ ਆਪਣੇ ਦੋਸਤ ਦਾ ਬਚਾ ਕਰੇ ਤਾਂ ਇਹਦੇ ਵਿਚ ਹੱਸਣ ਵਾਲੀ ਵੀ ਕੋਈ ਗੱਲ ਨਹੀਂ। ਭਾਵੇਂ ਸੱਪ ਦੇ ਸੌ ਟੋਟੇ ਕਰਨ ਦੀ ਵੀ ਲੋੜ ਨਹੀਂ ਹੁੰਦੀ।"

ਤੇ ਫੇਰ ਸਭ ਹੱਸ ਪਏ। ਕੁੜੀਆਂ ਵੀ ਤੇ ਮੁੰਡੇ ਵੀ। ਬਾਲ ਡੈਡੀ ਨੇ ਆਪਣਾ ਬੇਲਚਾ ਝਾੜੀਆਂ ਵਿਚ ਸੁੱਟ ਦਿੱਤਾ ਤੇ ਇਸ ਤੋਂ ਬਾਦ ਬੜਾ ਚਿਰ ਸਕੂਲ ਵਿਚ ਹਰ ਕੋਈ ਉਹਦੇ ਉਤੇ ਆਵਾਜ਼ੇ ਕਸਦਾ ਰਿਹਾ : "ਊਈ, ਘਾਹ ਦਾ ਸੱਪ ! ਊਈ, ਘਾਹ ਦਾ ਸੱਪ !" ਭਾਵੇਂ ਉਸ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਇਹਨਾਂ ਨੂੰ ਓਲਿਆ ਨੂੰ ਛੇੜਨਾ ਚਾਹੀਦਾ ਹੈ। ਉਸ ਤੋਂ ਬਾਦ ਡੈਡੀ ਨੇ ਕਦੇ ਕੋਈ ਸੱਪ ਨਹੀਂ ਮਾਰਿਆ।



ਜਦੋਂ ਡੈਡੀ ਛੋਟਾ ਜਿਹਾ ਸੀ ਤੇ ਸਕੂਲ ਪੜ੍ਹਦਾ ਸੀ, ਉਹਨੂੰ ਚੰਗੇ ਮਾੜੇ ਹਰ ਤਰ੍ਹਾਂ ਦੇ ਨੰਬਰ ਮਿਲਦੇ ਸਨ। ਰੂਸੀ ਵਿਚ ਉਸ ਨੂੰ ਮਿਲਦਾ "ਚੰਗਾ," ਹਿਸਾਬ ਵਿਚ "ਤਸੱਲੀਬਖ਼ਸ਼," ਲਿਖਾਈ ਵਿਚ "ਖ਼ਰਾਬ" ਤੇ ਡਰਾਇੰਗ ਵਿਚ "ਬਹੁਤ ਖ਼ਰਾਬ।" ਡਰਾਇੰਗ ਦਾ ਮਾਸਟਰ ਕਹਿੰਦਾ ਕਿ ਜੇ ਉਹਨੇ ਮਿਹਨਤ ਕਰਕੇ ਚੰਗਾ ਕੰਮ ਕਰਨਾ ਨਾ ਸਿਖਿਆ ਤਾਂ ਅਗਲੀ ਵਾਰੀ "ਬਹੁਤ ਬਹੁਤ ਖ਼ਰਾਬ" ਹੀ ਮਿਲੇਗਾ।

ਇਕ ਦਿਨ ਜਮਾਤ ਵਿਚ ਇਕ ਨਵੀਂ ਉਸਤਾਨੀ ਆਈ। ਉਹ ਬਹੁਤ ਚੰਗੀ ਸੀ।

ਜਵਾਨ ਸੀ, ਸੁਹਣੀ ਸੀ, ਮੁਸਕ੍ਰਾਉਂਦੀ ਸੀ ਤੇ ਉਸ ਨੇ ਬਹੁਤ ਸੁਹਣੇ ਕਪੜੇ ਪਾਏ ਹੋਏ ਸਨ।

"ਮੇਰਾ ਨਾਂ ਯੇਲੇਨਾ ਸੇਰਗੇਯੇਵਨਾ ਹੈ। ਤੁਹਾਡਾ ਕੀ ਨਾਂ ਹੈ?" ਉਸ ਨੇ ਪੁੱਛਿਆ ਤੇ ਮੁਸਕ੍ਰਾ ਪਈ। ਸਾਰਿਆਂ ਨੇ ਰੌਲਾ ਪਾ ਦਿੱਤਾ: "ਜ਼ੇਨਿਆ!" "ਜ਼ੀਨਾ!" "ਲੀਜ਼ਾ!" "ਮੀਸਾ!" "ਕੋਲਿਆ!"

ਯੇਲੇਨਾ ਸੇਰਗੇਯੇਵਨਾ ਨੇ ਕੰਨਾਂ ਉਤੇ ਹੱਥ ਰੱਖ ਲਏ ਤੇ ਸਾਰੇ ਚੁੱਪ ਹੋ ਗਏ। ਫੇਰ ਉਸ ਨੇ ਆਖਿਆ: "ਮੈਂ ਤੁਹਾਨੂੰ ਅੰਗ੍ਰੇਜ਼ੀ ਪੜ੍ਹਾਇਆ ਕਰਾਂਗੀ। ਪੜ੍ਹੋਗੇ?"

"ਹਾਂ! ਹਾਂ!" ਸਾਰੀ ਜਮਾਤ ਨੇ ਸ਼ੋਰ ਮਚਾਇਆ।

ਤੇ ਇਸ ਤਰ੍ਹਾਂ ਬਾਲ ਡੈਡੀ ਨੇ ਅੰਗ੍ਰੇਜ਼ੀ ਜ਼ਬਾਨ ਪੜ੍ਹਨੀ ਸ਼ੁਰੂ ਕਰ ਦਿੱਤੀ। ਪਹਿਲਾਂ ਉਸ ਨੂੰ ਇਹ ਜਾਣ ਕੇ ਬੜਾ ਸਵਾਦ ਆਇਆ ਕਿ ਮੇਜ਼ ਨੂੰ ਅੰਗ੍ਰੇਜ਼ੀ ਵਿਚ "ਟੇਬਲ" ਕਹਿੰਦੇ ਹਨ, ਕੁਰਸੀ ਨੂੰ "ਚੇਅਰ," ਕਿਤਾਬ ਨੂੰ "ਬੁਕ," ਮੁੰਡੇ ਨੂੰ "ਬੁਆਏ" ਅਤੇ ਕੁੜੀ ਨੂੰ "ਗਰਲ।"

ਇਹ ਤਾਂ ਇਸ ਤਰ੍ਹਾਂ ਸੀ ਜਿਵੇਂ ਕੋਈ ਖੇਡ ਹੋਵੇ ਤੇ ਸਾਰੀ ਜਮਾਤ ਹੀ ਇਸ ਵਿਚ ਦਿਲਚਸਪੀ ਲੈ ਰਹੀ ਸੀ। ਪਰ ਜਦੋਂ ਉਹਨਾਂ ਨੇ ਰੂਪ-ਸਾਧਨਾ ਤੇ ਗਰਦਾਨਾਂ ਸਿਖਣੀਆਂ ਸ਼ੁਰੂ ਕੀਤੀਆਂ ਤਾਂ ਕਈ ਬੁਆਏ ਤੇ ਗਰਲ ਉਕਤਾ ਗਏ। ਉਹਨਾਂ ਨੇ ਮਹਿਸੂਸ ਕੀਤਾ ਕਿ ਅੰਗ੍ਰੇਜ਼ੀ ਜ਼ਬਾਨ ਸਿੱਖਣ ਲਈ ਗੰਭੀਰਤਾ ਨਾਲ ਪੜ੍ਹਨਾ ਪਵੇਗਾ। ਉਹਨਾਂ ਨੇ ਇਹ ਵੀ ਮਹਿਸੂਸ ਕਰ ਲਿਆ ਕਿ ਇਹ ਕੋਈ ਖੇਡ ਨਹੀਂ। ਇਹ ਓਸੇ ਤਰ੍ਹਾਂ ਇਕ ਮਜ਼ਮੂਨ ਹੈ ਜਿਵੇਂ ਹਿਸਾਬ ਹੈ ਜਾਂ ਰੂਸੀ ਜ਼ਬਾਨ ਹੈ। ਅੰਗ੍ਰੇਜ਼ੀ ਲਿਖਣ, ਅੰਗ੍ਰੇਜ਼ੀ ਪੜ੍ਹਨ ਤੇ ਅੰਗ੍ਰੇਜ਼ੀ ਬੋਲਣ ਦੀ ਲੋੜ ਹੈ। ਯੇਲੇਨਾ ਸੇਰਗੇਯੇਵਨਾ ਬੜੀ ਕੋਸ਼ਿਸ਼ ਕਰਦੀ ਸੀ ਕਿ ਸਬਕ ਨੂੰ ਦਿਲਚਸਪ ਢੰਗ ਨਾਲ ਪੜ੍ਹਾਵੇ। ਉਸ ਨੇ ਅੰਗ੍ਰੇਜ਼ੀ ਜ਼ਬਾਨ ਵਿਚ ਦਿਲਚਸਪ ਕਹਾਣੀਆਂ ਦੀਆਂ ਕਿਤਾਬਾਂ ਵੀ ਜਮਾਤ ਨੂੰ ਖਰੀਦ ਕੇ ਦਿੱਤੀਆਂ। ਉਸ ਨੇ ਬੱਚਿਆਂ ਨੂੰ ਅੰਗ੍ਰੇਜ਼ੀ ਗੀਤ ਸਿਖਾਏ ਤੇ ਅੰਗ੍ਰੇਜ਼ੀ ਦੇ ਲਤੀਫੇ ਸੁਣਾਏ। ਜਿਹੜੇ ਬੱਚੇ ਸਚਮੁਚ ਮਿਹਨਤ ਨਾਲ ਪੜ੍ਹਦੇ ਸਨ ਉਹਨਾਂ ਨੂੰ ਬੜਾ ਸਵਾਦ ਆਉਂਦਾ ਸੀ। ਪਰ ਜਿਹੜੇ ਧਿਆਨ ਨਹੀਂ ਸੀ ਦੇਂਦੇ ਉਹਨਾਂ ਨੂੰ ਕੁਝ ਸਮਝ ਨਹੀਂ ਸੀ ਆਉਂਦਾ। ਇਸ ਕਰਕੇ ਕੁਦਰਤੀ ਹੀ ਉਹ ਉਕਤਾ ਜਾਂਦੇ ਸਨ। ਉਹ ਬੁਕ ਉਤੇ ਘਟ ਵਧ ਹੀ ਨਜ਼ਰ ਮਾਰਦੇ ਸਨ ਤੇ ਜਦੋਂ ਯੇਲੇਨਾ ਸੇਰਗੇਯੇਵਨਾ ਉਹਨਾਂ ਕੋਲੋਂ ਕੁਝ ਪੁੱਛਦੀ ਤਾਂ ਉਹ ਟੇਬਲ ਵਾਂਗ ਚੁੱਪ ਰਹਿੰਦੇ ਸਨ। ਕਈ ਵਾਰੀ, ਜਦੋਂ ਅੰਗ੍ਰੇਜ਼ੀ ਦੀ ਘੰਟੀ ਸ਼ੁਰੂ ਹੋਣ ਵਾਲੀ ਹੁੰਦੀ ਤਾਂ ਇਕ ਕਾਵਾਂ-ਰੌਲੀ ਮੱਚ ਜਾਂਦੀ: "ਆਈ ਹੈਵ ਟੂ ਵਾਕ!" ਜਿਸ ਦਾ ਮਤਲਬ ਹੁੰਦਾ ਸੀ: "ਮੈਂ ਸੈਰ ਕਰਨੀ ਹੈ।" ਪਰ ਅਸਲ ਵਿਚ ਇਸ ਦਾ ਮਤਲਬ ਇਹ ਹੁੰਦਾ ਸੀ: "ਆਓ ਬਾਹਰ ਚਲੀਏ!" ਇਹ ਆਵਾਜ਼ ਸੁਣਦਿਆਂ ਹੀ ਬਹੁਤ ਸਾਰੇ ਬੱਚੇ ਨਾਲ ਰਲ ਕੇ ਬਾਹਰ ਨਿਕਲ ਜਾਂਦੇ। ਜਿਸ ਵੇਲੇ ਵਿਚਾਰੀ ਯੇਲੇਨਾ ਸੇਰਗੇਯੇਵਨਾ ਜਮਾਤ ਵਿਚ ਆਉਂਦੀ ਤਾਂ ਵੇਖਦੀ ਕਿ ਸਾਰੇ ਮੁੰਡੇ ਕਿਰਿਆ

"ਟੂ ਵਾਕ" ਪੜ੍ਹਨ ਨਿਕਲ ਗਏ ਹਨ ਤੇ ਸਬਕ ਲੈਣ ਵਾਸਤੇ ਪਿੱਛੇ ਸਿਰਫ ਕੁੜੀਆਂ ਹੀ ਰਹਿ ਗਈਆਂ ਹਨ। ਇਸ ਨਾਲ ਉਸ ਨੂੰ ਬੜਾ ਦੁਖ ਹੁੰਦਾ। ਬਾਲ ਡੈਡੀ ਵੀ "ਟੂ ਵਾਕ" ਪੜ੍ਹਨ ਵਾਲੇ ਮੁੰਡਿਆਂ ਵਿਚ ਹੀ ਹੁੰਦਾ ਸੀ।

ਉਹ ਯੇਲੇਨਾ ਸੇਰਗੇਯੇਵਨਾ ਦਾ ਦਿਲ ਦੁਖਾਉਣ ਵਾਸਤੇ ਨਹੀਂ ਸੀ ਖਿਸਕਦਾ। ਸਿਰਫ ਇਸ ਕਰਕੇ ਕਿ ਪੜ੍ਹਾਈ ਤੋਂ ਘੁਸਾਈ ਮਾਰਨ ਦਾ, ਹੈਡਮਾਸਟਰ ਤੋਂ, ਮਾਸਟਰਾਂ ਤੇ ਉਸਤਾਨੀਆਂ ਤੋਂ ਅਤੇ ਯੇਲੇਨਾ ਸੇਰਗੇਯੇਵਨਾ ਤੋਂ ਲੁਕ ਕੇ ਸਕੂਲ ਦੀ ਮਮਟੀ ਵਿਚ ਜਾ ਵੜਨ ਦਾ ਬੜਾ ਸਵਾਦ ਆਉਂਦਾ ਸੀ। ਇਸ ਕੰਮ ਵਿਚ ਇਸ ਗੱਲ ਨਾਲੋਂ ਬਹੁਤਾ ਸਵਾਦ ਆਉਂਦਾ ਸੀ ਕਿ ਜਮਾਤ ਵਿਚ ਬੈਠੇ ਰਹੋ, ਸਬਕ ਆਉਂਦਾ ਨਾ ਹੋਵੇ ਅਤੇ ਯੇਲੇਨਾ ਸੇਰਗੇਯੇਵਨਾ ਜਦੋਂ ਇਸ ਵਾਕ ਦਾ, "ਡੂ ਯੂ ਹੈਵ ਏ ਨਾਈਫ ?" ਦਾ ਅਰਥ ਪੁੱਛੇ, ਜਿਸ ਦਾ ਮਤਲਬ ਹੈ ਕਿ ਤੇਰੇ ਕੋਲ ਚਾਕੂ ਹੈ, ਤਾਂ ਚੁੱਪ ਕਰਕੇ ਖਲੋਤੇ ਰਹੋ ਤੇ ਅਖੀਰ ਇਹ ਆਖ ਦਿਓ "ਆਈ ਨੌਟ" ਜਿਸ ਦਾ ਮਤਲਬ ਹੈ : "ਮੈਂ ਨਹੀਂ ...।" ਜਦੋਂ ਬਾਲ ਡੈਡੀ ਇਸ ਤਰ੍ਹਾਂ ਦਾ ਜਵਾਬ ਦੇਂਦਾ ਸੀ ਤਾਂ ਸਾਰੀ ਜਮਾਤ ਹੱਸ ਪੈਂਦੀ ਸੀ। ਬਾਲ ਡੈਡੀ ਨੂੰ ਇਹ ਬਿਲਕੁਲ ਚੰਗਾ ਨਹੀਂ ਸੀ ਲੱਗਦਾ ਕਿ ਦੂਜੇ ਹੱਸ ਕੇ ਉਹਦਾ ਮਜ਼ਾਕ ਉਡਾਉਣ। ਉਹ ਆਪ ਦੂਜਿਆਂ ਉਤੇ ਹੱਸਣਾ ਬਹੁਤ ਪਸੰਦ ਕਰਦਾ ਸੀ। ਜੇ ਉਹ ਸਿਆਣਾ ਹੁੰਦਾ ਤਾਂ ਉਹ ਆਪਣਾ ਸਬਕ ਚੰਗੀ ਤਰ੍ਹਾਂ ਪੜ੍ਹਨਾ ਤੇ ਯਾਦ ਕਰਨਾ ਸ਼ੁਰੂ ਕਰ ਦੇਂਦਾ। ਪਰ ਬਾਲ ਡੈਡੀ ਆਪਣੀ ਉਸਤਾਨੀ ਤੋਂ ਬੜਾ ਖ਼ਫਾ ਸੀ। ਉਹ ਅੰਗ੍ਰੇਜ਼ੀ ਜ਼ਬਾਨ ਤੋਂ ਖ਼ਫਾ ਸੀ। ਉਹ ਇਸ ਤੋਂ ਬਦਲਾ ਲੈ ਰਿਹਾ ਸੀ। ਬਾਲ ਡੈਡੀ ਨੇ ਕਦੇ ਵੀ ਅੰਗ੍ਰੇਜ਼ੀ ਪੂਰੀ ਤਰ੍ਹਾਂ ਮਨ ਲਾ ਕੇ ਨਹੀਂ ਸੀ ਪੜ੍ਹੀ। ਇਸ ਤੋਂ ਬਾਦ ਇਕ ਦੂਜੇ ਸਕੂਲ ਵਿਚ ਉਸ ਨੇ ਜਰਮਨ ਜ਼ਬਾਨ ਕਦੇ ਵੀ ਚੰਗੀ ਤਰ੍ਹਾਂ ਨਹੀਂ ਸੀ ਪੜ੍ਹੀ। ਕਾਲਜ ਵਿਚ ਉਸ ਨੇ ਫਰਾਂਸੀਸੀ ਉੱਕਾ ਹੀ ਨਹੀਂ ਸੀ ਪੜ੍ਹੀ। ਤੇ ਹੁਣ ਡੈਡੀ ਨੂੰ ਕੋਈ ਵੀ ਬਦੇਸ਼ੀ ਜ਼ਬਾਨ ਨਹੀਂ ਆਉਂਦੀ। ਉਹਨੇ ਕਿਸ ਤੋਂ ਬਦਲਾ ਲਿਆ ? ਹੁਣ ਡੈਡੀ ਸਮਝਦਾ ਹੈ ਕਿ ਉਸ ਨੇ ਆਪਣਾ ਹੀ ਨੁਕਸਾਨ ਕੀਤਾ ਹੈ। ਉਹ ਆਪਣੀ ਪਸੰਦ ਦੀਆਂ ਬਹੁਤ ਸਾਰੀਆਂ ਕਿਤਾਬਾਂ ਉਸ ਜ਼ਬਾਨ ਵਿਚ ਨਹੀਂ ਪੜ੍ਹ ਸਕਦਾ ਜਿਸ ਵਿਚ ਉਹ ਲਿਖੀਆਂ ਗਈਆਂ ਹਨ। ਡੈਡੀ ਨੂੰ ਬਦੇਸ਼ਾਂ ਦੀ ਸੈਰ ਕਰਨ ਦਾ ਸ਼ੌਕ ਸੀ ਪਰ ਜਾਣ ਤੋਂ ਸ਼ਰਮਾਉਂਦਾ ਸੀ ਕਿਉਂਕਿ ਉਹ ਕੋਈ ਬਦੇਸ਼ੀ ਜ਼ਬਾਨ ਨਹੀਂ ਸੀ ਬੋਲ ਸਕਦਾ। ਡੈਡੀ ਦੀ ਅਕਸਰ ਦੂਜੇ ਮੁਲਕਾਂ ਦੇ ਬੰਦਿਆਂ ਨਾਲ ਮੁਲਾਕਾਤ ਹੁੰਦੀ ਰਹਿੰਦੀ ਹੈ। ਉਹ ਰੂਸੀ ਬਹੁਤ ਖ਼ਰਾਬ ਬੋਲਦੇ ਹਨ। ਪਰ ਉਹ ਸਾਰੇ ਰੂਸੀ ਪੜ੍ਹ ਰਹੇ ਹਨ ਤੇ ਉਹ ਸਾਰੇ ਹੀ ਡੈਡੀ ਨੂੰ ਪੁਛਦੇ ਹਨ : "ਡੂ ਯੂ ਸਪੀਕ ਇੰਗਲਿਸ਼ ?" "ਸ਼ਪਰੇਖਨ ਜ਼ੀ ਡਿਓਚ ?" "ਪਾਰਲੇ ਵੂ ਫਰਾਂਸੇ ?" ਅਤੇ ਡੈਡੀ ਸਿਰਫ ਸਿਰ ਮਾਰ ਦੇਂਦਾ ਹੈ। ਉਹ ਕੀ ਜਵਾਬ ਦੇ ਸਕਦਾ ਹੈ ? ਸਿਰਫ ਏਨਾ "ਆਈ ਨੌਟ ..." ਤੇ ਉਹਨੂੰ ਬੜੀ ਸ਼ਰਮ ਆਉਂਦੀ ਹੈ।

ਡੈਡੀ ਨੇ ਲੇਖ ਕਿਵੇਂ ਲਿਖਿਆ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਉਹਦਾ ਇਕ ਦੋਸਤ ਹੁੰਦਾ ਸੀ ਵਾਸਿਆ ਸੇਰੇਦਿਨ। ਵਾਸਿਆ ਬਾਲ ਡੈਡੀ ਦੇ ਗੁਆਂਢ ਵਿਚ ਹੀ ਰਹਿੰਦਾ ਸੀ। ਉਹ ਹਮੇਸ਼ਾ ਇਕੱਠੇ ਸਕੂਲ ਜਾਂਦੇ ਸਨ ਤੇ ਹਮੇਸ਼ਾ ਇਕੱਠੇ ਹੀ ਘਰ ਵਾਪਸ ਆਉਂਦੇ ਸਨ। ਸਕੂਲ ਵਿਚ ਉਹ ਇਕੋ ਡੈਸਕ ਉਤੇ ਬਹਿੰਦੇ ਸਨ। ਜਦੋਂ ਹਿਸਾਬ ਦੀ ਘੰਟੀ ਆਉਂਦੀ ਤਾਂ ਵਾਸਿਆ ਜਮਾਤ ਵਿਚ ਸਾਰਿਆਂ ਤੋਂ ਪਹਿਲਾਂ ਸਵਾਲ ਕੱਢ ਲੈਂਦਾ ਸੀ। ਤੇ ਉਹ ਹਿਸਾਬ ਵਿਚ ਬਾਲ ਡੈਡੀ ਦੀ ਮਦਦ ਵੀ ਕਰ ਦੇਂਦਾ ਸੀ। ਤੇ ਡੈਡੀ ਕਵਿਤਾਵਾਂ ਯਾਦ ਕਰਨ ਤੇ ਲੇਖ ਲਿਖਣ ਵਿਚ ਵਾਸਿਆ

ਦੀ ਮਦਦ ਕਰਦਾ ਸੀ। ਉਹ ਇਕ ਦੂਜੇ ਨਾਲ ਬੜੇ ਖੁਸ਼ ਰਹਿੰਦੇ ਸਨ। ਤੇ ਜੇ ਉਹ ਲੜਦੇ ਵੀ ਤਾਂ ਆਪਸ ਵਿਚ ਹੀ ਲੜਦੇ ਸਨ।

ਇਕ ਦਿਨ ਉਸਤਾਨੀ ਨੇ ਸਾਰੀ ਜਮਾਤ ਨੂੰ ਅਗਲੇ ਦਿਨ ਵਾਸਤੇ ਕੰਮ ਦਿੱਤਾ। ਸਾਰਿਆਂ ਨੇ ਲੇਖ ਲਿਖਣਾ ਸੀ। ਵਿਸ਼ਾ ਸੀ : "ਮੈਂ ਗਰਮੀਆਂ ਕਿਵੇਂ ਬਿਤਾਈਆਂ।" ਵਾਸਿਆ ਸੇਰੇਦਿਨ ਨੇ ਡੈਡੀ ਨੂੰ ਕਿਹਾ :

"ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਲਿਖਾਂ ..."

ਬਾਲ ਡੈਡੀ ਨੇ ਉਹਨੂੰ ਪੁੱਛਿਆ :

"ਤੂੰ ਗਰਮੀਆਂ ਵਿਚ ਕਿਥੇ ਸੀ?"

"ਪਿੰਡ," ਵਾਸਿਆ ਨੇ ਆਖਿਆ।

"ਫੇਰ ਪਿੰਡ ਬਾਰੇ ਲਿਖ ਦੇ।"

"ਕੀ ਲਿਖਾਂ?"

"ਇਹ ਕਿ ਤੂੰ ਓਥੇ ਗਰਮੀਆਂ ਵਿਚ ਕੀ ਕੁਝ ਕੀਤਾ।"

"ਮੈਂ ਕੁਝ ਵੀ ਨਹੀਂ ਕੀਤਾ ... ਦਰਿਆ ਵਿਚ ਤਾਰੀਆਂ ਲਾਈਆਂ, ਮੁੰਡਿਆਂ ਨਾਲ ਰਲ ਕੇ ਮੱਛੀਆਂ ਫੜੀਆਂ, ਤੇ ਜੰਗਲ ਵਿਚ ਸੈਰ ਕਰਦਾ ਰਿਹਾ।"

"ਬਸ, ਇਹ ਸਭ ਕੁਝ ਲਿਖ ਦੇ," ਬਾਲ ਡੈਡੀ ਨੇ ਕਿਹਾ।

ਮਿੰਟਾਂ ਸਕਿੰਟਾਂ ਵਿਚ ਵਾਸਿਆ ਨੇ ਲੇਖ ਲਿਖ ਲਿਆ ਤੇ ਬਾਲ ਡੈਡੀ ਨੂੰ ਵਿਖਾਇਆ। ਉਸ ਨੇ ਇਹ ਲੇਖ ਲਿਖਿਆ ਸੀ :

ਮੈਂ ਗਰਮੀਆਂ ਕਿਵੇਂ ਬਿਤਾਈਆਂ

ਮੈਂ ਗਰਮੀਆਂ ਵਿਚ ਪਿੰਡ ਆਪਣੀ ਨਾਨੀ ਕੋਲ ਗਿਆ ਸਾਂ। ਮੈਂ ਦਰਿਆ ਵਿਚ ਤਾਰੀਆਂ ਲਾਈਆਂ, ਮੱਛੀਆਂ ਫੜੀਆਂ ਤੇ ਮੁੰਡਿਆਂ ਨਾਲ ਰਲ ਕੇ ਜੰਗਲ ਦੀ ਸੈਰ ਕੀਤੀ। ਗਰਮੀਆਂ ਵਿਚ ਪਿੰਡ ਜਾਣ ਦਾ ਬੜਾ ਮਜ਼ਾ ਆਉਂਦਾ ਹੈ।

ਵ. ਸੇਰੇਦਿਨ

"ਇਹ ਕੀ ਲੇਖ ਹੋਇਆ?" ਬਾਲ ਡੈਡੀ ਨੇ ਕਿਹਾ। "ਤੂੰ ਆਪਣੀ ਨਾਨੀ ਬਾਰੇ ਕੁਝ ਲਿਖ। ਉਹ ਕਿਸ ਤਰ੍ਹਾਂ ਦੀ ਸੀ, ਕੀ ਕਹਿੰਦੀ ਸੀ, ਕੀ ਕਰਦੀ ਸੀ, ਕਿਹੜੇ ਗੀਤ ਸੁਣਾਏ ਉਹਨੇ ..."

"ਉਹਨੇ ਗੀਤ ਨਹੀਂ ਸੀ ਸੁਣਾਏ। ਬਾਤਾਂ ਸੁਣਾਈਆਂ ਸਨ," ਵਾਸਿਆ ਨੇ ਆਖਿਆ।

"ਠੀਕ ਹੈ, ਬਾਤਾਂ ਬਾਰੇ ਕੁਝ ਲਿਖ ਦੇ। ਇਹ ਲਿਖ ਦੇ ਕਿ ਮੁੰਡੇ ਕਿਸ ਤਰ੍ਹਾਂ ਦੇ ਸਨ, ਦਰਿਆ ਬਾਰੇ ਲਿਖ ਦੇ, ਨਾਲੇ ਜੰਗਲ ਬਾਰੇ ਲਿਖ ਦੇ।"

"ਸਮਝ ਨਹੀਂ ਆਉਂਦੀ ਕਿਵੇਂ ਲਿਖਾਂ," ਵਾਸਿਆ ਨੇ ਕਿਹਾ। "ਚੰਗੀ ਗੱਲ ਇਹ ਹੋਵੇਗੀ ਕਿ ਮੈਂ ਤੈਨੂੰ ਸਭ ਕੁਝ ਦੱਸ ਦੇਵਾਂ ਤੇ ਤੂੰ ਮੈਨੂੰ ਲਿਖ ਦੇ।"

ਤੇ ਵਾਸਿਆ ਨੇ ਆਪਣੀ ਨਾਨੀ ਬਾਰੇ, ਮੁੰਡਿਆਂ ਬਾਰੇ, ਜੰਗਲ ਬਾਰੇ ਤੇ ਦਰਿਆ ਬਾਰੇ ਸਭ ਕੁਝ ਡੈਡੀ ਨੂੰ ਦੱਸ ਦਿੱਤਾ। ਡੈਡੀ ਨੇ ਇਕ ਲੰਮਾ ਸਾਰਾ ਲੇਖ ਲਿਖ ਦਿੱਤਾ। ਉਸ ਨੇ ਬੜੀ ਮਿਹਨਤ ਕੀਤੀ ਸੀ। ਲੇਖ ਬੜਾ ਵਧੀਆ ਲਿਖਿਆ ਗਿਆ। ਵਾਸਿਆ ਬੜਾ ਖ਼ੁਸ਼ ਸੀ।

"ਹੁਣ ਮੈਂ ਇਸ ਦੀ ਨਕਲ ਕਰ ਲਵਾਂਗਾ," ਉਹਨੇ ਆਖਿਆ। "ਤੇ ਤੂੰ ਆਪਣਾ ਲੇਖ ਲਿਖ ਲੈ। ਪਹਿਲਾਂ ਹੀ ਦੇਰ ਹੋ ਗਈ ਹੈ।"

ਜਦੋਂ ਵਾਸਿਆ ਚਲਾ ਗਿਆ ਤੇ ਬਾਲ ਡੈਡੀ ਆਪਣਾ ਲੇਖ ਲਿਖਣ ਬੈਠਾ ਤਾਂ ਇਹ ਕੰਮ ਉਸ ਨੂੰ ਬੜਾ ਔਖਾ ਲੱਗਾ। ਇਕੋ ਹੀ ਚੀਜ਼ ਦੋ ਵਾਰੀ ਲਿਖਣਾ, ਇਹ ਕੋਈ ਸੌਖਾ ਕੰਮ ਨਹੀਂ ਹੁੰਦਾ। ਬਾਲ ਡੈਡੀ ਨੇ ਵੀ ਗਰਮੀਆਂ ਪਿੰਡ ਵਿਚ ਹੀ ਬਿਤਾਈਆਂ ਸਨ। ਉਹ ਵੀ ਜੰਗਲ ਦੀ ਸੈਰ ਕਰਦਾ ਤੇ ਦਰਿਆ ਵਿਚ ਤਾਰੀਆਂ ਲਾਉਂਦਾ ਰਿਹਾ ਸੀ। ਪਰ ਇਹ ਸਭ ਕੁਝ ਉਹ ਵਾਸਿਆ ਵਾਲੇ ਲੇਖ ਵਿਚ ਲਿਖ ਬੈਠਾ ਸੀ। ਹੁਣ ਉਸ ਦਾ ਖਿਆਲ ਸੀ ਕਿ ਐਸਾ ਲੇਖ ਲਿਖੇ ਜਿਹੜਾ ਵਾਸਿਆ ਦੇ ਲੇਖ ਨਾਲ ਬਿਲਕੁਲ ਮੇਲ ਨਾ ਖਾਂਦਾ ਹੋਵੇ। ਨਹੀਂ ਤਾਂ ਉਸਤਾਨੀ ਨੂੰ ਪਤਾ ਲੱਗ ਜਾਏਗਾ ਕਿ ਦੋਵੇਂ ਲੇਖ ਉਸ ਨੇ ਲਿਖੇ ਹਨ। ਬਾਲ ਡੈਡੀ ਨੂੰ ਹੁਣ ਇਸ ਗੱਲ ਦਾ ਫਿਕਰ ਨਹੀਂ ਸੀ ਕਿ ਲੇਖ ਚੰਗਾ ਹੋਵੇਗਾ ਜਾਂ ਖ਼ਰਾਬ। ਉਸ ਨੇ ਐਸਾ ਲੇਖ ਲਿਖਿਆ ਜਿਹੜਾ ਵਾਸਿਆ ਦੇ ਲੇਖ ਵਰਗਾ ਨਹੀਂ ਸੀ। ਅਸਲ ਵਿਚ, ਉਸਤਾਨੀ ਦੇ ਕਹਿਣ ਮੁਤਾਬਿਕ, ਉਹ ਕਿਸੇ ਦੇ ਲੇਖ ਵਰਗਾ ਵੀ ਨਹੀਂ ਸੀ।

ਜਦੋਂ ਉਸਤਾਨੀ ਨੇ ਬੱਚਿਆਂ ਦੀਆਂ ਕਾਪੀਆਂ ਵਾਪਸ ਕੀਤੀਆਂ ਤਾਂ ਉਸ ਨੇ ਆਖਿਆ :

"ਲਓ ਬੱਚਿਓ ਆਪਣੀਆਂ ਕਾਪੀਆਂ। ਵਾਸਿਆ ਸੇਰੇਦਿਨ ਦਾ ਲੇਖ ਸਭ ਨਾਲੋਂ ਚੰਗਾ ਹੈ। ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦੀ ਹਾਂ।"

ਤੇ ਉਸ ਨੇ ਡੈਡੀ ਦਾ ਪਹਿਲਾ ਲੇਖ ਪੜ੍ਹ ਕੇ ਸੁਣਾਇਆ ਜਿਹੜਾ ਉਸ ਨੇ ਵਾਸਿਆ ਵਾਸਤੇ ਲਿਖਿਆ ਸੀ।

"ਸ਼ਾਬਾਸ਼, ਵਾਸਿਆ!" ਉਸਤਾਨੀ ਨੇ ਆਖਿਆ। "ਬਹੁਤ ਵਧੀਆ ਲਿਖਿਆ ਹੈ।

ਦਿਲਚਸਪ, ਵਾਕਫੀ ਭਰਿਆ ਤੇ ਕੋਈ ਗ਼ਲਤੀ ਵੀ ਨਹੀਂ। ਤੇਰੀ ਨਾਨੀ ਬਹੁਤ ਚੰਗੀ ਹੈ। ਤੇਰੇ ਦੋਸਤ ਬਹੁਤ ਚੰਗੇ ਨੇ।''

ਫੇਰ, ਪਤਾ ਨਹੀਂ ਕਿਉਂ, ਉਸਤਾਨੀ ਨੇ ਬਾਲ ਡੈਡੀ ਵੱਲ ਵੇਖਿਆ। ਵਾਸਿਆ ਸੇਰੇਦਿਨ ਦਾ ਚਿਹਰਾ ਲਾਲ ਹੋ ਗਿਆ। ਉਸ ਨੂੰ ਆਪਣੀ ਝੂਠੀ ਤਾਰੀਫ ਚੰਗੀ ਨਹੀਂ ਸੀ ਲੱਗੀ। ਤੇ ਫੇਰ ਉਸਤਾਨੀ ਨੇ ਕਿਹਾ:

''ਤੇ ਹੁਣ ਮੈਂ ਤੁਹਾਨੂੰ ਸਭ ਤੋਂ ਖ਼ਰਾਬ ਲੇਖ ਪੜ੍ਹ ਕੇ ਸੁਣਾਵਾਂਗੀ।'' ਤੇ ਉਸ ਨੇ ਉਹ ਕੁਝ ਪੜ੍ਹਨਾ ਸ਼ੁਰੂ ਕਰ ਦਿੱਤਾ ਜੋ ਬਾਲ ਡੈਡੀ ਨੇ ਦੂਜੀ ਵਾਰੀ ਲਿਖਿਆ ਸੀ। ਤੇ ਹੁਣ ਬਾਲ ਡੈਡੀ ਦਾ ਰੰਗ ਲਾਲ ਹੋ ਗਿਆ ਸੀ। ਉਸ ਨੂੰ ਖਾਹਮੁਖਾਹ ਦੀ ਝਾੜ ਚੰਗੀ ਨਹੀਂ ਸੀ ਲੱਗੀ ਤੇ ਉਸ ਨੂੰ ਬੜੀ ਸ਼ਰਮ ਆਈ ਸੀ।

ਡੈਡੀ ਦਾ ਲੇਖ ਸੁਣਾ ਲੈਣ ਮਗਰੋਂ, ਉਸਤਾਨੀ ਨੇ ਆਖਿਆ:

''ਮੈਨੂੰ ਆਸ ਏ ਕਿ ਤੂੰ ਅਗਲੀ ਵਾਰੀ ਇਸ ਤੋਂ ਚੰਗਾ ਲਿਖੇਂਗਾ। ਤੇ ਵਾਸਿਆ ਵੀ ਖ਼ਰਾਬ ਨਹੀਂ ਲਿਖੇਗਾ। ਤੈਨੂੰ ਮੇਰੀ ਗੱਲ ਦੀ ਸਮਝ ਆਈ?''

''ਹਾਂ...'' ਬਾਲ ਡੈਡੀ ਨੇ ਹੌਲੀ ਜਿਹੀ ਆਖਿਆ।

''ਤੈਨੂੰ, ਵਾਸਿਆ?'' ਉਸਤਾਨੀ ਨੇ ਪੁੱਛਿਆ।

ਤੇ ਵਾਸਿਆ ਨੇ ਵੀ ਹੌਲੀ ਜਿਹੀ ਜਵਾਬ ਦਿੱਤਾ:

''ਹਾਂ...''

ਉਹ ਦੋਵੇਂ ਬਹਿ ਗਏ। ਦੋਵਾਂ ਦੇ ਮੂੰਹ ਲਾਲ ਸਨ। ਸਾਰੀ ਜਮਾਤ ਉਹਨਾਂ ਵੱਲ ਵੇਖ ਰਹੀ ਸੀ ਪਰ ਕਿਸੇ ਨੂੰ ਕੁਝ ਸਮਝ ਨਹੀਂ ਸੀ ਆਈ। ਬਾਲ ਡੈਡੀ ਤੇ ਵਾਸਿਆ ਨੇ ਇਕ ਦੂਜੇ ਨਾਲ ਕੋਈ ਗੱਲ ਨਹੀਂ ਸੀ ਕੀਤੀ। ਪਰ ਉਸ ਦਿਨ ਤੋਂ ਮਗਰੋਂ ਡੈਡੀ ਨੇ ਆਪਣਾ ਹਿਸਾਬ ਦਾ ਕੰਮ ਆਪ ਕਰਨਾ ਸ਼ੁਰੂ ਕਰ ਦਿੱਤਾ। ਅਤੇ ਵਾਸਿਆ ਨੇ ਡੈਡੀ ਦੀ ਮਦਦ ਬਗ਼ੈਰ ਆਪਣੇ ਲੇਖ ਆਪ ਲਿਖਣੇ ਸ਼ੁਰੂ ਕਰ ਦਿੱਤੇ। ਸ਼ੁਰੂ ਵਿਚ ਬਾਲ ਡੈਡੀ ਕੋਲੋਂ ਬੜੀਆਂ ਗ਼ਲਤੀਆਂ ਹੁੰਦੀਆਂ ਰਹੀਆਂ। ਤੇ ਵਾਸਿਆ ਦੇ ਲੇਖ ਵੀ ਬਹੁਤ ਚੰਗੇ ਨਹੀਂ ਸਨ ਹੁੰਦੇ। ਪਰ ਫੇਰ ਦੋਵੇਂ ਚੰਗਾ ਕੰਮ ਕਰਨ ਲੱਗ ਪਏ ਤੇ ਉਹਨਾਂ ਨੂੰ ਸਮਝ ਆ ਗਈ ਕਿ ਸਾਰਾ ਕੰਮ ਆਪ ਕਰਨਾ ਚਾਹੀਦਾ ਹੈ, ਕਦੇ ਕਿਸੇ ਕੋਲੋਂ ਨਹੀਂ ਕਰਾਉਣਾ ਚਾਹੀਦਾ। ਪਰ ਉਹ ਬਾਦ ਵਿਚ ਵੀ ਕਈ ਵਰ੍ਹੇ ਇਕੋ ਡੈਸਕ ਉਤੇ ਬੈਹਿੰਦੇ ਰਹੇ।

ਡੈਡੀ ਨੇ ਮਾਯਾਕੋਵਸਕੀ ਨਾਲ ਕਿਵੇਂ ਗੱਲ ਕੀਤੀ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਉਹਨੇ ਇਕ ਵਾਰੀ ਕਵੀ ਮਾਯਾਕੋਵਸਕੀ ਨਾਲ ਗੱਲ ਕੀਤੀ ਸੀ। ਜਾਂ ਸਮਝੋ, ਮਾਯਾਕੋਵਸਕੀ ਨੇ ਉਹਦੇ ਨਾਲ ਗੱਲ ਕੀਤੀ ਸੀ। ਹੋਇਆ ਇਹ ਸੀ।

ਇਕ ਵਾਰੀ ਬਾਲ ਡੈਡੀ ਨੇ ਕਵਿਤਾ ਲਿਖੀ ਜਿਸ ਦਾ ਨਾਂ ਸੀ "ਖਾਣਪੁਟ"। ਕਵਿਤਾ ਉਹਨੇ ਆਪਣੀ ਉਸਤਾਨੀ ਨੂੰ ਵਿਖਾਈ। ਉਸ ਨੇ ਕਵਿਤਾ ਪੜ੍ਹੀ ਤੇ ਆਖਿਆ :

"ਸਾਡੇ ਸਕੂਲ ਵਿਚ ਕੋਈ ਵੀ ਕਵਿਤਾ ਨਹੀਂ ਲਿਖਦਾ। ਇਸ ਕਰਕੇ ਅਸੀਂ ਤੇਰੀ ਕਵਿਤਾ ਨੂੰ ਆਪਣੇ ਸਕੂਲ ਦੇ ਕੰਧ-ਅਖ਼ਬਾਰ ਵਿਚ ਛਾਪਾਂਗੇ। ਸ਼ਾਬਾਸ਼ ਤੇਰੇ, ਕਿ ਤੂੰ ਇਹ

ਕਵਿਤਾ ਲਿਖੀ ਹੈ। ਪਰ ਤੂੰ ਕਿਤੇ ਇਹ ਨਾ ਸਮਝਣ ਲੱਗ ਪਈਂ ਕਿ ਤੂੰ ਪੂਸ਼ਕਿਨ ਬਣ ਗਿਆ ਏਂ। ਬੜਾ ਵਕਤ ਲੱਗੇਗਾ।"

ਬਾਲ ਡੈਡੀ ਨੇ ਵਾਅਦਾ ਕੀਤਾ ਕਿ ਉਹ ਆਪਣੇ ਆਪ ਨੂੰ ਪੂਸ਼ਕਿਨ ਨਹੀਂ ਸਮਝਣ ਲੱਗ ਪਵੇਗਾ।

ਕਵਿਤਾ ਸਕੂਲ ਦੇ ਕੰਧ–ਅਖਬਾਰ ਵਿਚ ਛਪ ਗਈ। ਸਕੂਲ ਦੇ ਸਾਰੇ ਬੱਚੇ ਹੀ ਇਸ ਨੂੰ ਪੜ੍ਹਦੇ ਸਨ। ਇਸ ਲਈ ਸਾਰਿਆਂ ਨੂੰ ਪਤਾ ਲੱਗ ਗਿਆ ਕਿ ਤੀਜੀ ਜਮਾਤ ਵਿਚ ਇਕ ਮੁੰਡਾ ਹੈ ਜਿਹੜਾ ਕਵਿਤਾ ਲਿਖਦਾ ਹੈ। ਅਧਿਆਪਕਾਂ ਨੇ ਬਾਲ ਡੈਡੀ ਦੀਆਂ ਬੜੀਆਂ ਤਾਰੀਫ਼ਾਂ ਕੀਤੀਆਂ। ਮੁੰਡੇ ਉਸ ਨੂੰ ਛੇੜਨ ਲੱਗ ਪਏ : "ਔਹ ਜਾਂਦਾ ਜੇ ਕਵੀ।" ਸਾਰੀਆਂ ਵੱਡੀਆਂ ਕੁੜੀਆਂ ਨੇ ਬਾਲ ਡੈਡੀ ਨੂੰ ਆਖਿਆ ਕਿ ਉਹਨਾਂ ਦੀਆਂ ਐਲਬਮਾਂ ਵਿਚ ਕੁਝ ਲਿਖ ਦੇਵੇ। ਤੇ ਸਕੂਲ ਦੇ ਕੰਧ–ਅਖ਼ਬਾਰ ਦੇ ਸੰਪਾਦਕ ਨੇ ਆਖਿਆ :

"ਹਰ ਅੰਕ ਵਾਸਤੇ ਕਵਿਤਾ ਲਿਖਿਆ ਕਰ, ਨਹੀਂ ਤਾਂ ਆਹ ਵੇਖ ਲੈ," ਤੇ ਉਸ ਨੇ ਡੈਡੀ ਨੂੰ ਘਸੁੰਨ ਵੱਟ ਕੇ ਵਿਖਾਇਆ।

ਜਦੋਂ ਬਾਲ ਡੈਡੀ ਵੱਡਾ ਹੋ ਗਿਆ ਤਾਂ ਉਸ ਨੂੰ ਸਮਝ ਆਈ ਕਿ ਅਜਿਹਾ ਸੰਪਾਦਕ ਤਾਂ ਕਵੀ ਦਾ ਸੁਪਨਾ ਹੁੰਦਾ ਹੈ। ਪਰ ਉਸ ਵੇਲੇ ਉਹ ਬਹੁਤ ਡਰ ਗਿਆ ਸੀ। ਸੰਪਾਦਕ ਸਤਵੀਂ ਜਮਾਤ ਦਾ ਇਕ ਹੱਟਾ ਕੱਟਾ ਮੁੰਡਾ ਸੀ ਤੇ ਉਹਦਾ ਘਸੁੰਨ ਕਿਸੇ ਨੂੰ ਵੀ ਡਰਾ ਸਕਦਾ ਸੀ। ਏਹੋ ਕਾਰਨ ਸੀ ਕਿ ਉਸ ਤੋਂ ਬਾਦ ਸਕੂਲ ਦੇ ਕੰਧ–ਅਖਬਾਰ ਦੇ ਹਰ ਅੰਕ ਵਿਚ ਡੈਡੀ ਦੀ ਇਕ ਕਵਿਤਾ ਛਪੀ ਹੁੰਦੀ। ਕਿਉਂਕਿ ਸੰਪਾਦਕ ਕੋਲ ਦੋ ਤਕੜੇ ਘਸੁੰਨ ਸਨ ਇਸ ਲਈ ਕਈ ਵਾਰੀ ਦੋ ਵੀ ਛਪ ਜਾਂਦੀਆਂ ਸਨ।

ਬਾਲ ਡੈਡੀ ਨੇ ਦੁਨੀਆ ਦੀ ਹਰ ਚੀਜ਼ ਬਾਰੇ ਕਵਿਤਾ ਲਿਖੀ। ਉਸ ਨੇ ਬਸੰਤ ਬਾਰੇ, ਸਿਆਲ, ਪਤਝੜ ਤੇ ਹੁਨਾਲ ਦੇ ਮੌਸਮਾਂ ਬਾਰੇ ਕਵਿਤਾਵਾਂ ਲਿਖੀਆਂ। ਪੈਰਿਸ ਕਮਿਊਨ ਬਾਰੇ ਵੀ ਇਕ ਕਵਿਤਾ ਲਿਖੀ। ਵਿਅੰਗਮਈ ਕਵਿਤਾਵਾਂ, ਲੜਾਕਿਆਂ ਬਾਰੇ ਕਵਿਤਾ ਲਿਖੀ, ਨਕਲ ਮਾਰਨ ਵਾਲਿਆਂ ਬਾਰੇ ਲਿਖੀ। ਇਕ ਕਵਿਤਾ ਦਾ ਨਾਂ ਸੀ "ਪੁਗਾਚੋਵ ਦੀ ਬਗ਼ਾਵਤ।" ਇਹ ਛੇਵੀਂ ਜਮਾਤ ਦੇ ਮੁੰਡਿਆਂ ਬਾਰੇ ਸੀ ਜਿਹੜੇ ਰਸਾਇਣ ਵਿਗਿਆਨ ਦੀ ਘੰਟੀ ਵਿਚੋਂ ਦੌੜ ਜਾਂਦੇ ਸਨ। ਕਵਿਤਾ ਦਾ ਸਿਰਲੇਖ ਇਸ ਵਾਸਤੇ ਇਹ ਰੱਖਿਆ ਕਿ ਰਸਾਇਣ ਵਿਗਿਆਨ ਮਾਸਟਰ ਦਾ ਨਾਂ ਪੁਗਾਚੋਵ ਸੀ। ਦੋ ਵਰ੍ਹਿਆਂ ਵਿਚ ਬਾਲ ਡੈਡੀ ਨੇ ਬਹੁਤ ਸਾਰੀਆਂ ਕਵਿਤਾਵਾਂ ਲਿਖ ਲਈਆਂ। ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਕਿਸ ਤਰ੍ਹਾਂ ਦੀਆਂ ਹਨ— ਵਧੀਆ ਜਾਂ ਘਟੀਆ। ਸਕੂਲ ਵਿਚ ਸਾਰੇ ਉਸ ਨੂੰ ਦਾਦ ਦੇਂਦੇ ਸਨ, ਪਰ ਉਸ ਨੂੰ ਇਸ

ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਇਹ ਅਸਲ ਕਵਿਤਾ ਨਹੀਂ। ਪਰ ਉਸ ਦਾ ਇਹ ਜਾਣਨ ਨੂੰ ਬੜਾ ਜੀਅ ਕਰਦਾ ਸੀ ਕਿ ਉਹ ਕਦੇ ਅਸਲ ਕਵਿਤਾ ਲਿਖ ਸਕੇਗਾ ਜਾਂ ਨਹੀਂ। ਉਸ ਦੇ ਇਸ ਸਵਾਲ ਦਾ ਜਵਾਬ ਕੌਣ ਦੇ ਸਕਦਾ ਸੀ ? ਸਿਰਫ ਕੋਈ ਚੰਗਾ ਕਵੀ ਹੀ। ਜਿਹੜਾ ਸਭ ਤੋਂ ਚੰਗਾ ਲਿਖਦਾ ਸੀ ਤੇ ਬੇਹੱਦ ਮਸ਼ਹੂਰ ਸੀ। ਇਕ ਲਫਜ਼ ਵਿਚ, ਮਾਯਾਕੋਵਸਕੀ।

ਬਾਲ ਡੈਡੀ ਨੇ ਆਪਣੀਆਂ ਚੰਗੀਆਂ ਚੰਗੀਆਂ ਕਵਿਤਾਵਾਂ ਇਕੱਠੀਆਂ ਕੀਤੀਆਂ ਤੇ ਉਹਨਾਂ ਨੂੰ ਮਾਯਾਕੋਵਸਕੀ ਨੂੰ ਵਿਖਾਉਣ ਦਾ ਫੈਸਲਾ ਕੀਤਾ। ਪਰ ਬਾਲ ਡੈਡੀ ਨੂੰ ਮਾਯਾਕੋਵਸਕੀ ਕੋਲ ਜਾਣ ਤੋਂ ਡਰ ਲੱਗਦਾ ਸੀ ਕਿਉਂਕਿ ਉਹ ਹਾਲੇ ਬਹੁਤ ਛੋਟਾ ਸੀ। ਇਸ ਵਾਸਤੇ ਉਹਨੇ ਟੈਲੀਫੋਨ ਉਤੇ ਹੀ ਗੱਲ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਡਾਇਰੈਕਟਰੀ ਵਿਚੋਂ ਮਾਯਾਕੋਵਸਕੀ ਦਾ ਟੈਲੀਫੋਨ ਨੰਬਰ ਲਭਿਆ। ਅਤੇ ਲਗਾਤਾਰ ਕਈ ਦਿਨ ਤਰਕਾਲਾਂ ਵੇਲੇ, ਜਦੋਂ ਘਰ ਵਿਚ ਹੋਰ ਕੋਈ ਨਾ ਹੁੰਦਾ, ਬਾਲ ਡੈਡੀ ਮੇਜ਼ ਉਤੇ ਆਪਣੀਆਂ ਕਵਿਤਾਵਾਂ ਖਿਲਾਰ ਬਹਿੰਦਾ, ਆਪਣੇ ਅੰਦਰ ਹਿੰਮਤ ਪੈਦਾ ਕਰਦਾ, ਟੈਲੀਫੋਨ ਦਾ ਚੋਂਗਾ ਚੁਕਦਾ, ਅਪਰੇਟਰ ਨੂੰ ਨੰਬਰ ਦੱਸਦਾ... ਤੇ ਚੋਂਗਾ ਉਲਟਾ ਕਰ ਕੇ ਫੜੀ ਰੱਖਦਾ। ਉਸ ਨੂੰ ਮਾਯਾਕੋਵਸਕੀ ਨਾਲ ਗੱਲ ਕਰਨ ਤੋਂ ਡਰ ਲੱਗਦਾ ਸੀ। ਪੂਰਾ ਹਫਤਾ ਏਹੋ ਕੁਝ ਹੁੰਦਾ ਰਿਹਾ। ਬਾਲ ਡੈਡੀ ਆਪਣੇ ਆਪ ਤੋਂ ਬੜਾ ਸ਼ਰਮਿੰਦਾ ਸੀ। ਅਖੀਰ ਇਕ ਐਤਵਾਰ ਤਰਕਾਲੀਂ, ਜਦੋਂ ਦਾਦਾ ਤੇ ਦਾਦੀ ਥੇਟਰ ਗਏ ਹੋਏ ਸਨ, ਬਾਲ ਡੈਡੀ ਨੇ ਮਾਯਾਕੋਵਸਕੀ ਨੂੰ ਫੋਨ ਕੀਤਾ। ਅੰਦਰ ਮੱਚੀ ਹਲਚਲ ਕਾਰਨ ਕੰਬਦਿਆਂ ਉਸ ਨੇ ਚੋਂਗਾ ਘੁਟ ਕੇ ਫੜਿਆ ਹੋਇਆ ਸੀ। ਇਸ ਵਾਰੀ ਉਹਨੇ ਇਸ ਨੂੰ ਉਲਟ ਨਹੀਂ ਸੀ ਕੀਤਾ। ਉਸ ਨੇ ਇਕ ਭਾਰੀ ਤੇ ਗਰਜਵੀਂ ਆਵਾਜ਼ ਸੁਣੀ ਜਿਹੜੀ ਉਹਨੂੰ ਬਾਕੀ ਸਾਰੀ ਉਮਰ ਯਾਦ ਰਹੀ, ਜਿਸ ਬਾਰੇ ਬਾਦ ਵਿਚ ਉਹਨੇ ਪੜ੍ਹਿਆ ਸੀ ਜਾਂ ਸੁਣਿਆ ਸੀ। ਉਸ ਸ਼ਾਮ ਇਸ ਆਵਾਜ਼ ਵਿਚ ਬੜਾ ਰੋਹ ਸੀ। ਉਸ ਨੇ ਬੜੇ ਸਖ਼ਤ ਲਹਿਜੇ ਵਿਚ ਬਾਲ ਡੈਡੀ ਨੂੰ ਪੁੱਛਿਆ :

"ਹਾਂ, ਕੌਣ ਬੋਲਦੈ ?"

ਬਾਲ ਡੈਡੀ ਸਹਿਮ ਗਿਆ। ਉਸ ਦਾ ਸੰਘ ਸੁਕ ਗਿਆ ਤੇ ਉਹ ਕੁਝ ਨਾ ਬੋਲ ਸਕਿਆ। ਤੇ ਆਵਾਜ਼ ਗਰਜੀ :

"ਕੌਣ ਬੇਵਕੂਫ ਹੈ ਇਹ ? ਰੋਜ਼ ਤਰਕਾਲਾਂ ਨੂੰ ਕੋਈ ਬੁੱਧੂ ਫੋਨ ਕਰਦੈ। ਫੋਨ ਕਰਦੈ ਤੇ ਅੱਗੋਂ ਬੋਲਦਾ ਕੁਝ ਨਹੀਂ। ਬੋਲ ਬੋਲ ! ਬੋਲ ਸੁਹਣਿਆ, ਸ਼ਰਮਾ ਨਾ।"

ਬਾਲ ਡੈਡੀ ਦਾ ਐਸਾ ਤ੍ਰਾਹ ਨਿਕਲਿਆ ਹੋਇਆ ਸੀ ਕਿ ਉਹਦੇ ਮੂੰਹ ਵਿਚੋਂ ਇਕ ਲਫਜ਼ ਵੀ ਨਾ ਨਿਕਲ ਸਕਿਆ। ਉਹਦੇ ਹੱਥੋਂ ਉਹ ਪਲ ਨਿਕਲ ਗਿਆ ਜਦੋਂ ਉਹ ਮਾਫੀ ਮੰਗ

ਸਕਦਾ ਸੀ, ਦੁਆ–ਸਲਾਮ ਕਰ ਸਕਦਾ ਸੀ, ਕੁਝ ਆਖ ਪੁੱਛ ਸਕਦਾ ਸੀ। ਉਹ ਸਿਰਫ ਏਨਾ ਹੀ ਕਰ ਸਕਿਆ ਕਿ ਪੱਥਰ ਬਣਿਆ ਬੈਠਾ ਸੁਣਦਾ ਰਿਹਾ। ਤੇ ਉਸ ਨੇ ਸੁਣਿਆ:

"ਅਲਵਿਦਾ ਚੁੱਪੂ! ਠਹਿਰ ਜਾ, ਮੈਂ ਤੈਨੂੰ ਕਾਬੂ ਕਰ ਲਵਾਂਗਾ। ਬਸ ਇਕ ਵਾਰੀ ਹੋਰ ਫੋਨ ਕਰੀਂ ਮੈਨੂੰ!"

ਤੇ ਮਾਯਾਕੋਵਸਕੀ ਨੇ ਠਾਹ ਕਰਕੇ ਚੋਂਗਾ ਰੱਖ ਦਿੱਤਾ। ਬਾਲ ਡੈਡੀ ਨੇ ਉਹਨੂੰ ਫੇਰ ਕਦੇ ਫੋਨ ਨਹੀਂ ਸੀ ਕੀਤਾ। ਉਸ ਨੇ ਫੇਰ ਨਾ ਕਦੇ ਉਹਨੂੰ ਵੇਖਿਆ ਨਾ ਸੁਣਿਆ। ਤੇ ਜੋ ਕੁਝ ਹੋਇਆ ਸੀ ਉਸ ਬਾਰੇ ਵੀ ਉਹਨੇ ਕਦੇ ਕਿਸੇ ਨੂੰ ਨਹੀਂ ਸੀ ਦੱਸਿਆ। ਤੇ ਕਈ ਵਰ੍ਹਿਆਂ ਤੱਕ ਇਸ ਗੱਲਬਾਤ ਦਾ ਸਿਰਫ ਦੋ ਹੀ ਬੰਦਿਆਂ ਨੂੰ ਪਤਾ ਸੀ: ਬਾਲ ਡੈਡੀ ਨੂੰ ਤੇ ਮਾਯਾਕੋਵਸਕੀ ਨੂੰ। ਫੇਰ ਉਸ ਤੋਂ ਮਗਰੋਂ ਇਸ ਗੱਲ ਦਾ ਸਿਰਫ ਬਾਲ ਡੈਡੀ ਨੂੰ ਹੀ ਇਲਮ ਸੀ। ਮਾਯਾਕੋਵਸਕੀ ਨਾਲ ਹੋਈ ਇਹ ਗੱਲ ਉਸ ਨੂੰ ਕਦੇ ਨਹੀਂ ਸੀ ਭੁੱਲੀ। ਤੇ ਹੁਣ ਤੁਹਾਨੂੰ ਇਸ ਦਾ ਪਤਾ ਲੱਗ ਗਿਆ ਹੈ।

ਡੈਡੀ ਨੇ ਕਵਿਤਾ ਕਿਵੇਂ ਸੁਣਾਈ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਤਾਂ ਉਹਦੇ ਨਾਲ ਇਕ ਘਟਨਾ ਵਾਪਰੀ। ਡੈਡੀ ਦੇ ਸਕੂਲ ਨੂੰ ਦੂਸਰੇ ਸਕੂਲ ਦੇ ਸਭਿਆਚਾਰਕ ਪ੍ਰੋਗਰਾਮ ਵਿਚ ਬੁਲਾਇਆ ਗਿਆ। ਇਹ ਮੋੜਵਾਂ ਫੇਰਾ ਸੀ। ਕੁਝ ਦਿਨ ਹੋਏ, ਉਸ ਸਕੂਲ ਦੇ ਮੁੰਡਿਆਂ ਕੁੜੀਆਂ ਨੇ ਡੈਡੀ ਦੇ ਸਕੂਲ ਦੇ ਸਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਲਿਆ ਸੀ। ਉਹਨਾਂ ਨੇ ਗੀਤ ਗਾਏ ਸਨ, ਨਾਚ ਕੀਤਾ ਸੀ, ਕਵਿਤਾਵਾਂ ਸੁਣਾਈਆਂ ਤੇ ਕਲਾਬਾਜ਼ੀਆਂ ਵਿਖਾਈਆਂ। ਉਹਨਾਂ ਨੇ

ਤਾਂ ਪੂਸ਼ਕਿਨ ਦੀ ਰਚਨਾ "ਬੋਰਿਸ ਗੋਦੂਨੋਵ" ਵਿਚੋਂ ਇਕ ਝਾਕੀ ਵੀ ਪੇਸ਼ ਕੀਤੀ ਸੀ। ਇਹ ਠੀਕ ਹੈ ਕਿ ਜਿਸ ਮੁੰਡੇ ਨੇ ਗਰੀਗੋਰੀ ਦਾ ਰੋਲ ਖੇਡਿਆ, ਉਹਦਾ ਬਾਰੀ ਵਿਚੋਂ ਛਾਲ ਮਾਰਨ ਲੱਗਿਆਂ ਵਾਧੇ ਨਾਲ ਪੈਰ ਅੜ ਗਿਆ ਤੇ ਸਾਰਾ ਸੈਟ ਹੇਠਾਂ ਡਿਗ ਪਿਆ ਸੀ। ਪਰ ਇਹ ਗੱਲ ਤਾਂ ਹਰ ਕਿਸੇ ਨਾਲ ਵਾਪਰ ਸਕਦੀ ਹੈ। ਸਮੁਚੇ ਤੌਰ ਤੇ ਉਹਨਾਂ ਨੇ ਝਾਕੀ ਬਹੁਤ ਚੰਗੀ ਤਰ੍ਹਾਂ ਪੇਸ਼ ਕੀਤੀ ਸੀ। ਹੁਣ ਡੈਡੀ ਦੇ ਸਕੂਲ ਨੇ ਉਸ ਸਕੂਲ ਵਿਚ ਪ੍ਰੋਗਰਾਮ ਪੇਸ਼ ਕਰਨਾ ਸੀ। ਇਹ ਚਾਹੁੰਦੇ ਸਨ ਕਿ ਉਹ ਸਭ ਮੂੰਹ ਵਿਚ ਉਂਗਲਾਂ ਪਾ ਲੈਣ। ਪਰ ਕਿਵੇਂ? ਬੱਚੇ ਇਸ ਬਾਰੇ ਸਲਾਹਾਂ ਕਰਨ ਲੱਗੇ।

"ਅਸੀਂ ਗੀਤ ਗਾਵਾਂਗੇ, ਪਰ ਉਹ ਵੀ ਗਾ ਸਕਦੇ ਹਨ। ਅਸੀਂ ਨਾਚ ਕਰਾਂਗੇ ਤੇ ਉਹ ਵੀ ਨਚ ਸਕਦੇ ਹਨ। ਉਹ ਸਗੋਂ ਸਾਡੇ ਨਾਲੋਂ ਚੰਗਾ ਨਚ ਲੈਂਦੇ ਹਨ। ਸਾਡੇ ਕਲਾਬਾਜ਼ ਓਨੇ ਹੀ ਚੰਗੇ ਹਨ ਜਿੱਨੇ ਉਹਨਾਂ ਦੇ। ਤੇ ਜੇ ਸਾਡੇ ਪਿਰਾਮਿਡ ਡਿਗ ਪਏ? ਕੋਈ ਨਹੀਂ ਉਹਨਾਂ ਦਾ ਸੈਟ ਵੀ ਡਿਗ ਹੀ ਪਿਆ ਸੀ। ਅਸੀਂ ਕਵਿਤਾ ਪਾਠ ਕਰ ਸਕਦੇ ਹਾਂ, ਪਰ ਉਹ ਵੀ ਕਰ ਸਕਦੇ ਹਨ। ਸਾਡੇ ਕੋਲ ਕਿਹੜੀ ਐਸੀ ਚੀਜ਼ ਹੈ ਜਿਹੜੀ ਉਹਨਾਂ ਕੋਲ ਨਹੀਂ?"

ਸਭ ਬੱਚੇ ਬੜੀ ਦੇਰ ਤਕ ਦਿਮਾਗ਼ ਉਤੇ ਜ਼ੋਰ ਪਾ ਕੇ ਸੋਚਦੇ ਰਹੇ।

"ਸਾਡੇ ਕੋਲ ਗੋਰਬੂਸ਼ਕਾ ਹੈ," ਅਖੀਰ ਇਕ ਮੁੰਡੇ ਨੇ ਕਿਹਾ।

ਤੇ ਫੇਰ ਸਾਰੇ ਮੁੰਡੇ ਹੱਸਣ ਲੱਗ ਪਏ ਤੇ ਰੌਲਾ ਪਾਉਣ ਲੱਗ ਪਏ:

"ਉਹ ਭੌਂਕ ਸਕਦਾ ਹੈ!"

"ਉਹ ਕਾਂ ਕਾਂ ਕਰ ਸਕਦਾ ਹੈ!"

"ਉਹ ਮਿਆਊਂ ਮਿਆਊਂ ਕਰ ਸਕਦਾ ਹੈ!"

"ਉਹ ਹੱਥਾਂ ਭਾਰ ਤੁਰ ਸਕਦਾ ਹੈ!"

"ਸਿਰ ਪਰਨੇ ਤੁਰ ਸਕਦਾ ਹੈ।"

"ਬਈ ਰੌਲਾ ਨਾ ਪਾਓ!" ਉਸਤਾਨੀ ਨੇ ਆਖਿਆ।

ਸਭ ਚੁੱਪ ਹੋ ਗਏ ਤੇ ਗੋਰਬੂਸ਼ਕਾ ਨੇ ਮੂੰਹ ਵੱਟ ਕੇ ਹੌਲੀ ਜਿਹੀ ਆਖਿਆ:

"ਫੇਰ ਕੀ ਹੈ... ਕੋਈ ਵੀ ਇਹ ਸਭ ਕੁਝ ਕਰ ਸਕਦਾ ਹੈ... ਪਰ ਜੇ ਮੈਂ ਕਵਿਤਾ ਲਿਖਦਾ ਹੁੰਦਾ..."

ਤੇ ਇਹ ਆਖ ਕੇ ਉਸ ਨੇ ਬਾਲ ਡੈਡੀ ਵੱਲ ਵੇਖਿਆ। ਬਾਕੀ ਸਾਰਿਆਂ ਨੇ ਵੀ ਬਾਲ ਡੈਡੀ ਵੱਲ ਵੇਖਿਆ। ਉਸਤਾਨੀ ਨੇ ਆਖਿਆ :

"ਬਿਲਕੁਲ ਠੀਕ! ਸਾਡੇ ਕੋਲ ਆਪਣਾ ਕਵੀ ਹੈ।"

"ਤੇ ਉਹਨਾਂ ਕੋਲ ਨਹੀਂ!" ਬੱਚਿਆਂ ਨੇ ਚਿੱਲਾ ਕੇ ਕਿਹਾ।

ਤਦ ਬਾਲ ਡੈਡੀ ਨੇ ਆਖਿਆ ਕਿ ਉਸ ਨੇ ਸਟੇਜ 'ਤੇ ਖਲੋ ਕੇ ਕਦੇ ਕਵਿਤਾ ਨਹੀਂ ਸੁਣਾਈ, ਤੇ ਉਹ ਵੀ ਦੂਸਰੇ ਸਕੂਲ ਵਿਚ ਤੇ ਉਹ ਵੀ ਫੇਰ ਆਪਣੀਆਂ ਕਵਿਤਾਵਾਂ। ਤੇ ਨਾਲੇ ...

ਪਰ ਏਨੇ ਨੂੰ ਸਾਰੇ ਰੌਲਾ ਪਾਉਣ ਲੱਗ ਪਏ :

"ਕੋਈ ਨਹੀਂ! ਕੋਈ ਨਹੀਂ!"

ਤੇ ਉਸਤਾਨੀ ਨੇ ਆਖਿਆ :

"ਸਭ ਕੁਝ ਠੀਕ ਰਹੇਗਾ। ਬਸ ਇਹ ਯਾਦ ਰੱਖ ਕਿ ਤੂੰ ਪੂਸ਼ਕਿਨ ਨਹੀਂ।"

ਉਸ ਨੇ ਇਹ ਗੱਲ ਬਾਲ ਡੈਡੀ ਨੂੰ ਪਹਿਲਾਂ ਵੀ ਕਈ ਵਾਰੀ ਆਖੀ ਸੀ ਤੇ ਉਸ ਨੇ ਭੁਲਾਈ ਨਹੀਂ ਸੀ।

ਅਖੀਰ ਉਹ ਭਿਆਨਕ ਦਿਨ ਆ ਗਿਆ। ਬਾਲ ਡੈਡੀ, ਡਰ ਨਾਲ ਥਰ ਥਰ ਕੰਬਦਾ, ਕਲਾਬਾਜ਼ਾਂ, ਨਚਾਰਾਂ ਤੇ ਗਾਇਕਾਂ ਦੇ ਨਾਲ ਉਸ ਓਪਰੇ ਸਕੂਲ ਨੂੰ ਤੁਰ ਪਿਆ। ਉਹ ਓਪਰੀ ਸਟੇਜ ਉਤੇ ਖੜਾ ਸੀ ਤੇ ਓਪਰੇ ਦਰਸ਼ਕ-ਹਾਲ ਨੂੰ ਵੇਖ ਰਿਹਾ ਸੀ। ਦਰਸ਼ਕ-ਹਾਲ ਓਪਰੇ ਮੁੰਡਿਆਂ ਕੁੜੀਆਂ ਨਾਲ ਭਰਿਆ ਹੋਇਆ ਸੀ। ਸਾਮ੍ਹਣੇ ਵਾਲੀ ਕਤਾਰ ਵਿਚ ਓਪਰਾ ਹੈਡਮਾਸਟਰ ਤੇ ਓਪਰੇ ਉਸਤਾਦ ਉਸਤਾਨੀਆਂ ਬੈਠੇ ਸਨ। ਉਹ ਸਭ ਅਜੀਬ ਨਜ਼ਰਾਂ ਨਾਲ ਸਟੇਜ ਵੱਲ ਵੇਖ ਰਹੇ ਸਨ ਤੇ ਅਜੀਬ ਤਰ੍ਹਾਂ ਨਾਲ ਹੱਸ ਰਹੇ ਸਨ। ਤੁਸੀਂ ਸ਼ਾਇਦ ਸਮਝ ਹੀ ਲਿਆ ਹੈ ਕਿ ਦਰਸ਼ਕ-ਹਾਲ ਬਹੁਤ ਸਾਧਾਰਨ ਮੁੰਡਿਆਂ ਕੁੜੀਆਂ ਤੇ ਅਧਿਆਪਕਾਂ ਨਾਲ ਭਰਿਆ ਹੋਇਆ ਸੀ। ਉਹ ਸਭ ਸਟੇਜ ਵੱਲ ਵੇਖਦੇ, ਹੱਸਦੇ ਤੇ ਬਿਲਕੁਲ ਓਸੇ ਤਰ੍ਹਾਂ ਤਾੜੀਆਂ ਮਾਰਦੇ ਸਨ ਜਿਵੇਂ ਡੈਡੀ ਦੇ ਸਕੂਲ ਵਿਚ ਸਭ ਕੁਝ ਹੁੰਦਾ ਸੀ। ਪਰ ਬਾਲ ਡੈਡੀ ਨੂੰ ਓਪਰੇ ਸਕੂਲ ਦੀ ਸਟੇਜ ਤੋਂ ਏਨਾ ਡਰ ਲੱਗ ਰਿਹਾ ਸੀ ਕਿ ਉਸ ਨੂੰ ਸਭ ਕੁਝ ਅਜੀਬ ਅਜੀਬ ਜਾਪਦਾ ਸੀ।

ਬੇਫਾਇਦਾ ਹੀ ਗੋਰਬੂਸ਼ਕਾ ਨੇ ਡੈਡੀ ਦੇ ਕੰਨ ਵਿਚ ਘੁਸਰ ਮੁਸਰ ਕੀਤਾ :

"ਕੋਈ ਖਾਸ ਗੱਲ ਨਹੀਂ ਇਸ ਸਕੂਲ ਵਿਚ। ਸਾਡੇ ਵਰਗੇ ਹੀ ਨੇ ਸਾਰੇ, ਸਗੋਂ ਉਸ ਤੋਂ ਵੀ ਭੈੜੇ..."

ਕੁੜੀਆਂ ਨੇ ਐਵੇਂ ਹੀ ਡੈਡੀ ਨੂੰ ਮਿੱਠੀਆਂ ਗੋਲੀਆਂ ਦਿੱਤੀਆਂ। ਵਿਅਰਥ ਹੀ ਉਸਤਾਨੀ ਨੇ ਉਸ ਨੂੰ ਆਖਿਆ:

"ਸ਼ਰਮ ਕਰ ਕੁਝ! ਤੈਨੂੰ ਜ਼ਬਾਨੀ ਯਾਦ ਨਹੀਂ ਕਵਿਤਾਵਾਂ?"

"ਯਾਦ ਨੇ..." ਬਾਲ ਡੈਡੀ ਨੇ ਕੰਬਦੇ ਬੁਲ੍ਹਾਂ ਨਾਲ ਜਵਾਬ ਦਿੱਤਾ।

ਤੇ ਅਖੀਰ ਉਹ ਭਿਆਨਕ ਘੜੀ ਆ ਗਈ।

"ਹੁਣ ਤੁਸੀਂ ਸਾਡੇ ਸਕੂਲ ਦੇ ਇਕ ਕਵੀ ਨੂੰ ਸੁਣੋ!" ਉਸ ਨੇ ਮੰਚ ਤੋਂ ਐਲਾਨ ਸੁਣਿਆ। "ਉਹ ਤੁਹਾਨੂੰ ਆਪਣਾ ਕਲਾਮ ਸੁਣਾਵੇਗਾ।"

ਸਾਰਿਆਂ ਨੇ ਤਾੜੀਆਂ ਵਜਾਈਆਂ। ਗੋਰਬੂਸ਼ਕਾ ਨੇ ਬਾਲ ਡੈਡੀ ਨੂੰ ਧੱਕ ਕੇ ਅਗਾਂਹ ਕੀਤਾ। ਬਾਲ ਡੈਡੀ ਪੱਥਰ ਵਰਗੇ ਭਾਰੇ ਪੈਰ ਘਸੀਟਦਾ ਹੋਇਆ ਅਗਾਂਹ ਵਧਿਆ। ਉਹ ਆਪਣੀ ਜ਼ਿੰਦਗੀ ਵਿਚ ਕਦੇ ਏਨਾ ਨਹੀਂ ਸੀ ਡਰਿਆ ਸਹਿਮਿਆ। ਉਹਦੀਆਂ ਅੱਖਾਂ ਅਗੇ ਸਭ ਕੁਝ ਘੁੰਮੀ ਜਾ ਰਿਹਾ ਸੀ। ਉਸ ਦਾ ਸੰਘ ਸੁਕ ਗਿਆ ਹੋਇਆ ਸੀ। ਉਹਦੇ ਕੰਨਾਂ ਵਿਚ ਅਜੀਬ ਤਰ੍ਹਾਂ ਦੀ ਸ਼ਾਂ ਸ਼ਾਂ ਹੋ ਰਹੀ ਸੀ ਜਿਵੇਂ ਲਹਿਰਾਂ ਟਕਰਾਂ ਰਹੀਆਂ ਹੋਣ।

ਬਾਲ ਡੈਡੀ ਹਾਲ ਵਿਚ ਬੈਠੇ ਲੋਕਾਂ ਵਿਚੋਂ ਕਿਸੇ ਦਾ ਵੀ ਚਿਹਰਾ ਨਹੀਂ ਸੀ ਪਛਾਣ ਸਕਦਾ। ਉਹਦੀਆਂ ਅੱਖਾਂ ਅੱਗੇ ਭੰਬਰ ਤਾਰੇ ਨੱਚ ਰਹੇ ਸਨ। ਰੰਗ ਬਰੰਗੇ ਬੁਲਬਲੇ ਜਿਹੇ ਬਣਦੇ ਪਾਟਦੇ ਸਨ। ਤਾੜੀਆਂ ਵਜ ਰਹੀਆਂ ਸਨ। ਫੇਰ ਚੁੱਪ ਤਣ ਗਈ। ਸਭ ਕਵਿਤਾ ਸੁਣਨ ਲਈ ਉਤਸੁਕ ਹੋ ਬੈਠੇ। ਪਰ ਬਾਲ ਡੈਡੀ ਚੁਪ ਕਰਕੇ ਖੜਾ ਸੀ। ਬਾਦ ਵਿਚ ਗੋਰਬੂਸ਼ਕਾ ਨੇ ਦਸਿਆ ਸੀ ਕਿ ਪਹਿਲਾਂ ਡੈਡੀ ਦਾ ਰੰਗ ਚਿੱਟਾ ਹੋ ਗਿਆ। ਫੇਰ ਅਚਾਨਕ ਹੀ ਉਹ ਨੀਲਾ ਹੋ ਗਿਆ। ਫੇਰ ਹਰਿਆ ਤੇ ਉਸ ਤੋਂ ਪਿਛੋਂ ਲਾਲ ਦਾਗ਼ ਉਘੜ ਆਏ।

"ਵੇਖਿਆਂ ਹੀ ਬਣਦਾ ਸੀ!" ਗੋਰਬੂਸ਼ਕਾ ਨੇ ਆਖਿਆ। "ਜਿਵੇਂ ਅਸਤਬਾਜ਼ੀ ਚਲਦੀ ਹੈ। ਸ਼ਰਤ ਲਾ ਸਕਦਾ ਹਾਂ ਕਿ ਉਹਨਾਂ ਦੇ ਸਕੂਲ ਵਿਚ ਕੋਈ ਵੀ ਇਸ ਤਰ੍ਹਾਂ ਨਹੀਂ ਕਰ ਸਕਦਾ।"

ਸਰੋਤਿਆਂ ਵਿਚੋਂ ਕੋਈ ਹੱਸਿਆ ਤੇ ਬਾਲ ਡੈਡੀ ਨੇ ਆਪਣੀ ਕਵਿਤਾ ਸੁਣਾਉਣੀ ਸ਼ੁਰੂ ਕਰ

ਦਿੱਤੀ। ਉਸ ਨੇ ਉਹ ਤਰਾਨਾ ਸੁਣਾਇਆ ਜਿਹੜਾ ਉਹਨੇ ਆਪਣੇ ਸਕੂਲ ਬਾਰੇ ਲਿਖਿਆ ਸੀ। ਪਹਿਲਾਂ ਤਾਂ ਸਾਰਿਆਂ ਨੇ ਧਿਆਨ ਨਾਲ ਸੁਣਿਆ, ਤੇ ਜਦੋਂ ਉਹ ਟੀਪ ਦੀਆਂ ਤੁਕਾਂ ਫੇਰ ਪੜ੍ਹਨ ਲੱਗਾ, ਤਾਂ ਸਰੋਤਿਆਂ ਵਿਚ ਰੌਲਾ ਪੈ ਗਿਆ। ਗੱਲ ਇਹ ਸੀ ਕਿ ਟੀਪ ਦੀਆਂ ਤੁਕਾਂ ਇਹ ਸਨ :

ਜੇ ਤੂੰ ਰੌਬਿਨ ਹੁਡ ਬਣ ਜਾਵੇਂ
ਚੱਪਾ ਚੱਪਾ ਧਰਤੀ ਗਾਹਵੇਂ
ਕੋਈ ਸਕੂਲ ਨਾ ਲੱਭੇ ਐਸਾ
ਤੇਈ ਨੰਬਰ ਦਾ ਹੈ ਜੈਸਾ !

ਪਰ ਕਿਉਂਕਿ ਇਹ ਪ੍ਰੋਗਰਾਮ ਸਕੂਲ ਨੰਬਰ ਨੌਂ ਵਿਚ ਹੋ ਰਿਹਾ ਸੀ, ਇਸ ਕਰਕੇ ਬੱਚਿਆਂ ਨੂੰ ਬਾਲ ਡੈਡੀ ਦੇ ਇਹ ਸ਼ਬਦ ਪਸੰਦ ਨਹੀਂ ਸਨ। ਕੁਦਰਤੀ ਹੀ, ਉਹਨਾਂ ਨੂੰ ਲੱਗਾ ਕਿ ਇਹ ਉਹਨਾਂ ਦੇ ਸਕੂਲ ਦੀ ਇੱਜ਼ਤ ਦਾ ਸਵਾਲ ਹੈ। ਇਸ ਲਈ ਉਹ ਰੌਲਾ ਪਾਉਣ ਤੇ ਪੈਰਾਂ ਨਾਲ ਠੱਕ ਠੱਕ ਕਰਨ ਲੱਗ ਪਏ। ਬਾਲ ਡੈਡੀ ਏਨਾ ਡਰਿਆ ਸਹਿਮਿਆ ਸੀ ਕਿ ਉਹਨੂੰ ਸਮਝ ਨਾ ਆਵੇ ਕਿ ਗੱਲ ਕੀ ਹੈ। ਉਸ ਨੇ ਹੱਥ ਉੱਚਾ ਕੀਤਾ ਤੇ ਆਖਿਆ :

"ਮੇਰੀ ਬੇਨਤੀ ਹੈ ਕਿ ਬੰਦਾਂ ਦੇ ਵਿਚੋਂ ਰੁਕਾਵਟ ਨਾ ਪਾਓ। ਜਦੋਂ ਮੈਂ ਬੰਦ ਪੂਰਾ ਕਰ ਲਵਾਂ ਤਾਂ ਜਿੰਨਾ ਮਰਜ਼ੀ ਹੈ ਸ਼ੋਰ ਮਚਾ ਲਿਓ।"

ਸਾਰੇ ਹਾਲ ਵਿਚ ਖਾਮੋਸ਼ੀ ਛਾ ਗਈ। ਬਾਲ ਡੈਡੀ ਨੂੰ ਇਹ ਸਮਝ ਨਾ ਆਈ ਕਿ ਉਹਨੇ ਅਜਿਹੀ ਬੇਨਤੀ ਕਰਕੇ ਆਪਣੀ ਤਬਾਹੀ ਕਰ ਲਈ ਹੈ। ਸਕੂਲ ਨੰਬਰ ਨੌਂ ਦੇ ਬੱਚੇ ਬੜੇ ਚਲਾਕ ਸਨ। ਤੇ ਕਵਿਤਾ ਦਾ ਪਾਠ ਇਕ ਤਮਾਸ਼ਾ ਬਣ ਕੇ ਰਹਿ ਗਿਆ। ਬਾਲ ਡੈਡੀ ਬੰਦ ਪੜ੍ਹਦਾ ਤਾਂ ਪੂਰੀ ਖਾਮੋਸ਼ੀ ਹੁੰਦੀ। ਜਦੋਂ ਉਹ ਟੀਪ ਦੀਆਂ ਸਤਰਾਂ ਪੜ੍ਹਨ ਲੱਗਦਾ ਤਾਂ ਹੋ-ਹੱਲਾ ਮੱਚ ਜਾਂਦਾ। ਬੱਚੇ ਚਾਂਗਰਾਂ ਮਾਰਦੇ, ਭੌਂਕਦੇ, ਸੀਟੀਆਂ ਵਜਾਉਂਦੇ ਤੇ ਪੈਰਾਂ ਨਾਲ ਠੱਪ ਠੱਪ ਕਰਦੇ। ਫੇਰ ਸ਼ੋਰ ਬੰਦ ਹੋ ਜਾਂਦਾ। ਹਕਲਾਉਂਦਾ ਥਥਲਾਉਂਦਾ ਬਾਲ ਡੈਡੀ ਅਗਲਾ ਬੰਦ ਪੜ੍ਹਦਾ। ਤੇ ਉਸ ਤੋਂ ਮਗਰੋਂ ਫੇਰ ਰੌਲਾ ਸ਼ੁਰੂ ਹੋ ਜਾਂਦਾ। ਕਵਿਤਾ ਬਹੁਤ ਲੰਮੀ ਸੀ ਅਤੇ ਬਾਲ

ਡੈਡੀ ਨੇ ਮਸ਼ੀਨ ਵਾਂਗ ਬੋਲਦਿਆਂ, ਅਖੀਰ ਤੱਕ ਸਾਰੀ ਸੁਣਾ ਦਿੱਤੀ। ਜਦੋਂ ਕਵਿਤਾ ਖਤਮ ਹੋਈ ਤਾਂ ਸਭ ਹੱਸ ਹੱਸ ਦੂਹਰੇ ਹੋ ਰਹੇ ਸਨ। ਹਾਲ ਵਿਚ ਬੈਠੇ ਸਰੋਤੇ ਵੀ ਤੇ ਸਟੇਜ ਉਤੇ ਬੈਠੇ ਹੋਏ ਲੋਕ ਵੀ। ਆਪਣੇ ਸਕੂਲ ਵਾਲੇ ਵੀ ਤੇ ਓਪਰੇ ਸਕੂਲ ਵਾਲੇ ਵੀ। ਗੋਰਬੂਸ਼ਕਾ ਫਰਸ਼ ਉਤੇ ਲੇਟਣੀਆਂ ਮਾਰ ਰਿਹਾ ਸੀ। ਉਸਤਾਨੀ ਵੀ ਹੱਸ ਰਹੀ ਸੀ। ਬਾਲ ਡੈਡੀ ਆਪਣੀ ਇਹ ਨਮੋਸ਼ੀ ਕਦੇ ਨਾ ਭੁਲਾ ਸਕਿਆ। ਕਈ ਵਰ੍ਹੇ ਬੀਤ ਗਏ ਹਨ। ਬਾਲ ਡੈਡੀ ਵੱਡਾ ਹੋ ਗਿਆ ਹੈ। ਪਰ ਅੱਜ ਵੀ ਜੇ ਕੋਈ ਅਧਖੜ ਉਮਰ ਦਾ ਓਪਰਾ ਬੰਦਾ ਇਹ ਰੌਲਾ ਪਾਉਂਦਾ ਡੈਡੀ ਵੱਲ ਭੱਜਾ ਆਵੇ: "ਜੇ ਤੂੰ ਰੌਬਿਨ ਹੁਡ ਬਣ ਜਾਵੇਂ!" ਤੇ ਫੇਰ ਮਿਆਊਂ ਕਰ ਕੇ ਗ਼ਾਇਬ ਹੋ ਜਾਵੇ ਤਾਂ ਡੈਡੀ ਸਮਝ ਲੈਂਦਾ ਹੈ ਕਿ ਇਹ ਬੰਦਾ ਛੋਟਾ ਹੁੰਦਾ ਨੌਂ ਨੰਬਰ ਸਕੂਲ ਵਿਚ ਪੜ੍ਹਦਾ ਹੁੰਦਾ ਸੀ। ਉਹਨੂੰ ਡੈਡੀ ਦੀ ਕਵਿਤਾ ਭੁੱਲੀ ਨਹੀਂ ਸੀ। ਤੇ ਡੈਡੀ ਇਹ ਕਦੇ ਨਹੀਂ ਭੁਲਿਆ ਕਿ ਉਹ ਪੂਸ਼ਕਿਨ ਨਹੀਂ...

ਡੈਡੀ ਨੇ ਟੇਬਲ ਟੈਨਿਸ ਕਿਵੇਂ ਖੇਡੀ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਓਹਨੀਂ ਦਿਨੀਂ ਇਕ ਨਵੀਂ ਖੇਡ ਨਿਕਲੀ। ਅਜਕਲ ਇਸ ਨੂੰ ਟੇਬਲ ਟੈਨਿਸ ਕਹਿੰਦੇ ਹਨ। ਓਦੋਂ ਇਸ ਨੂੰ ਪਿੰਗ-ਪਾਂਗ ਕਹਿੰਦੇ ਸਨ। ਅਜਕਲ ਵੀ ਬਹੁਤ ਸਾਰੇ ਬੱਚਿਆਂ ਨੂੰ ਟੇਬਲ ਟੈਨਿਸ ਖੇਡਣਾ ਚੰਗਾ ਲੱਗਦਾ ਹੈ। ਪਰ ਓਦੋਂ ਹਰ ਸਕੂਲ ਵਿਚ, ਹਰ ਜਮਾਤ ਵਿਚ, ਹਰ ਵਿਹੜੇ ਵਿਚ ਟੇਬਲ ਟੈਨਿਸ ਖੇਡੀ ਜਾਂਦੀ ਸੀ। ਮੇਜ਼ਾਂ ਉਤੇ ਖੇਡੀ ਜਾਂਦੀ, ਬੈਂਚਾਂ ਉਤੇ ਖੇਡੀ ਜਾਂਦੀ, ਪਿਆਨੋ ਉਤੇ ਖੇਡੀ ਜਾਂਦੀ ਅਤੇ ਫਰਸ਼ ਉਤੇ ਖੇਡੀ ਜਾਂਦੀ। ਬੱਚੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਖੇਡਦੇ ਰਹਿੰਦੇ ਸਨ। ਕਈ

ਤਾਂ ਰਾਤ ਵੇਲੇ ਵੀ ਖੇਡਦੇ ਸਨ। ਕਈਆਂ ਨੂੰ ਟੇਬਲ ਟੈਨਿਸ ਤੋਂ ਸਿਵਾਏ ਦੁਨੀਆ ਦੀ ਹਰ ਚੀਜ਼ ਭੁਲ ਵਿਸਰ ਗਈ ਸੀ। ਹਰ ਰੋਜ਼ ਬਾਲ ਡੈਡੀ ਦੇ ਸਕੂਲ ਵਿਚ ਟੇਬਲ ਟੈਨਿਸ ਦੇ ਮੈਚ ਹੁੰਦੇ ਸਨ। ਸਭ ਟੋਲੀਆਂ ਇਕ ਦੂਜੀ ਨਾਲ ਮੈਚ ਖੇਡਦੀਆਂ। ਫੇਰ ਜਿੱਤੀਆਂ ਹੋਈਆਂ ਟੋਲੀਆਂ ਸਕੂਲ ਦੀ ਚੈਂਪੀਅਨਸ਼ਿਪ ਦਾ ਮੈਚ ਖੇਡਦੀਆਂ। ਫੇਰ ਸਕੂਲਾਂ ਦੇ ਚੈਂਪੀਅਨ ਖੇਡਦੇ ਤੇ ਜਿੱਤਣ ਵਾਲੇ ਆਪਣੇ ਇਲਾਕੇ ਦੇ ਚੈਂਪੀਅਨ ਬਣ ਜਾਂਦੇ। ਫੇਰ ਇਲਾਕਿਆਂ ਦੇ ਚੈਂਪੀਅਨਾਂ ਵਿਚਾਲੇ ਸ਼ਹਿਰ ਦਾ ਟੂਰਨਾਮੈਂਟ ਹੁੰਦਾ। ਫੇਰ ਮਾਸਕੋ ਤੇ ਲੈਨਿਨਗ੍ਰਾਦ ਵਿਚ ਮੈਚ ਖੇਡਿਆ ਜਾਂਦਾ।

ਬਾਲ ਡੈਡੀ ਵਾਸਤੇ ਇਹ ਗੱਲ ਹੈਰਾਨ ਕਰਨ ਵਾਲੀ ਸੀ। ਉਸ ਨੂੰ ਸਮਝ ਨਹੀਂ ਸੀ ਆਉਂਦਾ ਕਿ ਇਕ ਛੋਟੇ ਜਿਹੇ ਚਿੱਟੇ ਗੇਂਦ ਨੂੰ ਛੋਟੇ ਛੋਟੇ ਪੈਡਲਾਂ ਨਾਲ ਅੱਗੇ ਪਿੱਛੇ ਭੁੜਕਾਈ ਜਾਣ ਵਿਚ ਕੀ ਸਵਾਦ ਆਉਂਦਾ ਹੈ। "ਇਹਨਾਂ ਨੂੰ ਪੈਡਲ ਨਹੀਂ, ਰੈਕਟ ਕਹਿੰਦੇ ਨੇ," ਬੱਚੇ ਉਹਨੂੰ ਦੱਸਦੇ। "ਫੇਰ ਕੀ ਹੋਇਆ? ਮੈਨੂੰ ਤਾਂ ਹਾਲੇ ਵੀ ਕੋਈ ਸਮਝ ਨਹੀਂ ਪੈਂਦੀ।" "ਤੂੰ ਖੇਡ ਕੇ ਵੇਖ।" "ਮੈਨੂੰ ਕੋਈ ਦਿਲਚਸਪੀ ਨਹੀਂ।" "ਦਿਲਚਸਪੀ ਹੋ ਜਾਏਗੀ।" "ਨਹੀਂ ਹੋਣੀ।" "ਤੂੰ ਖੇਡ ਕੇ ਵੇਖ।" "ਨਹੀਂ ਜੀਅ ਕਰਦਾ।"

ਇਸ ਤਰ੍ਹਾਂ ਦੀ ਗੱਲਬਾਤ ਕਈ ਵਾਰੀ ਤੁਰ ਪੈਂਦੀ ਸੀ। ਅਤੇ ਕੁਦਰਤੀ ਹੀ, ਇਕ ਬੜੇ ਸੁਹਣੇ ਦਿਹਾੜੇ ਬਾਲ ਡੈਡੀ ਨੇ ਰੈਕਟ ਫੜ ਲਿਆ ਤੇ ਮੇਜ਼ ਦੇ ਇਕ ਪਾਸੇ ਆ ਖੜਾ ਹੋਇਆ। ਬਸ ਇਹ ਉਹਦੀ ਤਬਾਹੀ ਦਾ ਦਿਨ ਸੀ। ਮੈਂ ਲਿਖਿਆ ਸੀ : "ਇਕ ਬੜੇ ਸੁਹਣੇ ਦਿਹਾੜੇ।" ਪਰ ਬਾਲ ਡੈਡੀ ਦੇ ਮਾਪਿਆਂ ਨੇ ਹਮੇਸ਼ਾ ਹੀ ਇਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਕਾਲਾ ਦਿਨ ਸਮਝਿਆ। ਗੱਲ ਇਹ ਹੋਈ ਕਿ ਬਾਲ ਡੈਡੀ ਉਸ ਦਿਨ ਤੋਂ ਟੇਬਲ ਟੈਨਿਸ ਦਾ ਦੀਵਾਨਾ ਬਣ ਗਿਆ। ਸ਼ੁਰੂ ਸ਼ੁਰੂ ਵਿਚ ਉਹ ਆਪਣੇ ਰੈਕਟ ਨਾਲ ਗੇਂਦ ਨੂੰ ਚੋਟ ਨਹੀਂ ਸੀ ਮਾਰ ਸਕਿਆ। ਫੇਰ ਉਸ ਨੇ ਗੇਂਦ ਨੂੰ ਚੋਟ ਤਾਂ ਮਾਰਨੀ ਸਿੱਖ ਲਈ, ਪਰ ਉਹ ਮੇਜ਼ ਉਤੇ ਉਛਲਦਾ ਨਹੀਂ ਸੀ। ਅਖੀਰ ਜਦੋਂ ਬਾਲ ਡੈਡੀ ਨੇ ਗੇਂਦ ਨੂੰ ਐਸੀ ਚੋਟ ਮਾਰੀ ਕਿ ਉਹ ਮੇਜ਼ ਦੇ ਦੂਜੇ ਪਾਸੇ ਜਾ ਕੇ ਉਛਲ ਪਿਆ, ਤਾਂ ਸਚਮੁਚ ਹੀ ਇਸ ਖੇਡ ਵਿਚ ਉਹਦੀ ਦਿਲਚਸਪੀ ਜਾਗ ਪਈ। ਉਸ ਨੂੰ ਪਤਾ ਲੱਗਾ ਕਿ ਗੇਂਦ ਨੂੰ ਚੋਟ ਮਾਰਨ ਦੇ ਕਈ ਵੱਖ ਵੱਖ ਤਰੀਕੇ ਹਨ। ਇਸ ਨੂੰ ਤੇਜ਼ ਸਿੱਧੀ ਚੋਟ ਮਾਰੀ ਜਾ ਸਕਦੀ ਹੈ ਜਾਂ ਇਸ ਨੂੰ ਘੁਮੇਟਣੀ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਦੀ ਚੋਟ ਤੋਂ ਮਗਰੋਂ ਗੇਂਦ ਉਡ ਕੇ ਇਕ ਨੁੱਕਰ ਵਲ ਚਲਾ ਜਾਂਦਾ ਹੈ। ਚੰਗਾ ਖਿਡਾਰੀ ਗੇਂਦ ਨੂੰ ਮੇਜ਼ ਉਤੇ ਵਿਰੋਧੀ ਵਾਲੇ ਪਾਸੇ ਐਸੀ ਥਾਂ ਸੁਟਦਾ ਹੈ ਜਿਥੋਂ ਉਸ ਲਈ ਚੋਟ ਕਰਨਾ ਸੌਖਾ ਨਾ ਹੋਵੇ। ਡੈਡੀ ਅਜੇ ਵੀ ਸਮਝਦਾ ਹੈ ਕਿ ਟੇਬਲ ਟੈਨਿਸ ਬਹੁਤ ਹੀ ਕਮਾਲ ਦੀ

ਖੇਡ ਹੈ। ਪਰ ਓਦੋਂ ਵੀ ਬਾਲ ਡੈਡੀ ਦਾ ਖਿਆਲ ਸੀ ਕਿ ਟੇਬਲ ਟੈਨਿਸ ਵਰਗੀ ਦਿਲਚਸਪ ਖੇਡ ਦੁਨੀਆ ਵਿਚ ਹੋਰ ਕੋਈ ਨਹੀਂ। ਉਸ ਨੇ ਪੜ੍ਹਨਾ ਛੱਡ ਦਿੱਤਾ, ਸਕੂਲ ਤੋਂ ਮਿਲਿਆ ਘਰ ਦਾ ਕੰਮ ਕਰਨਾ ਬੰਦ ਕਰ ਦਿੱਤਾ। ਉਹ ਹੁਣ ਸਕੂਲ ਇਸ ਵਾਸਤੇ ਨਹੀਂ ਸੀ ਜਾਂਦਾ ਕਿ ਪੜ੍ਹਾਈ ਕਰੇ, ਸਗੋਂ ਇਸ ਵਾਸਤੇ ਜਾਂਦਾ ਸੀ ਕਿ ਆਪਣੀ ਮਨਪਸੰਦ ਦੀ ਖੇਡ ਖੇਡ ਸਕੇ। ਉਹ ਦਿਨੋ ਦਿਨ ਚੰਗਾ ਖੇਡਣ ਲੱਗ ਪਿਆ ਸੀ, ਪਰ ਦਿਨੋ ਦਿਨ ਪੜ੍ਹਾਈ ਵਿਚ ਨਿਕੰਮਾ ਹੁੰਦਾ ਜਾਂਦਾ ਸੀ।

ਉਸਤਾਨੀ ਨੇ ਕਈ ਵਾਰੀ ਉਹਨੂੰ ਸਮਝਾਇਆ ਸੀ। ਉਸ ਨੇ ਆਖਿਆ ਸੀ ਕਿ ਹਰ ਚੀਜ਼ ਦੀ ਕੋਈ ਹੱਦ ਹੁੰਦੀ ਹੈ। ਉਸ ਨੇ ਉਹਨੂੰ ਇਹ ਅਖਾਣ ਵੀ ਯਾਦ ਕਰਾਇਆ : "ਪੜ੍ਹਨ ਵੇਲੇ ਪੜ੍ਹੋ, ਖੇਡਣ ਵੇਲੇ ਖੇਡੋ।"

ਬਾਲ ਡੈਡੀ ਅੱਗੋਂ ਕੋਈ ਬਹਿਸ ਨਹੀਂ ਸੀ ਕਰਦਾ। ਬਹਿਸ ਦਾ ਕੀ ਫਾਇਦਾ ? ਉਹ ਉਸ ਨੂੰ ਕਿਵੇਂ ਸਮਝਾ ਸਕਦਾ ਸੀ ਕਿ ਬਾਲ ਡੈਡੀ ਵਾਸਤੇ ਟੇਬਲ ਟੈਨਿਸ ਉਸ ਦੀ ਜ਼ਿੰਦਗੀ ਦਾ ਕੰਮ ਹੈ, ਤੇ ਬਾਕੀ ਸਭ ਕੁਝ ਖੇਡ। ਉਹ ਆਪਣੇ ਸਾਰੇ ਸਾਥੀਆਂ ਨਾਲੋਂ ਬਹੁਤਾ ਖੇਡਦਾ ਸੀ। ਉਹ ਬਹੁਤ ਸਾਰਿਆਂ ਨੂੰ ਹਰਾ ਸਕਦਾ ਸੀ। ਇਕ ਦਿਨ ਉਸ ਨੇ ਸਕੂਲ ਦੇ ਤੀਜੇ ਨੰਬਰ ਦੇ ਖਿਡਾਰੀ ਕੋਲੋਂ ਬਾਜ਼ੀ ਜਿੱਤ ਲਈ ਸੀ ਤੇ ਉਸਤਾਨੀ ਨੇ ਉਸ ਨੂੰ ਆਖਿਆ ਸੀ :

"ਮੈਂ ਤੇਰੇ ਮਾਪਿਆਂ ਨਾਲ ਗੱਲ ਕਰਨਾ ਚਾਹੁੰਦੀ ਹਾਂ। ਹੁਣ ਹੋਰ ਇਸ ਤਰ੍ਹਾਂ ਨਹੀਂ ਚਲਦਾ ਰਹਿ ਸਕਦਾ।"

ਉਸ ਨੇ ਦਾਦੇ ਤੇ ਦਾਦੀ ਨੂੰ ਇਕ ਚਿੱਠੀ ਲਿਖੀ। ਦਾਦੇ ਤੇ ਦਾਦੀ ਨੂੰ ਇਹ ਚਿੱਠੀ ਕਦੇ ਨਹੀਂ ਮਿਲੀ। ਬਾਲ ਡੈਡੀ ਨੇ ਚਿੱਠੀਆਂ ਵਾਲੇ ਡੱਬੇ ਵਿਚੋਂ ਆਪ ਹੀ ਕੱਢ ਲਈ। ਇਸ ਨੂੰ ਪੜ੍ਹਿਆ ਤੇ ਪਾੜ ਸੁੱਟਿਆ। ਇਹ ਚਿੱਠੀ ਉਸ ਨੂੰ ਏਨੀ ਭੈੜੀ ਲੱਗੀ ਕਿ ਉਸ ਨੇ ਇਸ ਦੇ ਨਿੱਕੇ ਨਿੱਕੇ ਟੋਟੇ ਕਰ ਦਿੱਤੇ। ਉਸਤਾਨੀ ਨੇ ਦਾਦੇ ਤੇ ਦਾਦੀ ਨੂੰ ਇਕ ਹੋਰ ਚਿੱਠੀ ਲਿਖੀ। ਇਹ ਚਿੱਠੀ ਪਹਿਲੀ ਨਾਲੋਂ ਵੀ ਬਹੁਤੀ ਭੈੜੀ ਸੀ। ਇਸ ਲਈ ਬਾਲ ਡੈਡੀ ਨੇ ਇਸ ਦੇ ਹੋਰ ਵੀ ਨਿੱਕੇ ਨਿੱਕੇ ਟੋਟੇ ਕਰ ਸੁਟੇ। ਮੈਨੂੰ ਹੁਣ ਇਸ ਬਾਰੇ ਗੱਲ ਕਰਦਿਆਂ ਸ਼ਰਮ ਆਉਂਦੀ ਹੈ, ਪਰ ਹੋਇਆ ਇਸ ਤਰ੍ਹਾਂ ਹੀ ਸੀ।

ਉਸਤਾਨੀ ਬੜੀ ਹੈਰਾਨ ਸੀ ਕਿ ਦਾਦਾ ਤੇ ਦਾਦੀ ਉਹਨੂੰ ਮਿਲਣ ਵਾਸਤੇ ਕਿਉਂ ਨਹੀਂ ਸਨ ਆਏ। ਉਹ ਉਹਨਾਂ ਵੱਲ ਤੀਜੀ ਚਿੱਠੀ ਲਿਖਣ ਹੀ ਵਾਲੀ ਸੀ ਕਿ ਬਾਲ ਡੈਡੀ ਨੇ ਸਕੂਲ ਦੇ ਚੈਂਪੀਅਨ ਨੂੰ ਹਰਾ ਦਿੱਤਾ। ਇਸ ਤੋਂ ਬਾਦ ਉਹਨੇ ਸੋਚਿਆ ਕਿ ਉਹਦੇ ਵਾਸਤੇ ਹੁਣ

ਸਕੂਲ ਵਿਚ ਕਰਨ ਵਾਲਾ ਬਾਕੀ ਕੀ ਰਹਿ ਗਿਆ ਹੈ। ਤੇ ਉਸ ਨੇ ਸਕੂਲ ਆਉਣਾ ਹੀ ਛੱਡ ਦਿੱਤਾ। ਰੋਜ਼ ਸਵੇਰੇ ਉਹ ਇਸ ਤਰ੍ਹਾਂ ਦਾ ਵਿਖਾਲਾ ਕਰਦਾ ਜਿਵੇਂ ਸਕੂਲ ਚੱਲਿਆ ਹੋਵੇ। ਪਰ ਉਹਦੇ ਬਸਤੇ ਵਿਚ ਨਾ ਕੋਈ ਕਾਪੀ ਹੁੰਦੀ ਸੀ ਨਾ ਕਿਤਾਬ। ਇਹਨਾਂ ਦੀ ਥਾਂ, ਉਹਦੇ ਵਿਚੋਂ ਦੋ ਟੇਬਲ ਟੈਨਿਸ ਦੇ ਰੈਕਟ, ਇਕ ਜਾਲ ਤੇ ਤਿੰਨ ਗੇਂਦ ਹੁੰਦੇ। ਤੇ ਨਾਸ਼ਤਾ, ਜਿਸ ਨੂੰ ਬਾਲ ਡੈਡੀ ਰੋਟੀ ਵੇਲੇ ਖਾ ਲੈਂਦਾ ਸੀ। ਸਾਰਾ ਦਿਨ ਉਹ ਟੇਬਲ ਟੈਨਿਸ ਖੇਡਦਾ ਰਹਿੰਦਾ ਸੀ। ਬਾਲ ਡੈਡੀ ਦੇ ਕਈ ਨਵੇਂ ਦੋਸਤ ਬਣ ਗਏ ਸਨ ਜਿਹੜੇ ਸਭ ਟੇਬਲ ਟੈਨਿਸ ਦੇ ਦੀਵਾਨੇ ਸਨ। ਉਹ ਮਾਸਕੋ ਦੇ ਸਾਰੇ ਚੈਂਪੀਅਨਾਂ ਨੂੰ ਪਛਾਣਦਾ ਜਾਣਦਾ ਸੀ। ਮਸ਼ਹੂਰ ਫਾਲਕੇਵਿਚ ਭਰਾ ਉਹਦੇ ਨਾਲ ਬਰਾਬਰ ਦਿਆਂ ਵਾਂਗ ਦੁਆ-ਸਲਾਮ ਕਰਦੇ ਸਨ। ਹੁਣ ਓਹ ਜੂਨੀਅਰ ਟੀਮ ਦਾ ਮੈਂਬਰ ਵੀ ਬਣ ਗਿਆ ਸੀ। ਉਹ ਆਪਣੀ ਅਸਲ ਪਹਿਲੀ ਬਾਜ਼ੀ ਹਾਰ ਵੀ ਗਿਆ ਸੀ। ਉਹ... ਪਰ ਇੱਚਰ ਨੂੰ ਉਸ ਦੀ ਉਸਤਾਨੀ ਨੂੰ ਜਦੋਂ ਆਪਣੀਆਂ ਚਿੱਠੀਆਂ ਦਾ ਜਵਾਬ ਨਾ ਮਿਲਿਆ ਤੇ ਬਾਲ ਡੈਡੀ ਵੀ ਸਕੂਲੋਂ ਗ਼ਾਇਬ ਰਹਿਣ ਲੱਗ ਪਿਆ, ਤਾਂ ਉਹ ਉਹਨਾਂ ਦੇ ਘਰ ਗਈ। ਬਾਲ ਡੈਡੀ ਉਸ ਨੂੰ ਘਰ ਨਹੀਂ ਸੀ ਮਿਲਿਆ। ਪਰ ਦਾਦਾ ਤੇ ਦਾਦੀ ਘਰ ਹੀ ਸਨ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦਾ ਪੁਤਰ ਕਈ ਦਿਨਾਂ ਤੋਂ ਸਕੂਲ ਨਹੀਂ ਗਿਆ ਤੇ ਇਸ ਦੀ ਥਾਂ ਨਿੱਕੇ ਜਿਹੇ ਚਿੱਟੇ ਗੇਂਦ ਮਗਰ ਭੱਜਾ ਫਿਰਦਾ ਹੈ ਤਾਂ ਉਹ ਹੱਕੇ ਬੱਕੇ ਰਹਿ ਗਏ। ਉਹਨਾਂ ਨੇ ਸੋਚਿਆ ਕਿ ਬਾਲ ਡੈਡੀ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ। ਆਖ਼ਰ, ਉਹਨਾਂ ਨੇ ਤਾਂ ਕਦੇ ਟੇਬਲ ਟੈਨਿਸ ਖੇਡੀ ਨਹੀਂ ਸੀ। ਉਹਨਾਂ ਨੇ ਉਸ ਦੇ ਰੈਕਟ ਤੇ ਗੇਂਦ ਲੁਕਾ ਦਿੱਤੇ ਤੇ ਬਾਲ ਡੈਡੀ ਨੂੰ ਡਾਕਟਰ ਕੋਲ ਲੈ ਗਏ। ਕਿਸੇ ਆਮ ਮਾਮੂਲੀ ਡਾਕਟਰ ਕੋਲ ਨਹੀਂ, ਸਗੋਂ ਪ੍ਰੋਫੈਸਰ ਕੋਲ ਜਿਸ ਨੇ ਸਾਰੀ ਉਮਰ ਪਾਗਲਾਂ ਦਾ ਇਲਾਜ ਕਰਦਿਆਂ ਗੁਜ਼ਾਰੀ ਸੀ। ਇਸ ਪ੍ਰੋਫੈਸਰ ਨੇ ਵੀ ਕਦੇ ਟੇਬਲ ਟੈਨਿਸ ਨਹੀਂ ਸੀ ਖੇਡੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਬਾਲ ਡੈਡੀ ਨੇ ਇਸ ਖੇਡ ਦੀ ਖ਼ਾਤਰ ਸਕੂਲ ਜਾਣਾ ਕਿਉਂ ਬੰਦ ਕਰ ਦਿੱਤਾ। ਪਰ ਬਾਲ ਡੈਡੀ ਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਪ੍ਰੋਫੈਸਰ ਉਸ ਨੂੰ ਇਸ ਤਰ੍ਹਾਂ ਦੇ ਅਜੀਬ ਸਵਾਲ ਕਿਉਂ ਪੁੱਛ ਰਿਹਾ ਸੀ :

"ਤੈਨੂੰ ਸਕੂਲ ਵਿਚ ਮੁੰਡੇ ਮਾਰਦੇ ਨੇ ?"

"ਤੈਨੂੰ ਨੀਂਦ ਚੰਗੀ ਤਰ੍ਹਾਂ ਆ ਜਾਂਦੀ ਹੈ ?"

"ਸਵੇਰੇ ਵੇਲੇ ਸਿਰਪੀੜ ਤਾਂ ਨਹੀਂ ਹੁੰਦੀ ?"

"ਤਰਕਾਲਾਂ ਵੇਲੇ ਸਿਰਪੀੜ ਤਾਂ ਨਹੀਂ ਹੁੰਦੀ ?"

"ਰਾਤ ਨੂੰ ਹਨੇਰੇ ਵਿਚ ਡਰ ਤਾਂ ਨਹੀਂ ਆਉਂਦਾ?"

"ਕਦੇ ਤੂੰ ਬੇਹੋਸ਼ ਤਾਂ ਨਹੀਂ ਹੋਇਆ?"

ਬਾਲ ਡੈਡੀ ਵਲੋਂ ਇਹਨਾਂ ਸਭ ਸਵਾਲਾਂ ਦਾ ਜਵਾਬ ਸੀ: "ਨਹੀਂ।"

ਫੇਰ ਪ੍ਰੋਫ਼ੈਸਰ ਨੇ ਉਸ ਨੂੰ ਪੁੱਛਣਾ ਸ਼ੁਰੂ ਕਰ ਦਿੱਤਾ:

"ਤੈਨੂੰ ਆਪਣਾ ਸਕੂਲ ਪਸੰਦ ਹੈ?"

"ਤੇਰੀ ਉਸਤਾਨੀ ਚੰਗੀ ਹੈ?"

"ਸਕੂਲ ਵਿਚ ਤੇਰੀ ਕੋਈ ਦੋਸਤ ਹੈ?"

"ਮੁੰਡੇ?"

"ਕੁੜੀਆਂ?"

ਤੇ ਬਾਲ ਡੈਡੀ ਵਲੋਂ ਇਹਨਾਂ ਸਭ ਸਵਾਲਾਂ ਦਾ ਜਵਾਬ ਸੀ: "ਹਾਂ।"

ਫੇਰ ਪ੍ਰੋਫ਼ੈਸਰ ਨੇ ਪੁੱਛਿਆ:

"ਕੋਈ ਐਸੀ ਕੁੜੀ ਹੈ ਜਿਹੜੀ ਤੈਨੂੰ ਬਾਕੀਆਂ ਨਾਲੋਂ ਬਹੁਤੀ ਚੰਗੀ ਲੱਗਦੀ ਹੋਵੇ?"

ਬਾਲ ਡੈਡੀ ਨੂੰ ਗੁੱਸਾ ਆ ਗਿਆ ਤੇ ਉਹਨੇ ਆਖਿਆ:

"ਡਾਕਟਰ, ਤੁਹਾਨੂੰ ਇਹ ਸਭ ਗੱਲਾਂ ਪੁੱਛਣ ਦੀ ਕੀ ਲੋੜ ਹੈ? ਮੈਂ ਟੇਬਲ ਟੈਨਿਸ ਖੇਡਣ ਕਰਕੇ ਸਕੂਲ ਨਹੀਂ ਜਾਂਦਾ। ਤੁਹਾਡੇ ਸਾਰੇ ਸਵਾਲਾਂ ਦਾ ਕੋਈ ਮਤਲਬ ਨਹੀਂ।"

"ਠੀਕ ਹੈ," ਪ੍ਰੋਫ਼ੈਸਰ ਨੇ ਆਖਿਆ। "ਫੇਰ ਹੁਣ ਕੀ ਕਰਨ ਦਾ ਇਰਾਦਾ ਹੈ?"

"ਟੇਬਲ ਟੈਨਿਸ ਖੇਡਣ ਦਾ," ਡੈਡੀ ਨੇ ਬੇਝਿਜਕ ਹੋ ਕੇ ਜਵਾਬ ਦਿੱਤਾ।

"ਇਹਦਾ ਨਤੀਜਾ ਕੀ ਨਿਕਲੇਗਾ? ਤੂੰ ਕਦੇ ਇਹਦੇ ਬਾਰੇ ਸੋਚਿਆ ਹੈ?"

"ਸੋਚਿਆ ਹੈ," ਡੈਡੀ ਨੇ ਆਖਿਆ। "ਸਾਡੀ ਟੀਮ ਮਾਸਕੋ ਦਾ ਟੂਰਨਾਮੈਂਟ ਜਿੱਤ ਸਕਦੀ ਹੈ।"

"ਮੈਂ ਸੰਜੀਦਗੀ ਨਾਲ ਗੱਲ ਕਰਦਾ ਹਾਂ," ਪ੍ਰੋਫ਼ੈਸਰ ਕੜਕਿਆ।

"ਮੈਂ ਵੀ," ਡੈਡੀ ਬੋਲਿਆ।

ਇਹ ਸੁਣ ਕੇ ਪ੍ਰੋਫ਼ੈਸਰ ਨੇ ਮੋਢੇ ਛੰਡੇ। ਉਸ ਨੇ ਪਾਣੀ ਦੇ ਇਕ ਗਲਾਸ ਵਿਚ ਕੁਝ ਬੂੰਦਾਂ ਪਾਈਆਂ ਅਤੇ ਡੈਡੀ ਨੂੰ ਆਖਿਆ:

"ਪੀ ਲੈ ਇਹਨੂੰ।"

"ਮੇਰਾ ਨਹੀਂ ਜੀਅ ਕਰਦਾ," ਡੈਡੀ ਨੇ ਆਖਿਆ। "ਮੈਂ ਬੀਮਾਰ ਨਹੀਂ।"

"ਪਰ ਮੈਂ ਹਾਂ," ਪ੍ਰੋਫੈਸਰ ਨੇ ਆਖਿਆ ਤੇ ਦਵਾਈ ਆਪ ਪੀ ਲਈ। ਫੇਰ ਉਸ ਨੇ ਹੌਲੀ ਜਿਹੀ ਡੈਡੀ ਨੂੰ ਆਖਿਆ। "ਜੇ ਮੈਂ ਤੇਰੇ ਮਾਪਿਆਂ ਨੂੰ ਆਖਾਂ ਕਿ ਉਹ ਤੈਨੂੰ ਹੁਣ ਖੇਡ ਲੈਣ ਦਿਆ ਕਰਨ, ਤਾਂ ਵਾਅਦਾ ਕਰਦਾ ਏਂ ਕਿ ਤੂੰ ਪਤਝੜ ਤੋਂ ਸਕੂਲ ਜਾਣ ਲੱਗ ਪਵੇਂਗਾ?"

"ਹਾਂ," ਬਾਲ ਡੈਡੀ ਨੇ ਆਖਿਆ।

ਫੇਰ ਪ੍ਰੋਫੈਸਰ ਨੇ ਦਾਦੇ ਤੇ ਦਾਦੀ ਨੂੰ ਬੁਲਾਇਆ। ਉਸ ਨੇ ਉਹਨਾਂ ਨੂੰ ਆਖਿਆ:

"ਮੁੰਡਾ ਤੰਦਰੁਸਤ ਹੈ। ਖੇਡਣ ਦਿਆ ਕਰੋ। ਇਕ ਸਾਲ ਤਾਂ ਹਰ ਹਾਲਤ ਵਿਚ ਗੁਆ ਹੀ ਲਿਆ।" ਤੇ ਉਸ ਨੇ ਥੋੜੀ ਜਿਹੀ ਦਵਾਈ ਹੋਰ ਪੀ ਲਈ।

ਤੇ ਬਾਲ ਡੈਡੀ ਦੇ ਮਾਪੇ ਉਸ ਨੂੰ ਘਰ ਲੈ ਆਏ।

ਬਾਲ ਡੈਡੀ ਦੀ ਟੀਮ ਟੂਰਨਾਮੈਂਟ ਵਿਚ ਪਹਿਲੀ ਥਾਂ ਨਾ ਆ ਸਕੀ ਪਰ ਉਹ ਦੂਜੇ ਨੰਬਰ ਉਤੇ ਆ ਗਈ। ਅਤੇ ਬਾਲ ਡੈਡੀ ਹਾਲੇ ਵੀ ਨਹੀਂ ਸੀ ਮੰਨਦਾ ਕਿ ਉਸ ਦਾ ਸਾਲ ਜ਼ਾਇਆ ਹੋ ਗਿਆ ਹੈ। ਉਸ ਨੂੰ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਆ ਗਈ ਕਿ ਦੁਨੀਆ ਵਿਚ ਟੇਬਲ ਟੈਨਿਸ ਹੀ ਸਭ ਕੁਝ ਨਹੀਂ। ਪਰ ਤੱਦ ਵੀ ਉਹ ਸਕੂਲੋਂ ਘੁਸਾਈ ਮਾਰਨ ਲੱਗ ਪਿਆ ਸੀ। ਉਸ ਨੇ ਪਤਝੜ ਵਿਚ ਖੁਸ਼ੀ ਖੁਸ਼ੀ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਤੇ ਅਖੀਰ ਸਕੂਲ ਦੀ ਪੜ੍ਹਾਈ ਮੁਕਾ ਲਈ। ਕਈ ਵਰ੍ਹੇ ਬੀਤ ਗਏ। ਉਸ ਦਾ ਪੁਰਾਣਾ ਰੈਕਟ ਅਜੇ ਵੀ ਅਲਮਾਰੀ ਉਤੇ ਪਿਆ ਸੀ। ਦਾਦਾ ਤੇ ਦਾਦੀ ਦੀ ਨਜ਼ਰ ਜਦੋਂ ਇਸ ਉਤੇ ਪੈਂਦੀ ਤਾਂ ਉਹਨਾਂ ਨੂੰ ਝੁਣਝੁਣੀ ਆ ਜਾਂਦੀ। ਪਰ ਬਾਲ ਡੈਡੀ ਬੜੇ ਚਾਅ ਨਾਲ ਰੈਕਟ ਵੱਲ ਵੇਖਦਾ। ਟੇਬਲ ਟੈਨਿਸ ਦੀ ਖਾਤਰ ਸਕੂਲ ਜਾਣਾ ਛੱਡ ਦੇਣਾ ਸਚਮੁਚ ਹੀ ਮੂਰਖਾਂ ਵਾਲੀ ਗੱਲ ਸੀ। ਹਰ ਕੋਈ ਜਦੋਂ ਇਹ ਕਹਾਣੀ ਸੁਣਦਾ ਹੈ ਤਾਂ ਹੱਸ ਪੈਂਦਾ ਹੈ। ਹੁਣ ਡੈਡੀ ਆਪ ਵੀ ਹੱਸ ਪੈਂਦਾ ਹੈ। ਪਰ ਤਾਂ ਵੀ ਟੇਬਲ ਟੈਨਿਸ ਬਹੁਤ ਵਧੀਆ ਖੇਡ ਹੈ। ਮੈਂ ਇਸ ਬਾਰੇ ਫੇਰ ਕਦੇ ਲਿਖਾਂਗਾ।

ਜਦੋਂ ਡੈਡੀ ਨੇ ਵੇਖਿਆ ਕਿ ਉਸ ਦੀ ਧੀ ਟੇਬਲ ਟੈਨਿਸ ਖੇਡਣ ਲੱਗ ਪਈ ਹੈ ਤਾਂ ਉਹ ਬੜਾ ਸਹਿਮ ਗਿਆ ਸੀ। ਪਰ ਉਸ ਨੂੰ ਇਹ ਵੇਖ ਕੇ ਬੜੀ ਖੁਸ਼ੀ ਹੋਈ ਕਿ ਉਹਦੀ ਧੀ ਨੇ ਟੇਬਲ ਟੈਨਿਸ ਦੀ ਖਾਤਰ ਸਕੂਲ ਜਾਣਾ ਬੰਦ ਨਹੀਂ ਸੀ ਕੀਤਾ। ਤੇ ਤਾਂ ਵੀ ਉਹ ਆਪਣੇ ਸਕੂਲ ਦੀ ਚੈਂਪੀਅਨ ਬਣ ਗਈ ਸੀ।

ਅਖੀਰ ਇਸ ਤਰ੍ਹਾਂ ਉਸ ਨੂੰ ਦਾਦੇ ਤੇ ਦਾਦੀ ਦੀਆਂ ਭਾਵਨਾਵਾਂ ਦੀ ਸਮਝ ਆਈ। ਤੇ ਉਸ ਨੇ ਆਪਣਾ ਰੈਕਟ ਅਲਮਾਰੀ ਦੇ ਪਿੱਛੇ ਕਿਸੇ ਨੁਕਰ ਵਿਚ ਲੁਕਾ ਦਿੱਤਾ।

ਪਰ ਕਦੇ ਕਦੇ ਉਹ ਇਸ ਨੂੰ ਕੱਢ ਕੇ ਵੇਖ ਲੈਂਦਾ ਹੈ ਤੇ ਇਸ ਦੀ ਕਹਾਣੀ ਯਾਦ ਕਰ ਲੈਂਦਾ ਹੈ।

ਡੈਡੀ ਨੇ ਸਟੂਲ ਕਿਵੇਂ ਬਣਾਇਆ

ਜਦੋਂ ਡੈਡੀ ਛੋਟਾ ਹੁੰਦਾ ਸੀ ਤੇ ਸਕੂਲ ਪੜ੍ਹਦਾ ਸੀ, ਉਸ ਨੇ ਆਪਣੇ ਹੱਥੀਂ ਸਟੂਲ ਬਣਾਇਆ ਸੀ। ਉਸ ਨੂੰ ਸਾਰੀ ਉਮਰ ਉਸ ਸਟੂਲ ਦਾ ਚੇਤਾ ਨਹੀਂ ਭੁਲਿਆ। ਸਚਮੁੱਚ ਹੀ, ਉਸ ਸਟੂਲ ਵਰਗਾ ਸਾਰੀ ਦੁਨੀਆ ਵਿਚ ਕੋਈ ਹੋਰ ਸਟੂਲ ਨਹੀਂ ਸੀ। ਤਰਖਾਣੇ ਕੰਮ ਦੇ ਉਸਤਾਦ ਜ਼ਾਖ਼ਾਰ ਪੇਤਰੋਵਿਚ ਦਾ ਵੀ ਏਹੋ ਖਿਆਲ ਸੀ।

ਡੈਡੀ ਦੇ ਸਕੂਲ ਵਿਚ ਤਰਖਾਣੇ ਕੰਮ ਦੀ ਇਕ ਵਰਕਸ਼ਾਪ ਸੀ। ਜ਼ਾਖ਼ਾਰ ਪੇਤਰੋਵਿਚ ਮੁੰਡਿਆਂ ਨੂੰ ਇਹ ਸਿਖਾਉਂਦਾ ਸੀ ਕਿ ਆਰੀ ਕਿਵੇਂ ਚਲਾਉਣੀ ਹੈ। ਹਥੌੜੇ ਨਾਲ ਸੱਟ ਕਿਵੇਂ

ਮਾਰਨੀ ਹੈ, ਰੰਦਾ ਕਿਵੇਂ ਫੇਰਨਾ ਹੈ ਤੇ ਸਰੇਸ਼ ਕਿਵੇਂ ਲਾਉਣੀ ਹੈ, ਕਿਸੇ ਚੀਜ਼ ਨੂੰ ਉਖੇੜਨਾ ਕਿਵੇਂ ਹੈ ਤੇ ਮੁੜ ਕਿਵੇਂ ਜੋੜਨਾ ਹੈ, ਤੇ ਓਨਾ ਚਿਰ ਉਖੇੜਦੇ ਜੋੜਦੇ ਰਹਿਣਾ ਹੈ ਜਿੰਨਾ ਚਿਰ ਉਹ ਠੀਕ ਨਹੀਂ ਜੁੜ ਜਾਂਦੀ। ਉਹ ਮਧਰੇ ਕੱਦ ਤੇ ਅਧਖੜ ਉਮਰ ਦਾ ਬੰਦਾ ਸੀ ਜਿਸ ਨੇ ਸਟੀਲ ਦੇ ਫਰੇਮ ਵਾਲੀਆਂ ਐਨਕਾਂ ਲਾਈਆਂ ਹੁੰਦੀਆਂ ਸਨ। ਉਹਨੂੰ ਇਹ ਗੱਲ ਆਖਣ ਦਾ ਬੜਾ ਸ਼ੌਕ ਸੀ : "ਮਿਸਤਰੀ ਦਾ ਕੰਮ ਹੈ ਤੋੜ ਭੰਨ।" ਉਸ ਦਾ ਮਨਭਾਉਂਦਾ ਅਖਾਣ ਸੀ : "ਸ੍ਰੀਗਣੇਸ਼ ਚੁੱਕਿਆ, ਅੱਧਾ ਕੰਮ ਮੁਕਿਆ।"

ਜ਼ਾਖ਼ਾਰ ਪੇਤਰੋਵਿਚ ਨੇ ਪਹਿਲਾ ਸਬਕ ਇਸ ਤਰ੍ਹਾਂ ਪੜ੍ਹਾਉਣਾ ਸ਼ੁਰੂ ਕੀਤਾ ਸੀ : "ਆਹ ਕੀ ਏ?" "ਹਥੌੜਾ।" ਸਾਰਿਆਂ ਨੇ ਸ਼ੋਰ ਮਚਾਇਆ। "ਠੀਕ! ਤੇ ਆਹ?" "ਕਿੱਲ।" "ਬਿਲਕੁਲ ਠੀਕ। ਤੇ ਆਹ ਕੀ ਹੋਇਆ?" "ਫੱਟਾ।" "ਸ਼ਾਬਾਸ਼। ਗੱਲ ਇਹ ਹੈ ਕਿ ਇਸ ਕਿੱਲ ਨੂੰ ਹਥੌੜੇ ਦੀ ਇਕੋ ਸੱਟ ਨਾਲ ਫੱਟੇ ਵਿਚ ਠੋਕਣਾ ਏ। ਕੌਣ ਕਰੂ ਇਹ ਕੰਮ?" "ਮੈਂ?" "ਮੈਂ ਕਰ ਸਕਦਾ ਹਾਂ।" "ਮੈਨੂੰ ਕਰਨ ਦਿਓ!"

ਇਹ ਕੰਮ ਕਰਨ ਵਾਲੇ ਬਹੁਤ ਸਾਰੇ ਸਨ। ਪਰ ਤਕੜੇ ਤੋਂ ਤਕੜੇ ਮੁੰਡੇ ਵੀ ਇਕੋ ਸੱਟ ਨਾਲ ਕਿੱਲ ਨਾ ਠੋਕ ਸਕੇ। ਫੇਰ ਜ਼ਾਖ਼ਾਰ ਪੇਤਰੋਵਿਚ ਨੇ ਦੂਸਰਾ ਕਿੱਲ ਫੜਿਆ, ਫੱਟੇ ਉਤੇ ਟਿਕਾਇਆ ਤੇ ਹਥੌੜੇ ਦੀ ਸੱਟ ਮਾਰੀ। ਸੱਟ ਉਹਨੇ ਬਹੁਤ ਜ਼ੋਰ ਨਾਲ ਨਹੀਂ ਸੀ ਮਾਰੀ। ਸਾਰਿਆਂ ਦਾ ਮੂੰਹ ਟੱਡਿਆ ਗਿਆ : ਕਿੱਲ ਇਕੋ ਸੱਟ ਨਾਲ ਹੀ ਫੱਟੇ ਵਿਚ ਠੁਕ ਗਿਆ ਸੀ।

"ਵੱਡੀ ਗੱਲ ਇਹ ਹੈ—ਅੱਖ ਦਾ ਅੰਦਾਜ਼ਾ ਤੇ ਠੀਕ ਥਾਂ ਉਤੇ ਸੱਟ," ਜ਼ਾਖ਼ਾਰ ਪੇਤਰੋਵਿਚ ਨੇ ਆਖਿਆ। "ਆਈ ਸਮਝ?"

"ਹੱਸਣ ਵਾਲੀ ਕੋਈ ਗੱਲ ਨਹੀਂ," ਜ਼ਾਖ਼ਾਰ ਪੇਤਰੋਵਿਚ ਨੇ ਕਿਹਾ। "ਤੁਹਾਡਾ ਕੀ ਖ਼ਿਆਲ ਏ ਕਿ ਮੈਥੋਂ ਹਮੇਸ਼ਾ ਸੱਟ ਕਿੱਲ ਉਤੇ ਹੀ ਪੈਂਦੀ ਏ? ਬਿਲਕੁਲ ਨਹੀਂ। ਕਈ ਵਾਰੀ ਹਥੌੜਾ ਮੇਰੀ ਉਂਗਲ ਨੂੰ ਵੱਜ ਜਾਂਦਾ ਏ ਤੇ ਗਿੱਚੀ ਉਤੇ ਵਾਧੂ ਦੀ ਠੁਕ ਜਾਂਦੀ। ਮੇਰਾ ਉਸਤਾਦ ਮੈਨੂੰ ਦੱਸਿਆ ਕਰਦਾ ਸੀ ਕਿ ਉਸ ਨੇ ਕਿੱਲ ਠੋਕ ਲਿਆ ਤੇ ਮੈਂ ਨਹੀਂ ਠੋਕ ਸਕਿਆ। ਉਸ ਨੇ ਸਾਨੂੰ ਇਸ ਤਰ੍ਹਾਂ ਹੀ ਸਿਖਾਇਆ ਸੀ ਕੰਮ।"

ਹਰ ਇਕ ਨੂੰ ਬਾਲ ਜ਼ਾਖ਼ਾਰ ਪੇਤਰੋਵਿਚ ਉਤੇ ਤਰਸ ਆ ਗਿਆ। ਪਰ ਫੇਰ ਉਹ ਹੱਸ ਪਿਆ ਤੇ ਕਹਿਣ ਲੱਗਾ :

"ਫਿਕਰ ਨਾ ਕਰੋ। ਮੈਂ ਨਹੀਂ ਕਿਸੇ ਨੂੰ ਮਾਰਦਾ। ਤੁਸੀਂ ਸਾਰੇ ਮਾਲਕ ਹੋ। ਸਭ ਕੁਝ ਤੁਹਾਡੇ ਵਾਸਤੇ ਹੈ। ਅਸੀਂ ਸਿਖਲਾਈ ਦਾ ਕੰਮ ਇਕ ਛੋਟਾ ਜਿਹਾ ਸਟੂਲ ਬਣਾਉਣ ਤੋਂ ਸ਼ੁਰੂ ਕਰਾਂਗੇ।"

ਛੋਟਾ ਜਿਹਾ ਸਟੂਲ! ਇਸ ਤੋਂ ਸੌਖਾ ਹਰ ਕੀ ਹੋ ਸਕਦਾ ਹੈ? ਪਰ ਇਕ ਸਟੂਲ ਬਣਾ ਕੇ ਤਾਂ ਵੇਖੋ। ਤੇ ਇਹ ਮਾਪ ਉਤੇ ਵੀ ਪੂਰਾ ਉਤਰੇ। ਉਫ, ਕਿੱਨਾ ਲਕੜ ਚੀਰਨ ਦਾ ਕੰਮ ਤੇ ਕਿੰਨਾ ਰੰਦਾਈ ਦਾ ਕੰਮ ਕਰਨਾ ਪੈਂਦਾ ਹੈ। ਸਰੇਸ਼ ਲਾਉਣੀ ਪੈਂਦੀ ਹੈ। ਤੇ ਕਿੰਨੀ ਵਾਰੀ ਕੀਤੇ ਕੰਮ ਨੂੰ ਉਖੇੜਨਾ ਤੇ ਫੇਰ ਨਵੇਂ ਸਿਰੇ ਸ਼ੁਰੂ ਕਰਨਾ ਪੈਂਦਾ ਹੈ! ਉਫ, ਕਿੱਨਾ ਕੰਮ ਹੁੰਦਾ ਹੈ, ਕਿੰਨੀ ਤਾਕਤ ਚਾਹੀਦੀ ਹੈ, ਕਿੱਨੀ ਕਾਰੀਗਰੀ ਤੇ ਕਿੱਨੇ ਸਬਰ ਦੀ ਲੋੜ ਹੈ!

ਪਹਿਲਾ ਸਟੂਲ ਮੀਸ਼ਾ ਗੋਰਬੂਨੋਵ ਨੇ ਬਣਾਇਆ।

"ਬਹਿ ਕੇ ਵੇਖੋ," ਉਸ ਨੇ ਮਾਣ ਨਾਲ ਆਖਿਆ।

"ਤੂੰ ਆਪ ਬਹਿ ਕੇ ਵੇਖ!" ਜ਼ਾਖ਼ਾਰ ਪੇਤਰੋਵਿਚ ਨੇ ਜਵਾਬ ਦਿੱਤਾ।

ਮੀਸ਼ਾ ਗੋਰਬੂਨੋਵ ਦੇ ਚਿਹਰੇ ਉਤੇ ਬੜੀ ਆਕੜ ਸੀ ਤੇ ਉਹ ਬੜੇ ਧਿਆਨ ਨਾਲ ਆਪਣੇ ਸਟੂਲ ਉਤੇ ਬਹਿ ਗਿਆ। ਸਟੂਲ ਨੇ ਚਰ ਚਰ ਕੀਤਾ ਤੇ ਟੋਟੇ ਹੋ ਗਿਆ। ਮੀਸ਼ਾ ਫਰਸ਼ ਉਤੇ ਬੈਠਾ ਸੀ ਤੇ ਸਾਰੇ ਹੱਸ ਰਹੇ ਸਨ।

"ਕੰਮ ਛੇਤੀ ਕੀਤਾ ਪਰ ਖ਼ਰਾਬ!" ਜ਼ਾਖ਼ਾਰ ਪੇਤਰੋਵਿਚ ਨੇ ਆਖਿਆ। "ਫੇਰ ਸ਼ੁਰੂ ਕਰ ਮੁਢੋਂ ਸੁਢੋਂ। ਕਾਹਲੀ ਨਾ ਕਰੀਂ, ਵਰਨਾ ਫੇਰ ਸਾਰੇ ਹੱਸਣਗੇ।"

ਕੋਈ ਵੀ ਪਹਿਲੀ ਵਾਰੀ ਚੰਗਾ ਸਟੂਲ ਨਹੀਂ ਸੀ ਬਣਾ ਸਕਿਆ। ਸਾਰਿਆਂ ਨੂੰ ਮੁੜ ਮੁੜ ਬਣਾਉਣਾ ਪਿਆ ਸੀ।

"ਕੋਈ ਗੱਲ ਨਹੀਂ, ਬੱਚਿਓ," ਜ਼ਾਖ਼ਾਰ ਪੇਤਰੋਵਿਚ ਨੇ ਉਹਨਾਂ ਨੂੰ ਦਿਲਾਸਾ ਦਿੱਤਾ। "ਮਾਸਕੋ ਇਕੋ ਦਿਨ ਵਿਚ ਨਹੀਂ ਸੀ ਉਸਰ ਗਿਆ। ਤੁਸੀਂ ਕੀ ਸੋਚਦੇ ਸੀ? ਹਰ ਕੋਈ ਆਰੀ ਹਥੌੜਾ ਚਲਾ ਸਕਦਾ ਏ? ਹੈ ਤਾਂ ਠੀਕ। ਪਰ ਚੰਗਾ ਕੰਮ ਕਰਨ ਵਾਸਤੇ ਮੁੜ੍ਹਕਾ ਡੋਲ੍ਹਣਾ ਪੈਂਦਾ ਏ..."

ਬੱਚਿਆਂ ਨੇ ਆਪਣੀ ਪੂਰੀ ਵਾਹ ਲਾਈ ਸੀ। ਆਖਰ ਇਹ ਵੀ ਤਾਂ ਇਕ ਸਬਕ ਵਾਂਗ ਹੀ ਸੀ। ਹਰ ਕੋਈ ਪਹਿਲਾਂ ਸਵਾਲ ਕੱਢਣ ਦੀ ਕੋਸ਼ਿਸ਼ ਵਿਚ ਸੀ। ਬਹੁਤ ਦਿਲਚਸਪ ਲੱਗ

ਰਿਹਾ ਸੀ। ਆਖਰ ਤੁਸੀਂ ਸਵਾਲ ਉਤੇ ਬੈਠ ਤਾਂ ਨਹੀਂ ਸਕਦੇ। ਸਵਾਲ ਹੱਲ ਕਰ ਲਿਆ, ਗੱਲ ਖ਼ਤਮ। ਪਰ ਇਥੇ ਹਰ ਕੋਈ ਆਪਣੇ ਬਣਾਏ ਸਟੂਲ ਉਤੇ ਬਹਿ ਸਕਦਾ ਸੀ। ਦੂਜਿਆਂ ਨੂੰ ਵੀ ਬਹਿਣ ਲਈ ਆਖਿਆ ਜਾ ਸਕਦਾ ਸੀ।

ਵਾਰਿਆ ਗਲਾਜ਼ੂਨੋਵਾ ਨੇ ਸਭ ਤੋਂ ਪਹਿਲਾਂ ਸਚਮੁਚ ਹੀ ਚੰਗਾ ਸਟੂਲ ਬਣਾਇਆ। ਕੁੜੀ ਨੇ! ਇਹ ਠੀਕ ਹੈ ਕਿ ਉਹਦਾ ਪਿਓ ਤਰਖਾਣ ਸੀ। ਉਸ ਨੇ ਉਹਨੂੰ ਸਿਖਾਇਆ ਹੋਇਆ ਸੀ ਕਿ ਰੰਦਾ ਕਿਵੇਂ ਫੇਰਨਾ ਹੈ, ਆਰੀ ਕਿਵੇਂ ਚਲਾਉਣੀ ਹੈ। ਜ਼ਾਖ਼ਾਰ ਪੇਤਰੋਵਿਚ ਨੇ ਵਾਰਿਆ ਦੀ ਬੜੀ ਤਾਰੀਫ ਕੀਤੀ ਸੀ।

"ਬਹੁਤ ਵਧੀਆ ਕੰਮ ਏ! ਸਭ ਮੁੰਡਿਆਂ ਨੂੰ ਸ਼ਰਮਿੰਦਾ ਕਰ ਦਿੱਤਾ ਤੂੰ।"

ਮੁੰਡਿਆਂ ਨੂੰ ਬਹੁਤ ਸ਼ਰਮ ਆਈ ਸੀ ਤੇ ਉਹ ਉਸ ਨੂੰ ਛੇੜਨ ਲੱਗ ਪਏ। "ਗਲਾਜ਼ੂਆਣੀ—ਇਕ ਤਰਖਾਣੀ।"

ਪਰ ਉਹ ਚਿੜੀ ਨਹੀਂ ਸੀ। ਬਸ ਏਨਾ ਹੀ ਕਹਿੰਦੀ ਰਹੀ:

"ਤੁਹਾਡਾ ਸਟੂਲ ਕਿਥੇ ਹੈ?"

ਮੁੰਡਿਆਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ।

ਦੂਜਾ ਸਟੂਲ ਬਣਾਉਣ ਵਾਲਾ ਸੀ ਮੀਸ਼ਾ ਗੋਰਬੂਨੋਵ। ਹੁਣ ਮੁੰਡੇ ਠੰਡੇ ਹੋ ਗਏ ਸਨ। ਇਸ ਤੋਂ ਬਾਦ ਹਰ ਕਿਸੇ ਨੇ ਆਪਣਾ ਤਿਆਰ ਸਟੂਲ ਫੜਾਉਣਾ ਸ਼ੁਰੂ ਕਰ ਦਿੱਤਾ। ਜ਼ਾਖ਼ਾਰ ਪੇਤਰੋਵਿਚ ਆਖ ਦੇਂਦਾ:

"ਕੁਝ ਕੁਝ ਅਸਲੀ ਸਟੂਲ ਵਰਗਾ ਏ।"

ਅਖੀਰ ਬਾਲ ਡੈਡੀ ਨੇ ਆਪਣਾ ਸਟੂਲ ਤਿਆਰ ਕਰ ਲਿਆ। ਉਸ ਦੇ ਹੱਥਾਂ ਨੂੰ ਝਰੀਟਾਂ ਪਈਆਂ ਹੋਈਆਂ ਸਨ, ਛਿਲਤਰਾਂ ਚੁਭੀਆਂ ਹੋਈਆਂ ਸਨ, ਮੂੰਹ ਤੇ ਹੱਥ ਸਰੇਸ਼ ਨਾਲ ਲਿਬੜੇ ਹੋਏ ਸਨ। ਪਰ ਉਸ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ। ਉਸ ਦਾ ਪਹਿਲਾ ਸਟੂਲ ਬਣ ਗਿਆ ਸੀ। ਉਸ ਨੂੰ ਆਪਣੇ ਜਨਮ ਦਿਨ ਉਤੇ ਕਦੇ ਏਨਾ ਚਾਅ ਨਹੀਂ ਸੀ ਚੜ੍ਹਿਆ ਜਿੰਨਾ ਇਸ ਸਟੂਲ ਦੇ ਜਨਮ ਦਿਨ ਉਤੇ ਚੜ੍ਹਿਆ ਹੋਇਆ ਸੀ। ਬੇਸ਼ਕ, ਜ਼ਾਖ਼ਾਰ ਪੇਤਰੋਵਿਚ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਸੀ।

"ਚਲ, ਬੈਠ ਏਹਦੇ 'ਤੇ," ਉਸ ਨੇ ਜਾਦੂ ਭਰੇ ਬੋਲ ਆਖੇ।

ਬਾਲ ਡੈਡੀ ਸਾਵਧਾਨ ਹੋ ਕੇ ਸਟੂਲ ਉਤੇ ਬਹਿ ਗਿਆ। ਸਟੂਲ ਨੇ ਚੀਂ ਚੀਂ ਤੱਕ ਨਹੀਂ ਸੀ ਕੀਤਾ। ਪਰ ਫੇਰ ਜ਼ਾਖ਼ਾਰ ਪੇਤਰੋਵਿਚ ਨੇ ਉਸ ਨੂੰ ਬੜੇ ਗਹੁ ਨਾਲ ਵੇਖਿਆ।

"ਲੱਤਾਂ ਗਿਣ," ਉਸ ਨੇ ਹੌਲੀ ਜਿਹੀ ਆਖਿਆ। ਬਾਲ ਡੈਡੀ ਬੜਾ ਹੈਰਾਨ ਸੀ। ਉਸ ਨੇ ਆਪਣੇ ਪੈਰਾਂ ਵੱਲ ਵੇਖਿਆ। ਪਹਿਲਾਂ ਵਾਂਗ ਹੀ ਪੈਰ ਸਨ। ਪਰ ਫੇਰ ਮੁੰਡੇ ਕੁੜੀਆਂ ਹਿੜ ਹਿੜ ਕਰਨ ਲੱਗ ਪਏ। ਜ਼ਾਖ਼ਾਰ ਪੇਤਰੋਵਿਚ ਆਪ ਵੀ ਹੱਸ ਪਿਆ।

ਅੱਜ ਤੱਕ ਬਾਲ ਡੈਡੀ ਇਹ ਨਹੀਂ ਸਮਝ ਸਕਿਆ ਕਿ ਉਸ ਨੇ ਪੰਜਾਂ ਲੱਤਾਂ ਵਾਲਾ ਸਟੂਲ ਕਿਵੇਂ ਬਣਾ ਲਿਆ। ਪਰ ਇਹ ਉਹਦੇ ਸਾਮ੍ਹਣੇ ਪਿਆ ਸੀ। ਅਜੇ ਵੀ ਸਾਡੇ ਕੋਲ ਹੈ। ਅਜੇ ਵੀ ਇਸ ਦੀਆਂ ਪੰਜ ਲੱਤਾਂ ਹਨ। ਚਾਰ ਨਹੀਂ, ਪੰਜ। ਤੇ ਜ਼ਾਖ਼ਾਰ ਪੇਤਰੋਵਿਚ ਦੀ ਆਵਾਜ਼ ਅਜੇ ਵੀ ਉਹਦੇ ਕੰਨੀਂ ਪੈਂਦੀ ਹੈ: "ਜਿਹੋ ਜਿਹੀਆਂ ਤਿੰਨ ਲੱਤਾਂ ਓਹੋ ਜਿਹੀਆਂ ਪੰਜ। ਫੇਰ ਬਣਾਉਣਾ ਸ਼ੁਰੂ ਕਰ।" ਤੇ ਡੈਡੀ ਸਮਝਦਾ ਹੈ ਕਿ ਹਰ ਕੰਮ ਕਰਨ ਲੱਗਿਆਂ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ।

ਸਤਿਕਾਰਯੋਗ ਪਾਠਕ !

ਸਾਡੇ ਇਸ ਪ੍ਰਕਾਸ਼ਨ ਬਾਰੇ ਤੁਸੀਂ ਜਿਹੜੇ
ਸੁਝਾਅ ਅਤੇ ਰਾਵਾਂ ਭੇਜਣਾ ਮੁਨਾਸਿਬ ਸਮਝੋਗੇ,
ਉਹਨਾਂ ਲਈ ਅਸੀਂ ਸ਼ੁਕਰਗੁਜ਼ਾਰ ਹੋਵਾਂਗੇ।
ਸਾਨੂੰ ਆਸ ਹੈ ਕਿ ਤੁਹਾਡੀ ਭਾਸ਼ਾ ਵਿਚ
ਪ੍ਰਕਾਸ਼ਤ ਹੋਇਆ ਰੂਸੀ ਅਤੇ ਸੋਵੀਅਤ ਸਾਹਿਤ
ਤੁਹਾਨੂੰ ਸਾਡੇ ਲੋਕਾਂ ਦੇ ਸਭਿਆਚਾਰ
ਅਤੇ ਜੀਵਨ ਢੰਗ ਬਾਰੇ ਹੋਰ ਡੂੰਘੀ ਜਾਣਕਾਰੀ
ਪ੍ਰਾਪਤ ਕਰਨ ਵਿਚ ਮਦਦ ਕਰੇਗਾ।

ਸਾਡਾ ਪਤਾ ਹੈ :
ਰਾਦੂਗਾ ਪ੍ਰਕਾਸ਼ਨ
17, ਜ਼ੂਬੋਵਸਕੀ ਬੂਲੇਵਾਰ
ਮਾਸਕੋ, 119 859, ਸੋਵੀਅਤ ਯੂਨੀਅਨ

31

ISBN 5-05-001361-5